5-MAY-PAGE-1.qxd 5/4/2023 10:11 PM Page 1

ਸ਼ੁੱਕਰਵਾਰ, 5 ਮਈ, 2023
22 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 334

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • FRIDAY, 5 MAY, 2023 ਜਲੰਧਰ

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਜ਼ਲਾਲਤ ਤੋਂ ਬਾਅਦ ਭਲਵਾਨਾਂ ਵੱਲੋਂ ਤਮਗੇ ਮੋੜਨ ਦੀ ਪੇਸ਼ਕਸ਼




**ਨਵੀਂ ਦਿੱਲੀ** : ਦਿੱਲੀ ਪੁਲਸ ਵੱਲੋਂ ਕੀਤੀ ਬਦਸਲੂਕੀ ਤੋਂ ਦੁਖੀ ਭਲਵਾਨ ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ ਨੇ ਸਰਕਾਰ ਨੂੰ ਆਪਣੇ ਤਮਗੇ ਅਤੇ ਪੁਰਸਕਾਰ ਵਾਪਸ ਕਰਨ ਦੀ ਪੇਸ਼ਕਸ਼ ਕਰਦੇ ਹੋਏ ਵੀਰਵਾਰ ਕਿਹਾ ਕਿ ਉਨ੍ਹਾਂ ਨੂੰ ਜਿਸ ਤਰ੍ਹਾਂ ਬੇਇੱਜ਼ਤ ਕੀਤਾ ਜਾ ਰਿਹਾ ਹੈ, ਉਸ ਨਾਲ ਇਨ੍ਹਾਂ ਪੁਰਸਕਾਰਾਂ ਤੇ ਤਮਗਿਆਂ ਦੀ ਕੋਈ ਤੁੱਕ ਨਹੀਂ ਰਹਿ ਜਾਂਦੀ। ਉਲੰਪਿਕ ਕਾਂਸੀ ਤਮਗਾ ਜੇਤੂ ਬਜਰੰਗ ਨੇ ਸਵੇਰੇ ਪੱਤਰਕਾਰਾਂ ਨੂੰ ਕਿਹਾ— ਜੇ ਭਲਵਾਨਾਂ ਨਾਲ ਅਜਿਹਾ ਵਿਵਹਾਰ ਕੀਤਾ ਜਾਂਦਾ ਹੈ ਤਾਂ ਅਸੀਂ ਇਨ੍ਹਾਂ ਮੈਡਲਾਂ ਦਾ ਕੀ ਕਰਾਂਗੇ। ਇਸ ਦੀ ਬਜਾਏ ਅਸੀਂ ਭਾਰਤ ਸਰਕਾਰ ਨੂੰ ਆਪਣੇ ਸਾਰੇ ਮੈਡਲ ਅਤੇ ਪੁਰਸਕਾਰ ਵਾਪਸ ਕਰ ਦੇਵਾਂਗੇ ਅਤੇ ਆਮ ਜ਼ਿੰਦਗੀ ਜੀਵਾਂਗੇ। ਅਸੀਂ ਪਦਮਸ੍ਰੀ ਪੁਰਸਕਾਰ ਜੇਤੂ ਹਾਂ ਅਤੇ ਸਿਰਫ ਮੈਂ ਹੀ ਨਹੀਂ, ਸਾਕਸ਼ੀ (ਮਲਿਕ) ਵੀ ਇੱਥੇ ਹੈ।

ਉਹ ਸਾਡੇ ਨਾਲ ਦੁਰਵਿਹਾਰ ਕਰ ਰਹੇ ਹਨ। ਔਰਤਾਂ ਅਤੇ ਧੀਆਂ ਸੜਕਾਂ 'ਤੇ ਬੈਠੀਆਂ ਰਹਿਮ ਦੀ ਭੀਖ ਮੰਗ ਰਹੀਆਂ ਹਨ, ਪਰ ਕੋਈ ਪ੍ਰਵਾਹ ਨਹੀਂ ਕਰ ਰਿਹਾ।

ਖੇਲ ਰਤਨ ਐਵਾਰਡੀ ਵਿਨੇਸ਼ ਫੋਗਾਟ ਨੇ ਕਿਹਾ—ਸਾਡੇ ਤੋਂ ਸਾਰੇ ਤਮਗੇ ਲੈ ਲਓ। ਸਾਨੂੰ ਬਹੁਤ ਜ਼ਲੀਲ ਕੀਤਾ ਗਿਆ ਹੈ। ਅਸੀਂ ਆਪਣੀ ਇੱਜ਼ਤ ਲਈ ਲੜ ਰਹੇ ਹਾਂ, ਪਰ ਸਾਨੂੰ ਕੁਚਲਿਆ ਜਾ ਰਿਹਾ ਹੈ। ਕੀ ਸਾਰੇ ਮਰਦਾਂ ਨੂੰ ਔਰਤਾਂ ਨਾਲ ਦੁਰਵਿਹਾਰ ਕਰਨ ਦਾ ਹੱਕ ਹੈ? ਅਸੀਂ ਆਪਣੇ ਸਾਰੇ ਮੈਡਲ ਵਾਪਸ ਕਰ ਦੇਵਾਂਗੇ, ਭਾਵੇਂ ਅਸੀਂ ਆਪਣੀ ਜਾਨ ਵੀ ਦੇ ਦੇਵਾਂਗੇ, ਪਰ ਘੱਟੋ-ਘੱਟ ਸਾਨੂੰ ਇਨਸਾਫ ਤਾਂ ਦਿਓ।

ਇਸੇ ਦੌਰਾਨ ਦਿੱਲੀ ਪੁਲਸ ਨੇ ਭਲਵਾਨਾਂ ਦੀ ਧਰਨੇ ਵਾਲੀ ਥਾਂ ਜੰਤਰ-ਮੰਤਰ ਵਿਖੇ ਸਵੇਰੇ ਭਾਰੀ ਸੁਰੱਖਿਆ ਬਲ ਤਾਇਨਾਤ ਕਰ ਦਿੱਤੇ ਹਨ। ਆਲੇ-ਦੁਆਲੇ ਬੈਰੀਕੇਡ ਲਗਾ ਦਿੱਤੇ ਹਨ ਅਤੇ ਕਿਸੇ ਨੂੰ ਅੰਦਰ ਨਹੀਂ ਜਾਣ ਦਿੱਤਾ ਜਾ ਰਿਹਾ ਹੈ। ਭਲਵਾਨਾਂ ਵੱਲੋਂ ਕਿਸਾਨਾਂ ਅਤੇ ਉਨ੍ਹਾਂ ਦੇ ਆਗੂਆਂ ਨੂੰ ਧਰਨੇ ਵਾਲੀ ਥਾਂ 'ਤੇ ਇਕੱਠੇ ਹੋਣ ਦੀ ਅਪੀਲ ਤੋਂ ਬਾਅਦ ਪੁਲਸ ਨੇ ਇਹ ਪੇਸ਼ਬੰਦੀਆਂ ਕੀਤੀਆਂ। ਪੁਲਸ ਸ਼ਹਿਰ ਦੀਆਂ ਹੱਦਾਂ 'ਤੇ ਵਾਹਨਾਂ ਦੀ ਚੈਕਿੰਗ ਕਰ ਰਹੀ ਹੈ, ਤਾਂ ਜੋ ਜੰਤਰ-ਮੰਤਰ 'ਤੇ ਭੀੜ ਇਕੱਠੀ ਨਾ ਹੋ ਸਕੇ। ਦਿੱਲੀ ਦੇ ਸਿੰਘੂ ਬਾਰਡਰ 'ਤੇ ਦਿੱਲੀ ਨੂੰ ਆਉਣ ਵਾਲੀ ਲੇਨ 'ਤੇ ਕਈ ਕਿਲੋਮੀਟਰ ਤੱਕ ਜਾਮ ਲੱਗ ਗਿਆ। ਸਿੰਘੂ ਬਾਰਡਰ 'ਤੇ ਪੁਲਸ ਗੱਡੀਆਂ ਨੂੰ ਇਕ-ਇਕ ਕਰਕੇ ਦਿੱਲੀ ਵਿਚ ਦਾਖਲ ਹੋਣ ਦੇ ਰਹੀ ਸੀ। ਦਿੱਲੀ ਪੁਲਸ ਨੇ ਦਾਅਵਾ ਕੀਤਾ ਕਿ ਜੰਤਰ-ਮੰਤਰ 'ਤੇ ● ਬਾਕੀ ਸਫ਼ਾ 2 'ਤੇ

### ਸੁਪਰੀਮ ਕੋਰਟ 'ਚ ਕੇਸ ਬੰਦ

**ਨਵੀਂ ਦਿੱਲੀ** : ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਖਿਲਾਫ ਜਿਨਸੀ ਸ਼ੋਸ਼ਣ ਦੇ ਮਾਮਲੇ ਸੰਬੰਧੀ ਵੀਰਵਾਰ ਦਿੱਲੀ ਪੁਲਸ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਨਾਬਾਲਗ ਸ਼ਿਕਾਇਤਕਰਤਾ ਨੂੰ ਢੁਕਵੀਂ ਸੁਰੱਖਿਆ ਮੁਹੱਈਆ ਕਰਵਾ ਦਿੱਤੀ ਹੈ। ਪੁਲਸ ਨੇ ਸੁਪਰੀਮ ਕੋਰਟ ਨੂੰ ਇਹ ਵੀ ਦੱਸਿਆ ਕਿ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕਰ ਰਹੀਆਂ ਛੇ ਮਹਿਲਾ ਭਲਵਾਨਾਂ ਦੀ ਸੁਰੱਖਿਆ ਲਈ ਸਾਰੇ ਪ੍ਰਬੰਧ ਕੀਤੇ ਗਏ ਹਨ। ਇਸ ਤੋਂ ਬਾਅਦ ਸੁਪਰੀਮ ਕੋਰਟ ਨੇ ਮਹਿਲਾ ਭਲਵਾਨਾਂ ਦੀ ਪਟੀਸ਼ਨ 'ਤੇ ਕਾਰਵਾਈ ਬੰਦ ਕਰ ਦਿੱਤੀ ਤੇ ਉਨ੍ਹਾਂ ਨੂੰ ਹੋਰ ਰਾਹਤ ਲਈ ਦਿੱਲੀ ਹਾਈ ਕੋਰਟ ਜਾਂ ਸੰਬੰਧਤ ਹੇਠਲੀ ਅਦਾਲਤ ਵਿਚ ਜਾਣ ਲਈ ਕਿਹਾ।

## ਸ਼ਿਮਲਾ ਨਗਰ ਨਿਗਮ 'ਚ ਕਾਂਗਰਸ ਦੀ ਵੱਡੀ ਜਿੱਤ



**ਸ਼ਿਮਲਾ** : ਕਾਂਗਰਸ ਨੇ 34 ਵਿੱਚੋਂ 24 ਵਾਰਡਾਂ 'ਚ ਜਿੱਤ ਹਾਸਲ ਕਰਕੇ ਸ਼ਿਮਲਾ ਨਗਰ ਨਿਗਮ 'ਤੇ ਮੁੜ ਕਬਜ਼ਾ ਕਰ ਲਿਆ। ਭਾਜਪਾ ਨੇ 9 ਤੇ ਮਾਰਕਸੀ ਪਾਰਟੀ ਨੇ ਇਕ ਵਾਰਡ 'ਚ ਜਿੱਤ ਦਰਜ ਕੀਤੀ।

2017 ਵਿਚ ਕਾਂਗਰਸ ਸਿਰਫ 12 ਵਾਰਡ ਜਿੱਤ ਸਕੀ ਸੀ ਤੇ ਭਾਜਪਾ ਨੇ 17 ਜਿੱਤੇ ਸਨ। ਚਾਰ ਆਜ਼ਾਦ ਜਿੱਤੇ ਸਨ ਤੇ ਇਕ ਵਿਚ ਮਾਰਕਸੀ ਪਾਰਟੀ ਸਫਲ ਰਹੀ ਸੀ। ਹਿਮਾਚਲ ਕਾਂਗਰਸ ਦੀ ਪ੍ਰਧਾਨ ਪ੍ਰਤਿਭਾ ਸਿੰਘ ਨੇ ਜਿੱਤ 'ਤੇ ਖੁਸ਼ੀ ਜ਼ਾਹਰ ਕਰਦਿਆਂ ਉਮੀਦ ਜਤਾਈ ਹੈ ਕਿ ਕਾਂਗਰਸ 2024 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਵਧੀਆ ਪ੍ਰਦਰਸ਼ਨ ਕਰੇਗੀ।

### ਨੰਗਲ ਅੰਬੀਆਂ ਕਤਲ ਕੇਸ 'ਚ ਸੁਰਜਨ ਚੱਠਾ ਗ੍ਰਿਫਤਾਰ!



**ਜਲੰਧਰ** : ਕਬੱਡੀ ਦੇ ਕੌਮਾਂਤਰੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਕਤਲ ਦੇ ਕਥਿਤ ਮਾਸਟਰ ਮਾਈਂਡ ਸੁਰਜਨ ਸਿੰਘ ਚੱਠਾ ਨੂੰ ਬੁੱਧਵਾਰ ਰਾਤ ਇੱਥੇ ਇਕ ਅਪਾਰਟਮੈਂਟ ਬਿਲਡਿੰਗ 'ਚੋਂ ਗ੍ਰਿਫਤਾਰ ਕਰ ਲਿਆ ਗਿਆ, ਹਾਲਾਂਕਿ ਪੁਲਸ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ। ਪ੍ਰਾਪਤ ਜਾਣਕਾਰੀ ਮੁਤਾਬਕ ਸਾਦੇ ਕੱਪੜਿਆਂ 'ਚ ਪੁਲਸ ਨੇ ਚੱਠਾ ਨੂੰ ਗ੍ਰਿਫਤਾਰ ਕੀਤਾ। ਨੰਗਲ ਅੰਬੀਆਂ ਨੂੰ 14 ਮਾਰਚ 2022 ਨੂੰ ਨਕੋਦਰ ਦੇ ਮੱਲ੍ਹੀਆਂ ਖੁਰਦ 'ਚ ਕਬੱਡੀ ਟੂਰਨਾਮੈਂਟ ਦੌਰਾਨ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਕਤਲ ਦਾ ਕਾਰਨ ਕਬੱਡੀ ਐਸੋਸੀਏਸ਼ਨਾਂ ਵਿਚਾਲੇ ਦੁਸ਼ਮਣੀ ਦੱਸੀ ਗਈ ਸੀ।

## ਮਨੀਪੁਰ 'ਚ ਦੇਖਦਿਆਂ ਗੋਲੀ ਦੇ ਹੁਕਮ



**ਇੰਫਾਲ** : ਮਨੀਪੁਰ 'ਚ ਕਬਾਇਲੀਆਂ ਦੇ ਅੰਦੋਲਨ ਦੌਰਾਨ ਭੜਕੀ ਹਿੰਸਾ ਤੋਂ ਬਾਅਦ ਸਥਿਤੀ 'ਤੇ ਕਾਬੂ ਪਾਉਣ ਲਈ ਫੌਜ ਅਤੇ ਅਸਾਮ ਰਾਈਫਲਜ਼ ਨੂੰ ਤਾਇਨਾਤ ਕੀਤਾ ਗਿਆ ਹੈ। ਹਿੰਸਾਕਾਰੀਆਂ ਨੂੰ ਦੇਖਦਿਆਂ ਗੋਲੀ ਮਾਰਨ ਦੇ ਹੁਕਮ ਵੀ ਦਿੱਤੇ ਗਏ ਹਨ। ਫੌਜ ਦੇ ਬੁਲਾਰੇ ਨੇ ਦੱਸਿਆ ਕਿ 9,000 ਲੋਕਾਂ ਨੂੰ ਸੁਰੱਖਿਆ ਬਲਾਂ ਨੇ ਹਿੰਸਾ ਪ੍ਰਭਾਵਤ ਇਲਾਕਿਆਂ ਤੋਂ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਹੈ। ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੂਬੇ 'ਚ ਹਿੰਸਾ 'ਤੇ ਮਨੀਪੁਰ ਦੇ ਮੁੱਖ ਮੰਤਰੀ ਬੀਰੇਨ ਸਿੰਘ ਨਾਲ ਗੱਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਹਿੰਸਾ ਕਿਸੇ ਗਲਤਫਹਿਮੀ ਕਾਰਨ ਹੋਈ ਹੈ। ਸੂਬੇ 'ਚ ਪੰਜ ਦਿਨਾਂ ਲਈ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਗਈ ਹੈ ਤੇ 8 ਜ਼ਿਲ੍ਹਿਆਂ ਵਿਚ ਕਰਫਿਊ ਲਾ ਦਿੱਤਾ ਗਿਆ ਹੈ। ਆਲ ਇੰਡੀਆ ਟਰਾਈਬਲ ਸਟੂਡੈਂਟਸ ਯੂਨੀਅਨ ਨੇ ਬੁੱਧਵਾਰ ਟਰਾਈਬਲ ਸਾਲੀਡੈਰਿਟੀ ਮਾਰਚ ਦਾ ਸੱਦਾ ਦਿੱਤਾ ਸੀ। ਇਸ ਦੌਰਾਨ ਕਬਾਇਲੀਆਂ ਤੇ ਗੈਰ-ਕਬਾਇਲੀਆਂ ਵਿਚਾਲੇ ਝੜਪ ਹੋ ਗਈ। ਕਬਾਇਲੀ ਗੈਰ-ਕਬਾਇਲੀਆਂ ਨੂੰ ਪੱਟੀਦਰਜ ਕਬੀਲੇ ਦਾ ਦਰਜਾ ਦੇਣ ਦੀ ਮੰਗ ਦਾ ਵਿਰੋਧ ਕਰ ਰਹੇ ਹਨ। ਮਨੀਪੁਰ ਹਾਈ ਕੋਰਟ ਨੇ ਸੂਬਾ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਉਹ ਮੈਤੇਈ ਭਾਈਚਾਰੇ ਦੀ ਇਸ ਮੰਗ 'ਤੇ ਵਿਚਾਰ ਕਰਕੇ ਕੇਂਦਰ ਨੂੰ ਚਾਰ ਮਹੀਨਿਆਂ ਵਿਚ ਸਿਫਾਰਸ਼ ਘੱਲੇ। ਇਸ ਦਾ ਕਬਾਇਲੀ ਵਿਰੋਧ ਕਰ ਰਹੇ ਹਨ। ਮਨੀਪੁਰ ਵਿਚ 53 ਫੀਸਦੀ ਗੈਰ-ਕਬਾਇਲੀ ਮੈਤੇਈ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਮਿਆਮਾਰ ਤੇ ਬੰਗਲਾਦੇਸ਼ ਤੋਂ ਕਾਫੀ ਲੋਕ ਸੂਬੇ ਵਿਚ ਦਾਖਲ ਹੋ ਗਏ ਹਨ ਤੇ ਇਸ ਕਾਰਨ ਉਨ੍ਹਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੌਜੂਦਾ ਕਾਨੂੰਨ ਮੁਤਾਬਕ ਉਨ੍ਹਾਂ ਨੂੰ ਪਹਾੜੀ ਇਲਾਕਿਆਂ ਵਿਚ ਵਸਣ ਦੀ ਆਗਿਆ ਨਹੀਂ ਹੈ।

## ਅੱਜ 80 ਨਵੇਂ ਆਮ ਆਦਮੀ ਕਲੀਨਿਕਾਂ ਦਾ ਉਦਘਾਟਨ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਮੁਫਤ ਮੁਹੱਈਆ ਕਰਵਾਉਣ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ (ਸ਼ੁੱਕਰਵਾਰ) ਨੂੰ ਲੁਧਿਆਣਾ ਵਿਖੇ 80 ਆਮ ਆਦਮੀ ਕਲੀਨਿਕ ਸੂਬਾ ਵਾਸੀਆਂ ਨੂੰ ਸਮਰਪਿਤ ਕਰਨਗੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਨਾਲ ਸੂਬੇ 'ਚ ਤਕਰੀਬਨ 580 ਆਮ ਆਦਮੀ ਕਲੀਨਿਕ ਲੋਕਾਂ ਨੂੰ ਮੁਫਤ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਕਾਰਜਸ਼ੀਲ ਹੋ ਜਾਣਗੇ। ਪਹਿਲੇ ਪੜਾਅ 'ਚ 100 ਕਲੀਨਿਕ ਸਮਰਪਿਤ ਕੀਤੇ ਗਏ ਸਨ ਅਤੇ ਦੂਜੇ ਪੜਾਅ 'ਚ 404 ਅਤੇ ਹੁਣ 80 ਕਲੀਨਿਕ ਸੂਬੇ ਦੀ ਸੇਵਾ 'ਚ ਸਮਰਪਿਤ ਕੀਤੇ ਜਾਣਗੇ। ਆਮ ਆਦਮੀ ਕਲੀਨਿਕ ਮੁੱਖ ਮੰਤਰੀ ਦਾ ਸੁਪਨਮਈ ਪ੍ਰੋਜੈਕਟ ਹੈ, ਜੋ ਕਿ ਲੋਕਾਂ ਦੀ ਭਲਾਈ ਦੇ ਉਦੇਸ਼ ਨਾਲ ਉਨ੍ਹਾਂ ਦੀ ਸਭ ਤੋਂ ਪ੍ਰਮੁੱਖ ਤਰਜੀਹ ਹੈ ਅਤੇ ਇਹ ਕਲੀਨਿਕ ਪਹਿਲਾਂ ਹੀ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਕਾਰਗਰ ਸਿੱਧ ਹੋ ਰਹੇ ਹਨ।

### ਪਟਿਆਲਾ 'ਚ ਠੇਕੇਦਾਰ ਦੀ ਹੱਤਿਆ

**ਪਟਿਆਲਾ** : ਨਾਭਾ ਰੋਡ 'ਤੇ ਵੀਰਵਾਰ ਹਥਿਆਰਬੰਦ ਵਿਅਕਤੀਆਂ ਨੇ ਸਰਕਾਰੀ ਠੇਕੇਦਾਰ ਦਰਸ਼ਨ ਸਿੰਗਲਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਉਸ ਨੂੰ ਪੰਜ ਗੋਲੀਆਂ ਲੱਗੀਆਂ। ਹਸਪਤਾਲ ਵਿਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਉਹ ਸੁਨਾਮ ਦਾ ਵਾਸੀ ਸੀ ਤੇ ਇਹ ਹਮਲਾ ਸਵੇਰੇ ਕਰੀਬ ਸਵਾ ਦਸ ਵਜੇ ਹੋਇਆ। ਹਮਲਾਵਰ ਮੌਕੇ ਤੋਂ ਫਰਾਰ ਹੋ ਗਏ।



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪ ਉਮੀਦਵਾਰ ਸੁਸ਼ੀਲ ਰਿੰਕੂ ਦੇ ਹੱਕ 'ਚ ਵੀਰਵਾਰ ਜਲੰਧਰ 'ਚ ਰੋਡ ਸ਼ੋਅ ਦੌਰਾਨ।

## ਭਾਜਪਾ ਦਾ ਪੰਜਾਬ ਤੇ ਕਿਸਾਨ ਵਿਰੋਧੀ ਚਿਹਰਾ ਮੁੜ ਨੰਗਾ : ਭਗਵੰਤ ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਪੇਂਡੂ ਵਿਕਾਸ ਫੰਡ ਨੂੰ ਰੋਕਣ ਅਤੇ ਮਾਰਕੀਟ ਫੀਸ ਵਿੱਚ ਕਟੌਤੀ ਕਰਨ ਨੂੰ ਲੈ ਕੇ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬੇ ਦੀ ਆਪ ਸਰਕਾਰ ਅਤੇ ਭਾਜਪਾ ਆਹਮੋ-ਸਾਹਮਣੇ ਆ ਗਏ ਹਨ। ਵੀਰਵਾਰ ਕੇਂਦਰ ਦੇ ਇਸ ਤੁਗਲਕੀ ਫ਼ੁਰਮਾਨ ਉੱਪਰ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਜਿੱਥੇ ਇਸ ਦਾ ਵਿਰੋਧ ਕੀਤਾ, ਉੱਥੇ ਉਨ੍ਹਾ ਪੰਜਾਬ ਦੇ ਭਾਜਪਾ ਆਗੂਆਂ ਨੂੰ ਵੀ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ। ਆਪਣੇ ਟਵੀਟ ਵਿੱਚ ਭਗਵੰਤ ਮਾਨ ਨੇ ਕਿਹਾ— ਭਾਜਪਾ ਦਾ ਪੰਜਾਬ ਵਿਰੋਧੀ ਤੇ ਕਿਸਾਨ ਵਿਰੋਧੀ ਚਿਹਰਾ ਨੰਗਾ....ਸਾਡੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਸ ਹਾੜੀ ਸੀਜ਼ਨ 'ਚ ਮਾਰਕੀਟ ਫੀਸ 3 ਫੀਸਦੀ ਤੋਂ ਘਟਾ ਕੇ 2 ਫੀਸਦੀ ਕਰ ਦਿੱਤੀ ਅਤੇ ਪੇਂਡੂ ਵਿਕਾਸ ਫੰਡ (ਆਰ ਡੀ ਐੱਫ) 3 ਫੀਸਦੀ ਤੋਂ 0 ਫੀਸਦੀ ਕੀਤਾ। ਪੰਜਾਬ ਦਾ ਨੁਕਸਾਨ 250 ਕਰੋੜ ਮਾਰਕੀਟ ਫੀਸ ਦਾ ਤੇ 750 ਕਰੋੜ ਆਰ ਡੀ ਐੱਫ ਦਾ, ਕੁੱਲ 1000 ਕਰੋੜ। ਕੈਪਟਨ, ਜਾਖੜ, ਮਨਪੀਤ ਬਾਦਲ, ਬੈਂਸ ਭਰਾ, ਰਾਣਾ ਸੋਢੀ, ਕਾਂਗੜ, ਫਤਿਹਜੰਗ ਬਾਜਵਾ, ਇੰਦਰ ਅਟਵਾਲ, ਜੋ ਨਵੇਂ-ਨਵੇਂ ਭਾਜਪਾਈ ਬਣੇ ਨੇ, ਇਨ੍ਹਾਂ ਚ ਹਿੰਮਤ ਹੈ ਕਿ ਇਸ ਨੁਕਸਾਨ ਦਾ ਮੁੱਦਾ ਮੋਦੀ ਜੀ ਕੋਲ ਚੁੱਕਣਗੇ?

ਜ਼ਿਕਰਯੋਗ ਹੈ ਕਿ ਪੰਜਾਬ ਦੀ 'ਆਪ' ਸਰਕਾਰ ਦੇ ਆਗੂ ਲਗਾਤਾਰ ਕੇਂਦਰ ਨੂੰ ਇਹ ਫੰਡ ਜਾਰੀ ਕਰਨ ਲਈ ਕਹਿ ਰਹੇ ਸਨ, ਕਿਉਂਕਿ ਇਸ ਪੈਸੇ ਦੀ ਵਰਤੋਂ ਨਾਲ ਪੰਜਾਬ ਦੇ ਪੇਂਡੂ ਖੇਤਰ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਉਪਰਾਲੇ ਕੀਤੇ ਜਾਂਦੇ ਹਨ, ਪਰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਕਦੇ ਇਸ ਨੂੰ ਗੰਭੀਰਤਾ ਨਾਲ ਨਹੀਂ ● ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਗ੍ਰੰਥੀ 'ਤੇ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼

**ਟੋਰਾਂਟੋ** : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ 'ਚ 40 ਸਾਲਾ ਗ੍ਰੰਥੀ 'ਤੇ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਲਾਏ ਗਏ ਹਨ। ਭੁਪਿੰਦਰ ਸਿੰਘ ਸੋਨੂੰ, ਜੋ ਸਰੀ ਪ੍ਰੋਵਿੰਸ਼ੀਅਲ ਕੋਰਟ 'ਚ ਪੇਸ਼ ਹੋਇਆ, ਉੱਤੇ ਤਿੰਨ ਬੱਚਿਆਂ ਦਾ ਸ਼ੋਸ਼ਣ ਕਰਨ ਲਈ ਛੇ ਤਰ੍ਹਾਂ ਦੇ ਦੋਸ਼ ਲਗਾਏ ਗਏ ਹਨ। ਬਚਾਅ ਪੱਖ ਦੇ ਵਕੀਲ ਗਗਨ ਨਾਹਲ ਅਨੁਸਾਰ ਸੋਨੂੰ, ਜੋ ਲੈਂਗਲੇ 'ਚ ਫਰੇਜ਼ਰ ਵੈਲੀ ਦੇ ਖਾਲਸਾ ਸਕੂਲ 'ਚ ਤਬਲਾ ਅਧਿਆਪਕ ਅਤੇ ਗ੍ਰੰਥੀ ਸੀ, ਵਰਕ ਪਰਮਿਟ 'ਤੇ ਕੈਨੇਡਾ ਆਇਆ ਸੀ ਅਤੇ ਦੋ ਹਫਤੇ ਪਹਿਲਾਂ ਪਰਮਾਨੈਂਟ ਰੈਜ਼ੀਡੈਂਟ ਬਣਿਆ ਸੀ। ਸੋਨੂੰ ਹੁਣ ਸਕੂਲ 'ਚ ਨੌਕਰੀ ਨਹੀਂ ਕਰਦਾ। ਅਦਾਲਤੀ ਦਸਤਾਵੇਜ਼ਾਂ 'ਚ ਕਿਹਾ ਗਿਆ ਹੈ ਕਿ ਕਥਿਤ ਅਪਰਾਧ ਸਤੰਬਰ 2022 ਤੋਂ ਫਰਵਰੀ 2023 ਦਰਮਿਆਨ ਹੋਏ ਸਨ। ਸੋਨੂੰ ਨੂੰ ਸਖਤ ਜ਼ਮਾਨਤ ਦੀਆਂ ਸ਼ਰਤਾਂ ਤਹਿਤ ਰਿਹਾਅ ਕੀਤਾ ਗਿਆ ਹੈ ਅਤੇ ਅਦਾਲਤ 'ਚ ਉਸ ਦੀ ਅਗਲੀ ਪੇਸ਼ੀ 30 ਮਈ ਨੂੰ ਹੋਵੇਗੀ। ਕੈਨੇਡਾ ਦੇ ਅਪਰਾਧਿਕ ਜ਼ਾਬਤੇ ਦੇ ਤਹਿਤ ਸਭ ਤੋਂ ਵੱਧ ਸਜ਼ਾ 14 ਸਾਲ ਦੀ ਕੈਦ ਹੈ।

## ਅੱਜ-ਨਾਮਾ

ਚੌਥੜਾ ਭੁੱਟੋ ਜਾਂ ਭਾਰਤ ਦੇ ਵੱਲ ਆਇਆ,
ਖਬਰ ਕਈਆਂ ਲਈ ਜਾਪਦੀ ਖਾਸ ਮੀਆਂ।
ਵਿਦੇਸ਼ ਮੰਤਰੀ ਉਹ ਆਪਣੇ ਮੁਲਕ ਵੱਲੋਂ,
ਬੜੀ ਸੰਬੰਧਾਂ ਦੇ ਸੁਧਰਨ ਦੀ ਆਸ ਮੀਆਂ।
ਉਹਦੀ ਅੰਮੀ-ਮਰਹੂਮ ਜਦ ਆਈ ਹੈ ਸੀ,
ਮਗਰੋਂ ਦਿੱਤਾ ਉਸ ਤੋੜ ਵਿਸ਼ਵਾਸ ਮੀਆਂ।
ਭੁੱਟੋ ਨਾਨਾ ਵੀ ਟਿਕਿਆ ਨਹੀਂ ਬਚਨ ਉੱਤੇ,
ਕਰ ਗਿਆ ਸਾਰੇ ਸੰਬੰਧ ਫਿਰ ਨਾਸ ਮੀਆਂ।
ਸੰਤਾਲੀ ਵਿੱਚ ਪੜਨਾਨਾ ਸੀ ਜਦੋਂ ਲੀਡਰ,
ਜੜ੍ਹੀਂ ਚੋਅ ਗਿਆ ਉਹੀ ਸੀ ਅੱਕ ਮੀਆਂ।
ਪੀੜ੍ਹੀਆਂ ਦੋ ਰਹੀਆਂ ਉਸੇ ਈ ਪੰਧ ਉੱਤੇ,
ਨੀਤ ਬਿਲਾਵਲ ਦੀ ਬਾਰੇ ਵੀ ਸ਼ੱਕ ਮੀਆਂ।

-ਤੀਸ ਮਾਰ ਖਾਂ

### ਚੋਰੀ ਦੇ ਸ਼ੱਕ 'ਚ ਵਿਦਿਆਰਥਣਾਂ ਦੇ ਕੱਪੜੇ ਲੁਹਾਏ

**ਨਵੀਂ ਦਿੱਲੀ** : ਇੱਥੇ ਨਰਸਿੰਗ ਕਾਲਜ ਦੀਆਂ ਦੋ ਵਿਦਿਆਰਥਣਾਂ ਨੂੰ ਹੋਸਟਲ ਵਾਰਡਨ ਵੱਲੋਂ ਚੋਰੀ ਦੇ ਸ਼ੱਕ ਵਿਚ ਕਥਿਤ ਤੌਰ 'ਤੇ ਨਿਰਵਸਤਰ ਕਰਕੇ ਤਲਾਸ਼ੀ ਲੈ ਕੇ ਜ਼ਲੀਲ ਕੀਤਾ ਗਿਆ। ਪੁਲਸ ਨੇ ਦੱਸਿਆ ਕਿ ਉਸ ਨੂੰ ਫੋਨ 'ਤੇ ਲੋਕ ਨਰਾਇਣ ਜੈ ਪ੍ਰਕਾਸ਼ ਹਸਪਤਾਲ ਦੇ ਅਹਿਲਿਆਬਾਈ ਕਾਲਜ ਆਫ ਨਰਸਿੰਗ ਦੀਆਂ ਦੋ ਵਿਦਿਆਰਥਣਾਂ ਨੂੰ ਕਥਿਤ ਤੌਰ 'ਤੇ ਤੰਗ-ਪ੍ਰੇਸ਼ਾਨ ਕਰਨ ਦੀ ਜਾਣਕਾਰੀ ਮਿਲੀ। ਪੁੱਛ-ਪੜਤਾਲ ਦੌਰਾਨ ਪਤਾ ਲੱਗਾ ਕਿ ਹੋਸਟਲ 'ਚ ਰਹਿ ਰਹੀਆਂ ਬੀ ਐੱਸ ਸੀ ਨਰਸਿੰਗ ਫਾਈਨਲ ਈਅਰ ਦੀਆਂ ਦੋ ਵਿਦਿਆਰਥਣਾਂ ਹੋਰਨਾਂ ਵਿਦਿਆਰਥਣਾਂ ਤੇ ਵਾਰਡਨ ਨਾਲ ਇੱਕ ਸਮਾਜਕ ਸਮਾਗਮ 'ਚ ਸ਼ਾਮਲ ● ਬਾਕੀ ਸਫ਼ਾ 2 'ਤੇ



# ਕੇਂਦਰ ਬਦਲਾਖੋਰੀ ’ਤੇ ਉਤਰਿਆ : ਚੀਮਾ




**ਜਲੰਧਰ** : ਭਾਜਪਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਉਹ ਪੰਜਾਬ ਅਤੇ ਕਿਸਾਨ ਵਿਰੋਧੀ ਹਨ। ਭਾਜਪਾ ਦੀ ਕੇਂਦਰ ਸਰਕਾਰ ਦੀ ਪੰਜਾਬ ਪ੍ਰਤੀ ਬਦਲਾਖੋਰੀ ਦੀ ਭਾਵਨਾ ਹੈ ਅਤੇ ਆਰ ਡੀ ਐੱਫ ਨੂੰ ਮੁਅੱਤਲ ਕਰਨਾ ਰਾਜ ਨਾਲ ਉਨ੍ਹਾਂ ਦਾ ਤਾਜ਼ਾ ਵਿਤਕਰਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ ਦੇ ਪੇਂਡੂ ਵਿਕਾਸ ਫੰਡ ਨੂੰ ਮੁਅੱਤਲ ਕਰਨ ਲਈ ਕੇਂਦਰ ਸਰਕਾਰ ਅਤੇ ਭਾਜਪਾ ਪੰਜਾਬ ਦੀ ਲੀਡਰਸ਼ਿਪ ਨੂੰ ਘੇਰਦਿਆਂ ਪ੍ਰਗਟ ਕੀਤਾ।

ਵੀਰਵਾਰ ਇੱਥੇ ਜਲੰਧਰ ‘ਚ ‘ਆਪ’ ਆਗੂਆਂ ਨੀਲ ਗਰਗ ਅਤੇ ਅਨਿਲ ਠਾਕੁਰ ਨਾਲ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਪਾਲ ਚੀਮਾ ਨੇ ਕਿਹਾ ਕਿ ਭਾਜਪਾ ਬਦਲਾਖੋਰੀ ਦੀ ਰਾਜਨੀਤੀ ਕਰ ਰਹੀ ਹੈ। ਪੰਜਾਬ ਦੇ ਕਿਸਾਨਾਂ ਨੇ ਹਰ ਮੋਰਚੇ ਅਤੇ ਸਰਹੱਦ ’ਤੇ ਕਿਸਾਨ ਅੰਦੋਲਨ ਦੀ ਅਗਵਾਈ ਕੀਤੀ। ਉਨ੍ਹਾਂ ਨੂੰ ਹਰ ਸੂਬੇ ਦੇ ਕਿਸਾਨਾਂ ਦਾ ਸਮਰਥਨ ਮਿਲਿਆ ਅਤੇ ਆਖਰਕਾਰ ਭਾਜਪਾ ਨੂੰ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਆਤਮ ਸਮਰਪਣ ਕਰਨਾ ਪਿਆ ਅਤੇ ਤਿੰਨ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਨਾ ਪਿਆ। ਉਨ੍ਹਾ ਕਿਹਾ ਕਿ ਦਿੱਲੀ ਦੀਆਂ ਸਰਹੱਦਾਂ ’ਤੇ ਕਿਸਾਨ ਅੰਦੋਲਨ ਦੌਰਾਨ ਪੰਜਾਬ ਦੇ 700 ਤੋਂ ਵੱਧ ਕਿਸਾਨ ਸ਼ਹੀਦ ਹੋਏ ਸਨ ਅਤੇ ਉਨ੍ਹਾਂ ਜਾਨਾਂ ਦੇ ਨੁਕਸਾਨ ਲਈ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਜ਼ਿੰਮੇਵਾਰ ਹੈ। ਆਪਣੀ ਹਾਰ ਨੂੰ ਹਜ਼ਮ ਕਰਨ ਤੋਂ ਅਸਮਰੱਥ ਭਾਜਪਾ ਹੁਣ ਵਾਰ-ਵਾਰ ਪੰਜਾਬ ਦੇ ਹੱਕਾਂ ਅਤੇ ਫੰਡਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਉਹ ਸਾਡੇ ਰਾਜ ਨੂੰ ਵਿੱਤੀ ਅਤੇ ਯੋਜਨਾਬੱਧ ਤੌਰ ’ਤੇ ਕਮਜ਼ੋਰ ਕਰਨਾ ਚਾਹੁੰਦੇ ਹਨ। ਚੀਮਾ ਨੇ ਕਿਹਾ ਕਿ ਇਹੀ ਕਾਰਨ ਹੈ ਕਿ ਪਹਿਲਾਂ ਉਹ ਸਾਡੇ ਰਾਜ ਦੇ ਅਧਿਕਾਰਾਂ ’ਤੇ ਹਮਲਾ ਕਰ ਰਹੇ ਸਨ ਅਤੇ ਹੁਣ ਉਨ੍ਹਾਂ ਆਪਣੇ ਅਧਿਕਾਰਤ ਦਸਤਾਵੇਜ਼ ਤੋਂ ਆਰ ਡੀ ਐੱਫ (ਪੇਂਡੂ ਵਿਕਾਸ ਫੰਡ) ਦਾ ਸਾਰਾ ਕਾਲਮ ਹਟਾ ਹੀ ਦਿੱਤਾ ਹੈ। ਉਨ੍ਹਾ ਕਿਹਾ ਕਿ ਇਸ ਤਾਨਾਸ਼ਾਹੀ ਕਦਮ ਨਾਲ ਪੰਜਾਬ ਨੂੰ 1000 ਕਰੋੜ ਰੁਪਏ ਦਾ ਵਿੱਤੀ ਨੁਕਸਾਨ ਹੋ ਰਿਹਾ ਹੈ, ਇਸ ਪੈਸੇ ਦੀ ਵਰਤੋਂ ਪੰਜਾਬ ਦੇ ਪੇਂਡੂ ਖੇਤਰਾਂ ਦੇ ਨਾਲ-ਨਾਲ ਪੰਜਾਬ ਦੀਆਂ ਅਨਾਜ ਮੰਡੀਆਂ ਦੇ ਵਿਕਾਸ ਲਈ ਕੀਤੀ ਜਾਣੀ ਸੀ।

ਹਾਲ ਹੀ ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਪੰਜਾਬ ਦੇ ਸਾਰੇ ਆਗੂਆਂ ਦੀ ਨਿੰਦਾ ਕਰਦਿਆਂ ਚੀਮਾ ਨੇ ਪੁੱਛਿਆ ਕਿ ਕੀ ਭਾਜਪਾ ਦੇ ਨਵੇਂ ‘ਹੀਰੇ’ ਕੇਂਦਰ ਸਰਕਾਰ ਨੂੰ ਸਵਾਲ ਕਰਨਗੇ? ਕਿਸਾਨ ਦਾ ਪੁੱਤਰ ਹੋਣ ਦਾ ਦਾਅਵਾ ਕਰਨ ਵਾਲੇ ਸੁਨੀਲ ਜਾਖੜ ਕੀ ਹੁਣ ਕਿਸਾਨਾਂ ਨਾਲ ਖੜਨਗੇ? ਭਾਜਪਾ ਦੀ ਟਿਕਟ ’ਤੇ ਜਲੰਧਰ ਤੋਂ ਉੱਪ ਚੋਣ ਲੜ ਰਹੇ ਅਟਵਾਲ, ਕੀ ਉਹ ਪੰਜਾਬ ਲਈ ਆਵਾਜ਼ ਉਠਾਉਣਗੇ? ਕੈਪਟਨ ਅਮਰਿੰਦਰ ਸਿੰਘ, ਅਸ਼ਵਨੀ ਕੁਮਾਰ, ਫਤਿਹਜੰਗ ਬਾਜਵਾ ਆਦਿ ਕੀ ਪੰਜਾਬ ਦੇ ਹੱਕਾਂ ਲਈ ਲੜਨਗੇ? ਉਨ੍ਹਾ ਕਿਹਾ ਕਿ ਇਹ ਲੋਕ ਪਹਿਲਾਂ ਹੀ ਭਾਜਪਾ ਦੇ ਸਾਹਮਣੇ ਆਤਮ-ਸਮਰਪਣ ਕਰ ਚੁੱਕੇ ਹਨ, ਇਸ ਲਈ ਪੰਜਾਬ ਦੇ ਲੋਕਾਂ ਨੂੰ ਇਨ੍ਹਾਂ ਤੋਂ ਕੋਈ ਉਮੀਦ ਨਹੀਂ। ਉਹਨਾ ਕਿਹਾ ਕਿ ਭਾਜਪਾ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬ ਨੇ ਵੀ ਹਰੀ ਕ੍ਰਾਂਤੀ ਦੀ ਅਗਵਾਈ ਕੀਤੀ ਅਤੇ ਸਾਡੇ ਦੇਸ਼ ਨੂੰ ਅਨਾਜ ਵਿੱਚ ਆਤਮ-ਨਿਰਭਰ ਬਣਾਇਆ।

ਉਨ੍ਹਾ ਕਿਹਾ ਕਿ ਸਿਰਫ ਆਮ ਆਦਮੀ ਪਾਰਟੀ ਹੀ ਕਿਸਾਨ ਪੱਖੀ ਪਾਰਟੀ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਇੱਕ ਕਿਸਾਨ ਦੇ ਸੱਚੇ ਪੁੱਤਰ ਹਨ, ਇਸੇ ਕਰਕੇ ਜਦੋਂ ਕਿਸਾਨਾਂ ਨੂੰ ਬੇਮੌਸਮੀ ਬਰਸਾਤ ਅਤੇ ਗੜੇਮਾਰੀ ਕਾਰਨ ਫਸਲਾਂ ਦੇ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਤਾਂ ਉਨ੍ਹਾ ਤੁਰੰਤ ਗਿਰਦਾਵਰੀ ਦੇ ਹੁਕਮ ਦਿੱਤੇ ਅਤੇ ਮੁਆਵਜ਼ੇ ਦੀ ਪ੍ਰਕਿਰਿਆ ਸ਼ੁਰੂ ਕੀਤੀ।

## ਪੈਰਾਡਾਈਜ਼ ਸਕੂਲ ’ਚ ਵਿਦਿਆਰਥੀ ਕੌਂਸਲ ਦੀ ਚੋਣ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਘੱਗਾ ਵਿਖੇ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਦੀ ਰਹਿਨੁਮਾਈ ਹੇਠ ਸਕੂਲ ਦੀ ਵਿਦਿਆਰਥੀ ਕੌਂਸਲ ਦੀ ਚੋਣ ਕੀਤੀ ਗਈ, ਜਿਸ ਵਿੱਚ ਬਾਰਵੀਂ ਕਲਾਸ ਦੀ ਵਿਦਿਆਰਥਣ ਸੁਹਾਨੀ ਨੂੰ ਸਕੂਲ ਦੀਆਂ ਵਿਦਿਆਰਥਣਾਂ ਵਿੱਚੋਂ ਤੇ ਨਵਪ੍ਰੀਤ ਸਿੰਘ ਨੂੰ ਵਿਦਿਆਰਥੀਆਂ ਵਿੱਚੋਂ ਮੁਖੀ ਨਿਯੁਕਤ ਕੀਤਾ ਗਿਆ, ਜਦੋਂਕਿ ਪ੍ਰਤਿਭਾ ਸ਼ਰਮਾ, ਸਿਮਰਨ ਅਗਰਵਾਲ, ਯੋਗਿਤਾ ਤੇ ਨਿਧੀ ਸਕੂਲ ਕਪਤਾਨ ਚੁਣੇ ਗਏ। ਇਸੇ ਦੌਰਾਨ ਸਕੂਲ ਦੇ ਈਕੋ ਕਲੱਬ, ਲਿਟਰੇਰੀ ਕਲੱਬ, ਹੈਲਥ ਐਂਡ ਵੈੱਲਨੈੱਸ ਕਲੱਬ ਤੇ ਆਰਟ ਕਲੱਬ ਦੇ ਅਹੁਦੇਦਾਰਾਂ ਤੇ ਐਕਜ਼ੀਕਿਊਟਿਵ ਮੈਂਬਰਾਂ ਦੀ ਵੀ ਚੋਣ ਕੀਤੀ ਗਈ। ਸਕੂਲ ਨਾਲ ਸਬੰਧਤ ਚਾਰ ਹਾਊਸਾਂ ਰਾਵੀ, ਜੇਹਲਮ, ਸਤਲੁਜ ਤੇ ਬਿਆਸ ਦੇ ਕਪਤਾਨ ਤੇ ਉੱਪ-ਕਪਤਾਨਾਂ ਦੀ ਚੋਣ ਸਕੂਲ ਵਿੱਚ ਵਿਦਿਆਰਥੀਆਂ ਦੁਆਰਾ ਵੋਟਾਂ ਪਾ ਕੇ ਨਿਰਪੱਖ ਤਰੀਕੇ ਨਾਲ ਕੀਤੀ ਗਈ। ਚੋਣ ਪ੍ਰਕਿਰਿਆ ਉਪਰੰਤ ਸਾਰੇ ਅਹੁਦੇਦਾਰਾਂ ਨੂੰ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਸੈਸ਼ੇ ਤੇ ਬੈਚ ਲਗਾ ਕੇ ਸਨਮਾਨਤ ਕੀਤਾ। ਅਹੁਦੇਦਾਰਾਂ ਨੇ ਡਿਊਟੀ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਸਹੁੰ ਚੁੱਕੀ। ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਜ਼ਿੰਮੇਵਾਰੀਆਂ ਤੇ ਕਲੱਬਾਂ ਦੀ ਮਹੱਤਤਾ ਬਾਰੇ ਦੱਸਿਆ। ਇਸ ਮੌਕੇ ਸਮੂਹ ਵਿਦਿਆਰਥੀ ਤੇ ਸਟਾਫ਼ ਹਾਜ਼ਰ ਸੀ।

## ਰੈਡੀਮੇਡ ਮਨਿਆਰੀ ਤੇ ਜਨਰਲ ਐਸੋਸੀਏਸ਼ਨ ਵੱਲੋਂ ਸ੍ਰੀ ਅਗਰਸੈਨ ਸੰਮਤੀ (ਰਜਿ.) ਦਾ ਵਿਸ਼ੇਸ਼ ਸਨਮਾਨ



**ਜਗਰਾਉਂ (ਅਮਿਤ ਖੰਨਾ)**-ਰੈਡੀਮੇਡ ਮਨਿਆਰੀ ਤੇ ਜਨਰਲ ਐਸੋਸੀਏਸ਼ਨ ਵੱਲੋਂ ਆਯੋਜਿਤ ਜਨਰਲ ਹਾਊਸ ਦੀ ਮੀਟਿੰਗ ’ਚ ਜਗਰਾਉਂ ਅਗਰਵਾਲ ਸਮਾਜ ਦੀ ਮੁੱਖ ਸੰਸਥਾ ਸ੍ਰੀ ਅਗਰਸੈਨ ਸੰਮਤੀ (ਰਜਿ.) ਦਾ ਵਿਸ਼ੇਸ਼ ਤੌਰ ’ਤੇ ਸਨਮਾਨ ਕੀਤਾ ਗਿਆ। ਇਹ ਸਨਮਾਨ ਸੰਸਥਾ ਦੇ ਪ੍ਰਧਾਨ ਅਨਮੋਲ ਗਰਗ ਤੇ ਜਥੇਬੰਦੀ ਜਨਰਲ ਸਕੱਤਰ ਕਮਲਦੀਪ ਬਾਂਸਲ ਨੇ ਪ੍ਰਾਪਤ ਕੀਤਾ। ਐਸੋਸੀਏਸ਼ਨ ਦੇ ਪ੍ਰਧਾਨ ਰੋਹਿਤ ਗੋਇਲ, ਚੇਅਰਮੈਨ ਰਾਜੇਸ਼ ਜੈਨ ਤੇ ਸੀਨੀਅਰ ਮੀਤ ਪ੍ਰਧਾਨ ਭਗਵਾਨ ਸਿੰਘ ਨੇ ਦੱਸਿਆ ਕਿ ਸ੍ਰੀ ਅਗਰਸੈਨ ਸਮਿਤੀ ਵੱਲੋਂ ਪਿਛਲੇ ਕਈ ਸਾਲਾਂ ਤੋਂ ਲਾਲਾ ਜੀ ਦੇ ਜੱਦੀ ਘਰ ਨਾਲ ਸਬੰਧਤ ਮੰਗਾਂ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਤੱਕ ਪੁਚਾਈਆਂ ਜਾ ਰਹੀਆਂ ਹਨ। ਐਸੋਸੀਏਸਨ ਦੇ ਪ੍ਰਧਾਨ ਅਨਮੋਲ ਗਰਗ ਨੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਵਿਧਾਇਕ ਸਰਬਜੀਤ ਕੌਰ ਤੋਂ ਮੰਗ ਕੀਤੀ ਕਿ ਜਗਰਾਉਂ ਵਿੱਚ ਲਾਲਾ ਲਾਜਪਤ ਰਾਏ ਜੀ ਦੇ ਨਾਂਅ ’ਤੇ ਬਣਨ ਵਾਲੀ ਇਮਾਰਤ ਦਾ ਉਦਘਾਟਨ ਭਗਵੰਤ ਸਿੰਘ ਮਾਨ ਵੱਲੋਂ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦੀ ਤਸਵੀਰ ਜ਼ਿਲ੍ਹਾ ਲੁਧਿਆਣਾ ਤੇ ਜਗਰਾਉਂ ਦੇ ਹਰ ਵਿਭਾਗ ਦੇ ਦਫਤਰਾਂ ਵਿੱਚ ਵਿਸ਼ੇਸ਼ ਤੌਰ ’ਤੇ ਲਾਈ ਜਾਵੇ। ਐਸੋਸੀਏਸ਼ਨ ਦੀ ਮੀਟਿੰਗ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਜਗਰਾਉਂ ਦੀ ਆਵਾਜ਼, ਜਗਰਾਉਂ ਨਗਰ ਕੌਂਸਲ ਦੇ ਬ੍ਰਾਂਡ ਅੰਬੇਡਕਰ ਕੈਪਟਨ ਨਰੇਸ਼ ਵਰਮਾ ਨੂੰ ਐਸੋਸੀਏਸ਼ਨ ਦੇ ਅਹੁਦੇਦਾਰਾਂ ਵੱਲੋਂ ਵਿਸ਼ੇਸ਼ ਤੌਰ ’ਤੇ ਸਨਮਾਨਤ ਕਰਦਿਆਂ ਕਿਹਾ ਕਿ ਹਰ ਧਾਰਮਿਕ, ਸਮਾਜਿਕ, ਵਪਾਰਕ ਪ੍ਰੋਗਰਾਮ ਕੈਪਟਨ ਵਰਮਾ ਤੋਂ ਬਿਨਾਂ ਅਧੂਰਾ ਹੈ।

## ਐਡੀਸਨ ਇੰਸਟੀਚਿਊਟ ਦੀ ਵਿਦਿਆਰਥਣ ਨੇ 7 ਬੈਂਡ ਪ੍ਰਾਪਤ ਕੀਤੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੀ ਕੋਟਕਪੂਰਾ ਸੜਕ ਉੱਪਰ ਸਥਿਤ ਐਡੀਸਨ ਇੰਸਟੀਚਿਊਟ ਆਇਲਟਸ ਅਤੇ ਪੀ.ਟੀ.ਈ ਦੇ ਖੇਤਰ ’ਚ ਲਗਾਤਾਰ ਬਹੁਤ ਵਧੀਆ ਨਤੀਜੇ ਦੇ ਰਿਹਾ ਹੈ। ਸੰਸਥਾ ਦੇ ਡਾਇਰੈਕਟਰ ਹਰਿੰਦਰ ਸਿੰਘ ਬਰਾੜ ਰੋਡੇ ਨੇ ਦੱਸਿਆ ਕਿ ਸੰਸਥਾ ਦੀ ਵਿਦਿਆਰਥਣ ਸੁਮਨ ਰਾਣੀ ਪੁੱਤਰੀ ਚੰਦ ਸਿੰਘ ਵਾਸੀ ਸੇਖਾ ਕਲਾਂ (ਮੋਗਾ) ਨੇ ਆਇਲਟਸ ਦੀ ਪ੍ਰੀਖਿਆ ’ਚ ਲਿਸਨਿੰਗ 7, ਰੀਡਿੰਗ 6.5, ਰਾਈਟਿੰਗ, ਸਪੀਕਿੰਗ 6 ਅਤੇ ਓਵਰਆਲ 6.5 ਬੈਂਡ ਪ੍ਰਾਪਤ ਕਰਕੇ ਆਪਣਾ ਅਤੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਵਿਦਿਆਰਥਣ ਨੇ ਇਸ ਦਾ ਸਿਹਰਾ ਸੰਸਥਾ ਦੇ ਅਧਿਆਪਕਾਂ ਨੂੰ ਦਿੱਤਾ ਅਤੇ ਦੱਸਿਆ ਕਿ ਪੜ੍ਹਾਈ ਲਈ ਸਾਰਥਕ ਮਾਹੌਲ ਬਹੁਤ ਹੀ ਲਾਹੇਵੰਦ ਸਾਬਤ ਹੋਇਆ ਹੈ। ਡਾਇਰੈਕਟਰ ਬਰਾੜ ਨੇ ਦੱਸਿਆ ਕਿ ਬੱਚਿਆਂ ਨੂੰ ਰੀਡਿੰਗ ਅਤੇ ਰਾਈਟਿੰਗ ਦੀਆਂ ਸਪੈਸ਼ਲ ਕਲਾਸਾਂ ਬਿਲਕੁਲ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਉਨ੍ਹਾ ਇਹ ਵੀ ਦੱਸਿਆ ਕਿ ਆਇਲਟਸ ਵਿੱਚ ਵਧੀਆ ਬੈਂਡ ਪ੍ਰਾਪਤ ਕਰਨ ਉਪਰੰਤ ਤੁਸੀਂ ਆਪਣਾ ਸਟੱਡੀ ਵੀਜ਼ਾ ਇਸ ਸੰਸਥਾ ਤੋਂ ਅਪਲਾਈ ਕਰ ਸਕਦੇ ਹੋ। ਇਸ ਮੌਕੇ ਵਿਦਿਆਰਥਣ ਨੂੰ ਪ੍ਰਮਾਣ ਪੱਤਰ ਸੌਂਪਦਿਆਂ ਡਾਇਰੈਕਟਰ ਹਰਿੰਦਰ ਸਿੰਘ ਬਰਾੜ ਰੋਡੇ ਨੇ ਉਜਵਲ ਭਵਿੱਖ ਲਈ ਕਾਮਨਾ ਕੀਤੀ।

## ਲਾਇਨਜ਼ ਕਲੱਬ ਨੇ ਸਰਕਾਰੀ ਸਕੂਲ ’ਚ ਬਾਥਰੂਮ ਬਣਵਾਏ



**ਨਾਭਾ (ਵਰਿੰਦਰ ਵਰਮਾ)**-ਲਾਇਨਜ਼ ਕਲੱਬ ਨਾਭਾ ਵੱਲੋਂ ਜ਼ਰੂਰਤਮੰਦਾਂ ਦੀ ਮਦਦ ਕਰਨਾ ਅਤੇ ਸਮਾਜ ਸੇਵਾ ਦੇ ਕੰਮ ਵੱਧ ਚੜ੍ਹ ਕੇ ਕੀਤੇ ਜਾਂਦੇ ਹਨ। ਇਸ ਲੜੀ ਦੇ ਤਹਿਤ ਕਲੱਬ ਪ੍ਰਧਾਨ ਸੁਭਾਸ਼ ਸਹਿਗਲ ਦੀ ਅਗਵਾਈ ਹੇਠ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ, ਪਿੰਡ ਕੁਲਾਰਾਂ ’ਚ ਬੱਚਿਆਂ ਦੇ ਵਰਤਣ ਲਈ 2 ਬਾਥਰੂਮ ਬਣਵਾ ਕੇ ਦਿੱਤੇ ਗਏ ਅਤੇ ਇੱਕ ਬਾਥਰੂਮ ਨੂੰ ਠੀਕ ਕਰਵਾ ਕੇ ਦਿੱਤਾ ਗਿਆ। ਕਲੱਬ ਪ੍ਰਧਾਨ ਸੁਭਾਸ਼ ਸਹਿਗਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਲੱਬ ਖੂਨਦਾਨ ਕੈਂਪ, ਮੈਡੀਕਲ ਚੈਕਅਪ ਕੈਂਪ, ਅੱਖਾਂ ਦਾ ਚੈਕਅਪ ਅਤੇ ਅਪ੍ਰੇਸ਼ਨ ਕੈਂਪ ਆਦਿ ਲਗਾਏ ਜਾਂਦੇ ਹਨ। ਇਸ ਦੇ ਨਾਲ ਹੀ ਸਕੂਲਾਂ ’ਚ ਸਟੇਸ਼ਨਰੀ, ਕਾਪੀਆਂ, ਕਿਤਾਬਾਂ, ਬੂਟ, ਜੁਰਾਬਾਂ, ਸਰਦੀਆਂ ਵਿੱਚ ਕੋਟੀਆਂ ਆਦਿ ਵੰਡੀਆਂ ਜਾਂਦੀਆਂ ਹਨ। ਇਸ ਮੌਕੇ ਲਾਇਨਜ਼ ਕਲੱਬ ਨਾਭਾ ਦੇ ਪ੍ਰਧਾਨ ਲਾਇਨ ਸੁਭਾਸ਼ ਸਹਿਗਲ, ਸੈਕਟਰੀ ਲਾਇਨ ਗੁਰਮੀਤ ਸਿੰਘ ਅਤੇ ਲਾਇਨ ਸੋਮਨਾਥ ਢੱਲ ਨੇ ਇਸ ਮਹੀਨੇ ਵਿੱਚ ਜਿਨ੍ਹਾਂ ਬੱਚਿਆਂ ਦਾ ਜਨਮ ਦਿਨ ਹੈ, ਉਨ੍ਹਾਂ ਨਾਲ ਕੇਕ ਵੀ ਕੱਟਿਆ। ਮੁੱਖ ਅਧਿਆਪਕਾ ਰੇਖਾ ਵੱਲੋਂ ਲਾਇਨਜ਼ ਕਲੱਬ ਨਾਭਾ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

## ਹੈਵਨ ਸੈਲੂਨ ਤੇ ਅਕੈਡਮੀ ਵਿਖੇ ਐਡਵਾਂਸਡ ਡਿਪਲੋਮਾ ਸ਼ੁਰੂ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਹੈਵਨ ਸੈਲੂਨ ਐਂਡ ਅਕੈਡਮੀ ਵੱਲੋਂ ਸਥਾਨਕ ਨਵੇਂ ਪ੍ਰਵੇਸ਼ ਕਰਨ ਵਾਲੇ ਜੋ ਸੁੰਦਰਤਾ ਅਤੇ ਤੰਦਰੁਸਤੀ ਦੇ ਖੇਤਰ ’ਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹਨ, ਉਹ ਨਜ਼ਦੀਕੀ “ਹੈਵਨ ਸੈਲੂਨ ਐਂਡ ਅਕੈਡਮੀ” ਫਰੀਦਕੋਟ ਵਿਖੇ ਐਡਵਾਂਸਡ ਡਿਪਲੋਮਾ ਇਨ ਕਾਸਮੈਟੋਲੋਜੀ ਅਤੇ ਹੇਅਰ ਡਿਜ਼ਾਈਨ ਕਰ ਕੇ ਦੂਜਿਆਂ ਨਾਲੋਂ ਅੱਗੇ ਵਧ ਸਕਦੇ ਹਨ। ਇਸ ਵਿੱਚ ਮੁੱਖ ਤੌਰ ’ਤੇ ਸੁੰਦਰਤਾ, ਵਾਲਾਂ ਅਤੇ ਮੇਕ-ਅੱਪ ਦੇ ਸਾਰੇ ਪਹਿਲੂਆਂ ’ਚ ਪੇਸ਼ੇਵਰ ਹੁਨਰ ਕੋਰਸ, ਸੁਹਜ-ਸ਼ਾਸਤਰ ’ਚ ਐਡਵਾਂਸਡ ਡਿਪਲੋਮਾ ਅਤੇ ਵਾਲਾਂ, ਚਮੜੀ ਅਤੇ ਮੇਕਅੱਪ ’ਚ ਵਾਲਾਂ ਦੇ ਡਿਜ਼ਾਈਨ, ਮੇਕਅੱਪ ਤੇ ਨੇਲ ਆਰਟ ਵਿੱਚ ਪੇਸ਼ੇਵਰ ਪੱਧਰ ਦੇ ਫਾਊਂਡੇਸ਼ਨ ਪੱਧਰ ਦੇ ਕੋਰਸਾਂ ਤੋਂ ਇਲਾਵਾ ਬ੍ਰਾਈਡਲ ਮਹਿੰਦੀ ਐਪਲੀਕੇਸ਼ਨ ਸ਼ਾਮਲ ਹਨ। ਇਸ ਤੋਂ ਇਲਾਵਾ ਹੇਵਨ ਸੈਲੂਨ ਐਂਡ ਅਕੈਡਮੀ ਵਿਖੇ ਵਾਲਾਂ ਦੇ ਝੜਨ, ਡੈਂਡਰਫ ਤੇ ਹੇਅਰ ਸਪਾ ਦੇ ਪੇਸ਼ੇਵਰ ਇਲਾਜ ਕੀਤੇ ਜਾਂਦੇ ਹਨ। ਹੈਵਨ ਸੈਲੂਨ ਐਂਡ ਅਕੈਡਮੀ ਦੀ ਸੈਂਟਰ ਹੈੱਡ ਮੈਨੇਜਰ ਨਵਦੀਪ ਕੌਰ ਮਾਹਲਾ ਤੇ ਮੈਨੇਜਿੰਗ ਡਾਇਰੈਕਟਰ ਪਵਨ ਮਨਚੰਦਾ ਨੇ ਦੱਸਿਆ ਕਿ ਇਸ ਸਮੇਂ ਸਾਡੀ ਹੈਵਨ ਸੈਲੂਨ ਐਂਡ ਅਕੈਡਮੀ ਫਰੀਦਕੋਟ ਵੱਲੋਂ ਬੱਚਿਆਂ ਲਈ ਕੋਰਸ ਕਰਵਾਏ ਜਾ ਰਹੇ ਹਨ, ਜਿਨ੍ਹਾਂ ’ਚ 50% ਦੀ ਛੋਟ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸਾਡੇ ਟਰੇਨਰਾਂ ਵਿੱਚ ਮਨਪ੍ਰੀਤ ਕੌਰ (ਵਾਲਾਂ ਦੇ ਮਾਹਰ), ਪ੍ਰਦੀਪ ਕੌਰ (ਨਹੁੰਆਂ ਦੇ ਮਾਹਰ), ਮਨੂ ਸ਼ਿੰਗਾਰ ਸਪੈਸ਼ਲਿਸਟ ਹਨ। ਇਸ ਤੋਂ ਇਲਾਵਾ ਗੁਰਪ੍ਰੀਤ ਕੌਰ ਤੇ ਹੋਰਾਂ ਨੇ ਸਰਟੀਫ਼ਿਕੇਟ ਪ੍ਰਾਪਤ ਕੀਤੇ।

## ਪਾਵਰਕਾਮ, ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਤੇ ਮੁਲਾਜ਼ਮਾਂ ਵੱਲੋਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ



**ਮੋਗਾ (ਅਮਰਜੀਤ ਬੱਬਰੀ)**-ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਦੇ ਮੈਂਬਰ ਅਤੇ ਫੈਡਰੇਸ਼ਨ ਏਟਕ ਦੀਆਂ ਸਮੂਹ ਯੂਨੀਅਨਾਂ ਦੇ ਮੁਲਾਜ਼ਮਾਂ ਨੇ ਝੰਡਾ ਲਹਿਰਾ ਕੇ ਮਜ਼ਦੂਰ ਦਿਵਸ ਮਨਾਇਆ ਅਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ । ਇਸ ਮੌਕੇ ਯੂਨੀਅਨ ਆਗੂ ਅਮਰੀਕ ਸਿੰਘ ਮਸੀਤਾਂ ਨੇ ਦੱਸਿਆ ਕਿ ਅਮਰੀਕਾ ਵਿੱਚ ਮਜ਼ਦੂਰ ਯੂਨੀਅਨਾਂ ਨੇ 1 ਮਈ 1886 ਨੂੰ ਕੰਮ ਦੇ ਘੰਟੇ 8 ਘੰਟੇ ਤੋਂ ਵੱਧ ਨਾ ਕਰਨ ਦੀ ਮੰਗ ਨੂੰ ਲੈ ਕੇ ਹੜਤਾਲ ਕੀਤੀ ਸੀ। ਇਸੇ ਦੌਰਾਨ ਸ਼ਿਕਾਗੋ ਦੇ ਇੱਕ ਬਜ਼ਾਰ ਵਿੱਚ ਬੰਬ ਧਮਾਕਾ ਹੋਇਆ ਅਤੇ ਨਿਹੱਥੇ ਮਜ਼ਦੂਰਾਂ ਨੂੰ ਗੋਲੀ ਮਾਰ ਦਿੱਤੀ ਗਈ। ਇਨ੍ਹਾਂ ਸ਼ਹੀਦ ਮਜ਼ਦੂਰਾਂ ਦੀ ਯਾਦ ’ਚ ਅਮਰੀਕਾ ਦੇ ਸ਼ਹਿਰ ਸ਼ਿਕਾਗੋ ’ਚ ਅੰਤਰਰਾਸ਼ਟਰੀ ਮਜ਼ਦੂਰ ਸੰਮੇਲਨ ਕੀਤਾ ਗਿਆ। ਇਸ ਦਿਨ ਸਾਰੇ ਮਜ਼ਦੂਰਾਂ ਅਤੇ ਮੁਲਾਜ਼ਮਾਂ ਨੂੰ ਛੁੱਟੀ ਦਿੱਤੀ ਗਈ। ਇਸ ਮੌਕੇ ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਇਕਾਈ ਮੋਗਾ ਅਤੇ ਫੈਡਰੇਸ਼ਨ ਏ.ਟੀ.ਸੀ ਨਾਲ ਸੰਬੰਧਤ ਸਮੂਹ ਜਥੇਬੰਦੀਆਂ ਨੇ 132 ਕੇਵੀ ਸਬ ਸਟੇਸ਼ਨ ਦੇ ਵਿਸ਼ਾਲ ਵਿਹੜੇ ’ਚ ਮਜ਼ਦੂਰ ਦਿਵਸ (ਮਈ ਦਿਵਸ) ਮੌਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

## ਪਾਵਰ ਲਿਫ਼ਟਿੰਗ ਮੁਕਾਬਲੇ ’ਚ ਤੀਰਕਰਨ ਸਿੰਘ ਨੇ ਜਿੱਤਿਆ ਸੋਨ ਤਗਮਾ




**ਕੋਟਕਪੂਰਾ (ਰਛਪਾਲ ਭੁੱਲਰ)** ਆਕਸਬ੍ਰਿਜ ਵਰਲਡ ਸਕੂਲ ਦੇ ਹੋਣਹਾਰ ਵਿਦਿਆਰਥੀ ਤੀਰਕਰਨ ਸਿੰਘ ਪੁੱਤਰ ਰਮਨਜੀਤ ਸਿੰਘ ਨੇ ਆਪਣੀ 12ਵੀਂ ਦੀ ਪੜ੍ਹਾਈ ਕਰਨ ਦੇ ਨਾਲ-ਨਾਲ ਨੈਸ਼ਨਲ ਪਾਵਰ ਲਿਫ਼ਟਿੰਗ ਮੁਕਾਬਲਿਆਂ ’ਚ ਪਹਿਲਾ ਸਥਾਨ ਹਾਸਲ ਕਰਕੇ ਸੋਨ ਤਗਮਾ ਪ੍ਰਾਪਤ ਕੀਤਾ ਤੇ ਭਾਰਤ ਸਮੇਤ ਆਪਣੇ ਇਲਾਕੇ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ, ਜਿਸ ਨਾਲ ਹਰ ਇਕ ਦੇ ਮਨ ਮੰਦਰ ਖੁਸ਼ੀ ਦੀ ਲਹਿਰ ਦੌੜ ਰਹੀ ਹੈ। ਸਕੂਲ ਪ੍ਰਿੰਸੀਪਲ ਮੈਡਮ ਸਮੀਨਾ ਖੁਰਾਨਾ ਨੇ ਦੱਸਿਆ ਕਿ ਇਹ ਮੁਕਾਬਲਾ ਜੰਮੂ-ਕਸ਼ਮੀਰ ਵਿਖੇ ਹੋਇਆ, ਜਿਸ ਵਿੱਚ ਤੀਰਕਰਨ ਸਿੰਘ ਨੇ 105 ਕਿੱਲੋਗ੍ਰਾਮ ਭਾਰ ਵਰਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨ ਤਗਮਾ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਮੁਕਾਬਲੇ ਉਪਰੰਤ ਨਵੰਬਰ 2023 ਤੇ ਅਪ੍ਰੈਲ 2024 ਵਿੱਚ ਅਮਰੀਕਾ ਵਿਖੇ ਹੋਣ ਵਾਲੇ ਅੰਤਰਰਾਸ਼ਟਰੀ (ਸਬ-ਜੂਨੀਅਰ) ਮੁਕਾਬਲਿਆਂ ਲਈ ਵੀ ਤੀਰਕਰਨ ਸਿੰਘ ਦੀ ਚੋਣ ਕੀਤੀ ਗਈ ਹੈ। ਵਾਈਸ ਪ੍ਰਿੰਸੀਪਲ ਮੈਡਮ ਸਪਨਾ ਬਜਾਜ ਨੇ ਤੀਰਕਰਨ ਸਿੰਘ ਦੀ ਇਸ ਸ਼ਾਨਦਾਰ ਜਿੱਤ ਦੀ ਸ਼ਲਾਘਾ ਕਰਦਿਆਂ ਨਸ਼ਿਆਂ ਦੇ ਰਾਹ ਪਈ ਜਵਾਨੀ ਨੂੰ ਸਿੱਧੇ ਰਸਤੇ ਲਾਉਣ ਦਾ ਇਕੋ-ਇੱਕ ਤਰੀਕਾ ਖੇਡਾਂ ਹਨ, ਜਿਨ੍ਹਾਂ ਨਾਲ ਨੌਜਵਾਨ ਬੱਚਿਆਂ ਵਿੱਚ ਉਤਸ਼ਾਹ ਭਰਿਆ ਜਾ ਸਕਦਾ ਹੈ ਤੇ ਨੌਜਵਾਨ ਪੀੜ੍ਹੀ ਦੀ ਊਰਜਾ ਦੀ ਸਹੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਦੀਪਕ ਸਿੰਘ ਮੌਂਗਾ, ਪ੍ਰਧਾਨ ਸੰਜੀਵ ਰਾਏ ਸ਼ਰਮਾ ਤੇ ਵਾਈਸ ਪ੍ਰਧਾਨ ਮਨਦੀਪ ਸਿੰਘ ਮੌਂਗਾ ਨੇ ਤੀਰਕਰਨ ਸਿੰਘ ਦੀ ਸ਼ਾਨਦਾਰ ਪ੍ਰਾਪਤੀ ਲਈ ਸਾਰਿਆਂ ਨੂੰ ਮੁਬਾਰਕਬਾਦ ਦਿੰਦਿਆਂ ਆਖਿਆ ਕਿ ਜਿਸ ਤਰ੍ਹਾਂ ਤੀਰਕਰਨ ਸਿੰਘ ਨੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਦੇ ਕੇ ਸੋਨ ਤਗਮਾ ਹਾਸਲ ਕਰਕੇ ਆਪਣੇ ਦੇਸ਼ ਦਾ ਨਾਂਅ ਰੌਸ਼ਨ ਕੀਤਾ ਹੈ।

## ਨਵੇਂ ਆਏ ਜੱਜਾਂ ਦਾ ਕੀਤਾ ਸਵਾਗਤ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਨਵੇਂ ਆਏ ਜੱਜ ਸਹਿਬਾਨਾਂ ਸ੍ਰੀ ਰਜਿੰਦਰ ਸਿੰਘ ਨਾਗਪਾਲ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਤੇ ਮੈਡਮ ਏਕਤਾ ਸੈਦਾ ਸਿਵਲ ਜੱਜ ਜੂਨੀਅਰ ਡਵੀਜ਼ਨ ਨੂੰ ਜੁਡੀਸ਼ੀਅਲ ਸਟਾਫ਼ ਵੱਲੋਂ ਜੀ ਆਇਆਂ ਆਖਿਆ ਅਤੇ ਤਬਦੀਲ ਹੋਏ ਜੱਜ ਸਾਹਿਬਾਨਾਂ ਨੂੰ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ। ਜੱਜ ਸ੍ਰੀ ਸਿਮਰਨ ਸਿੰਘ ਪਦਉੱਨਤ ਹੋ ਕੇ ਅਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਵਜੋਂ ਬਠਿੰਡਾ ਵਿਖੇ ਗਏ ਹਨ, ਜਦੋਂ ਕਿ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਮੈਡਮ ਮਮਤਾ ਕੱਕੜ ਤੋਂ ਤਬਦੀਲ ਹੋ ਕੇ ਫੂਲ ਜ਼ਿਲ੍ਹਾ ਬਠਿੰਡਾ ਵਿਖੇ ਗਏ ਹਨ। ਇਸ ਮੌਕੇ ਪੀ ਆਈ ਓ ਰੀਡਰ ਜਗਜੀਤ ਸਿੰਘ ਨੇ ਦੱਸਿਆ ਕੇ ਨਵੇਂ ਆਏ ਜੱਜ ਸਹਿਬਾਨਾਂ ਦਾ ਸਵਾਗਤ ਕਰਨ ਉਪਰੰਤ ਉਨ੍ਹਾਂ ਨਾਲ ਜੁਡੀਸ਼ੀਅਲ ਸਟਾਫ਼ ਨਾਲ ਜਾਣ-ਪਛਾਣ ਕਰਾਈ ਹੈ ਅਤੇ ਉਨ੍ਹਾਂ ਨੂੰ ਸਾਰੇ ਸਟਾਫ਼ ਵੱਲੋਂ ਇਮਾਨਦਾਰੀ ਤੇ ਲਗਨ ਨਾਲ ਕੰਮ ਕਰਨ ਦਾ ਭਰੋਸਾ ਦਿੱਤਾ ਹੈ।

## ਨਵ-ਨਿਯੁਕਤ ਐੱਸ ਡੀ ਓ ਅਨੁਭਵ ਸਿੰਗਲਾ ਵੱਲੋਂ ਸਰਕਾਰ ਦਾ ਧੰਨਵਾਦ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਪੰਜਾਬ ਸਰਕਾਰ ਵੱਲੋਂ ਅਪਣਾਈ ਪਾਰਦਰਸ਼ੀ ਭਰਤੀ ਪ੍ਰਕਿਰਿਆ ਕਾਰਨ ਮੈਨੂੰ ਜਲ ਸਪਲਾਈ ਤੇ ਸੀਵਰੇਜ ਬੋਰਡ ਵਿੱਚ ਬਤੌਰ ਸਬ ਡਵੀਜ਼ਨਲ ਅਫਸਰ ਦੀ ਸਰਕਾਰੀ ਨੌਕਰੀ ਹਾਸਲ ਹੋਈ ਹੈ। ਇਹ ਗੱਲ ਅਨੁਭਵ ਸਿੰਗਲਾ ਨੇ ਕਹੀ। ਨਵ-ਨਿਯੁਕਤ ਐਸ.ਡੀ.ਓ. ਅਨੁਭਵ ਸਿੰਗਲਾ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਹਾਲ ਹੀ ਵਿੱਚ ਮੁਕੰਮਲ ਹੋਈ ਭਰਤੀ ਪ੍ਰਕਿਰਿਆ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਹੈ, ਜਿਸ ਕਾਰਨ ਉਸ ਨੂੰ ਬਿਨਾਂ ਕਿਸੇ ਸਿਫ਼ਾਰਸ਼ ਤੇ ਰਿਸ਼ਵਤ ਇਹ ਨੌਕਰੀ ਹਾਸਲ ਹੋਈ ਹੈ। ਉਸ ਨੇ ਕਿਹਾ ਕਿ ਉਹ ਤੇ ਉਸਦਾ ਪਰਵਾਰ ਬਹੁਤ ਖੁਸ਼ ਹੈ, ਕਿਉਂਕਿ ਉਸ ਨੂੰ ਆਪਣੇ ਸੂਬੇ ਵਿੱਚ ਹੀ ਨੌਕਰੀ ਮਿਲ ਗਈ ਹੈ। ਸਿੰਗਲਾ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਸੂਬੇ ਦੇ ਯੋਗ ਨੌਜਵਾਨਾਂ ਨੂੰ ਪੱਕਾ ਰੁਜ਼ਗਾਰ ਮੁਹੱਈਆ ਕਰਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਇੱਕ ਸਾਲ ਵਿੱਚ 29 ਹਜ਼ਾਰ ਦੇ ਕਰੀਬ ਸਰਕਾਰੀ ਨੌਕਰੀਆਂ ਦੇਣੀਆਂ ਸੂਬੇ ਦੇ ਨੌਜਵਾਨਾਂ ਲਈ ਬੇਹੱਦ ਖੁਸ਼ੀ ਵਾਲੀ ਗੱਲ ਹੈ। ‘ਆਪ’ ਦੇ ਆਗੂ ਸਾਬਕਾ ਐਮ ਸੀ ਧਰਮਪਾਲ ਢੱਡਾ ਨੇ ਸਰਕਾਰ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਸਰਕਾਰ ਨੇ ਆਪਣੇ ਸ਼ੁਰੂਆਤੀ ਦੌਰ ਵਿੱਚ ਹੀ ਨੌਕਰੀਆਂ ਵੰਡਣੀਆਂ ਸ਼ੁਰੂ ਕਰ ਦਿੱਤੀਆਂ ਹਨ, ਜੇ ਇਥੇ ਕੋਈ ਹੋਰ ਸਰਕਾਰ ਹੁੰਦੀ ਤਾਂ ਇਹੀ ਨੌਕਰੀਆਂ ਪੰਜ ਸਾਲ ਬਾਅਦ ਚੋਣਾਂ ਵਾਲੇ ਸਾਲ ਵਿੱਚ ਮਿਲਣੀਆਂ ਸਨ।

## ਹੋਣਹਾਰ ਵਿਦਿਆਰਥਣ ਰਾਜਵਿੰਦਰ ਕੌਰ ਸਨਮਾਨਤ



**ਜਲਾਲਾਬਾਦ (ਸਤਨਾਮ ਸਿੰਘ/ਜੀਤ ਕੁਮਾਰ)**-ਮਿਹਨਤ ਤੇ ਲਗਨ ਦੀ ਮਿਸਾਲ ਬਣੀ ਧੀ ਰਾਣੀ ਰਾਜਵਿੰਦਰ ਕੌਰ ਸਰਾਰੀ ਪੁੱਤਰੀ ਸ੍ਰੀ ਪਰਮਜੀਤ ਸਿੰਘ ਵਾਸੀ ਚੱਕ ਮੋਜਦੀਨ ਵਾਲਾ (ਸੁਰਘੁਰੀ) ਨੇ ਸਿੱਧ ਕਰ ਦਿੱਤਾ ਹੈ ਕਿ ਜੇ ਕੁਝ ਕਰ ਗੁਜ਼ਰਨ ਦਾ ਜਜ਼ਬਾ ਹੋਵੇ ਤਾਂ ਕਿਸਮਤ ਵੀ ਉਸ ਦਾ ਸਾਥ ਦਿੰਦੀ ਹੈ। ਜਲਾਲਾਬਾਦ ਹਲਕੇ ਦੀ ਮਿਹਨਤੀ ਬੇਟੀ ਰਾਜਵਿੰਦਰ ਨੇ ਅੱਠਵੀਂ ਜਮਾਤ ਤੋਂ ਪੂਰੇ ਪੰਜਾਬ ਵਿਚੋਂ 10ਵਾਂ ਸਥਾਨ ਤੇ ਜ਼ਿਲ੍ਹੇ ਵਿੱਚ 4 ਸਥਾਨ ਤੇ ਬਲਾਕ ਵਿੱਚ ਪਹਿਲਾਂ ਸਥਾਨ ਹਾਸਲ ਕਰਕੇ ਸਭ ਦਾ ਮਾਣ ਵਧਾਇਆ ਹੈ, ਜਿਸ ਲਈ ਸਰਕਾਰੀ ਹਾਈ ਸਕੂਲ ਚੱਕ ਮੋਜਦੀਨ ਵਾਲਾ ਦੇ ਸਮੂਹ ਸਟਾਫ ਅਤੇ ਇਸ ਬੱਚੀ ਦੇ ਮਾਤਾ-ਪਿਤਾ ਦੀ ਵੀ ਪ੍ਰਸ਼ੰਸਾ ਕਰਨੀ ਬਣਦੀ ਹੈ। ਵਿਦਿਆਰਥਣ ਰਾਜਵਿੰਦਰ ਦੀ ਇਸ ਪ੍ਰਾਪਤੀ ਤੇ ਬਲਾਕ ਸਿੱਖਿਆ ਦਫ਼ਤਰ ਵਿਚ ਇਸ ਬੱਚੀ ਨੂੰ ਬੁਲਾ ਕੇ ਬੀ ਪੀ ਓ ਨਰਿੰਦਰ ਸਿੰਘ, ਜਸਪਾਲ ਸਿੰਘ ਤੇ ਸੁਸ਼ੀਲ ਕੁਮਾਰੀ ਨੇ ਵਿਸ਼ੇਸ਼ ਤੌਰ ’ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਮੈਡਮ ਕਮਲ ਪ੍ਰਭਾ, ਮੈਡਮ ਸੋਨਮ, ਮੈਡਮ ਪੂਜਾ ਤੇ ਮੈਡਮ ਸੀਮਾ ਵੀ ਹਾਜ਼ਰ ਸਨ।

## ਗੁਰੂ ਨਾਨਕ ਕਾਲਜ ’ਚ ਬੱਚਿਆਂ ਨੂੰ ਦਿੱਤੀ ਜਾਂਦੀ ਮੁਫ਼ਤ ਬਾਕਸਿੰਗ ਸਿਖਲਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਰਮਨਦੀਪ ਕੌਰ ਬਾਕਸਿੰਗ ਕੋਚ ਨੇ ਦੱਸਿਆ ਕਿ ਖੇਡ ਵਿਭਾਗ ਵੱਲੋਂ ਵੱਖ-ਵੱਖ ਉਪਰਾਲਿਆਂ ਤਹਿਤ ਜ਼ਿਲ੍ਹੇ ਦੇ ਬੱਚਿਆਂ ਨੂੰ ਖੇਡਾਂ ਨਾਲ ਜੋੜਿਆ ਜਾ ਰਿਹਾ ਹੈ ਤਾਂ ਜੁ ਉਹ ਨਸ਼ੇ ਵਰਗੀਆਂ ਬੁਰੀਆਂ ਆਦਤਾਂ ਤੋਂ ਬਚ ਸਕਣ ਤੇ ਆਪਣਾ ਸਰੀਰਕ ਅਤੇ ਬੌਧਿਕ ਵਿਕਾਸ ਕਰ ਸਕਣ। ਕੋਚ ਮੈਡਮ ਨੇ ਦੱਸਿਆ ਕਿ ਖੇਡ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਗੁਰੂ ਨਾਨਕ ਕਾਲਜ ਵਿਖੇ ਬਾਕਸਿੰਗ ਖੇਡ ਦੀ ਮੁਫ਼ਤ ਸਿਖਲਾਈ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਉਨ੍ਹਾਂ ਕੋਲ 30 ਬੱਚਿਆਂ ਦਾ ਗਰੁੱਪ ਚੱਲ ਰਿਹਾ ਹੈ, ਜਿਨ੍ਹਾਂ ਨੂੰ ਸਵੇਰੇ 5 ਵਜੇ ਤੋਂ 7 ਵਜੇ ਤੱਕ ਅਤੇ ਸ਼ਾਮ 4 ਵਜੇ ਤੋਂ 6.30 ਵਜੇ ਤੱਕ ਸਿਖਲਾਈ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਖੇਡ ਵਿਭਾਗ ਵੱਲੋਂ ਵੱਖ-ਵੱਖ ਟੀਮਾਂ ਬਣਾ ਕੇ ਸਕੂਲਾਂ ਵਿੱਚ ਵਿਜ਼ਿਟ ਕੀਤਾ ਜਾਂਦਾ ਹੈ ਤੇ ਬੱਚਿਆਂ ਨੂੰ ਡੈਮੋ ਦਿਖਾ ਕੇ ਬਾਕਸਿੰਗ ਖੇਡ ਨਾਲ ਜੁੜਨ ਲਈ ਉਤਸ਼ਾਹਤ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਬਾਕਸਿੰਗ ਖੇਡਣ ਨਾਲ ਬੱਚਿਆਂ ਅੰਦਰ ਆਤਮ ਰੱਖਿਆ ਕਰਨ ਦਾ ਵਿਸ਼ਵਾਸ ਬਣ ਜਾਂਦਾ ਹੈ, ਉਹ ਡਰ ਜਾਂ ਭੈਅ ਤੋਂ ਮੁਕਤ ਹੋ ਜਾਂਦੇ ਹਨ ਅਤੇ ਕਿਸੇ ਵੀ ਮੁਸ਼ਕਲ ਦਾ ਅਸਾਨੀ ਨਾਲ ਸਾਮਹਣਾ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਖੇਡ ਨਾਲ ਬੱਚੇ ਸਮੇਂ ਦੇ ਪਾਬੰਦ ਹੋ ਜਾਂਦੇ ਹਨ ਤੇ ਉਨ੍ਹਾਂ ਦੇ ਸਰੀਰ ਵਿਚ ਫੁਰਤੀ ਅਤੇ ਲਚਕ ਆ ਜਾਂਦੀ ਹੈ।

## ਅੰਮ੍ਰਿਤ ਕਾਲ ’ਚ ਨੌਜਵਾਨਾਂ ਦੀ ਵਿਸ਼ੇਸ਼ ਭੂਮਿਕਾ : ਡਾ. ਅਮਿਤ ਕਾਂਸਲ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ (ਸੈਲਾਈਟ) ਵਿਖੇ ਯੂਥ ਪਾਰਲੀਮੈਂਟ ਵਿੱਚ ਨੈਸ਼ਨਲ ਹਾਈਡਰੋ ਪਾਵਰ ਕਾਰਪੋਰੇਸ਼ਨ, ਬਿਜਲੀ ਮੰਤਰਾਲਾ, ਭਾਰਤ ਸਰਕਾਰ ਦੇ ਸੁਤੰਤਰ ਨਿਰਦੇਸ਼ਕ ਅਤੇ ਪ੍ਰਸਿੱਧ ਸਿੱਖਿਆ ਸ਼ਾਸ਼ਤਰੀ ਡਾ. ਅਮਿਤ ਕਾਂਸਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਭਾਰਤੀ ਸੰਸਦ ਦੇ ਸਦਨ ਲੋਕ ਸਭਾ ਦੀ ਕਾਰਵਾਈ ਦਾ ਬਹੁਤ ਹੀ ਸਾਰਥਿਕ ਪ੍ਰਦਰਸ਼ਨ ਕੀਤਾ। ਇਸ ਪ੍ਰੋਗਰਾਮ ਦਾ ਆਯੋਜਨ ਸੰਸਥਾ ਦੇ ਐਨ.ਐਸ.ਐਸ ਵਿਭਾਗ ਵੱਲੋਂ ਕੀਤਾ ਗਿਆ ਸੀ। ਪ੍ਰੋਗਰਾਮ ਦੀ ਪ੍ਰਧਾਨਗੀ ਸਲਾਈਟ ਦੇ ਡਾਇਰੈਕਟਰ ਡਾ. ਸ਼ੈਲੇਂਦਰ ਜੈਨ ਨੇ ਕੀਤੀ। ਡਾ. ਅਮਿਤ ਕਾਂਸਲ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਉਣ ਵਾਲੇ 25 ਸਾਲ ਭਾਰਤ ਤੇ ਸਮੂਹ ਭਾਰਤੀਆਂ ਲਈ ਬਹੁਤ ਮਹੱਤਵਪੂਰਨ ਹਨ, ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਅੰਮ੍ਰਿਤਕਾਲ ਦਾ ਨਾਂਅ ਦਿੱਤਾ ਹੈ। ਇਸ ਦੌਰ ਵਿੱਚ ਹਰ ਨੌਜਵਾਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੇਸ ਨੂੰ ਬੁਲੰਦੀਆਂ ਤੱਕ ਲਿਜਾਣ ਵਿੱਚ ਆਪਣੀ ਭੂਮਿਕਾ ਤੈਅ ਕਰੇ ਤੇ ਉਹ ਜਿਸ ਵੀ ਖੇਤਰ ਵਿੱਚ ਕੰਮ ਕਰ ਰਿਹਾ ਹੈ, ਉਸ ਕੰਮ ਨੂੰ ਸਭ ਤੋਂ ਵੱਧ ਪਹਿਲ ਦੇ ਆਧਾਰ ’ਤੇ ਸਮਝ ਕੇ ਮਿਹਨਤ ਕਰਨੀ ਚਾਹੀਦੀ ਹੈ, ਉਸ ਪ੍ਰਤੀ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ। ਡਾ. ਕਾਂਸਲ ਨੇ ਨੌਜਵਾਨਾਂ ਨੂੰ ਰਾਜਨੀਤੀ ਦੇ ਵੱਖ-ਵੱਖ ਗੁਰ ਵੀ ਸਿਖਾਏ। ਸੰਸਥਾ ਦੇ ਡਾਇਰੈਕਟਰ ਡਾ. ਸ਼ੈਲੇਂਦਰ ਜੈਨ ਨੇ ਮੁੱਖ ਮਹਿਮਾਨ ਨੂੰ ਸਨਮਾਨਤ ਕਰਦੇ ਹੋਏ ਵਿਦਿਆਰਥੀਆਂ ਨੂੰ ਯੂਥ ਪਾਰਲੀਮੈਂਟ ਦੇ ਆਯੋਜਨ ਲਈ ਵਧਾਈ ਦਿੱਤੀ। ਇਸ ਮੌਕੇ ਸੰਸਥਾ ਦੇ ਐਨ.ਐਸ.ਐਸ ਕੋਆਰਡੀਨੇਟਰ ਡਾ. ਗੁਲਸ਼ਨ ਜਾਵਾ ਡੀਨ ਵਿਦਿਆਰਥੀ ਭਲਾਈ ਡਾ. ਰਾਜੇਸ਼ ਕੁਮਾਰ, ਪ੍ਰੋ. ਯੋਗੇਸ਼, ਬਬਲੂ ਸਿੰਗਲਾ, ਅਭਿਨਵ ਜਿੰਦਲ, ਅਭਿਸ਼ੇਕ ਜਿੰਦਲ, ਯਸ਼ ਵਰਮਾ, ਮੋਹਿਤ ਜਿੰਦਲ ਤੇ ਸੰਸਥਾ ਦੇ ਹੋਰ ਅਧਿਆਪਕ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

## ਪੱਕੇ ਮੋਰਚੇ ਬਾਅਦ ਬੈਰੀਅਰ ਚੌਕ ’ਤੇ ਲਾਇਆ ਧਰਨਾ

**ਮੂਨਕ (ਰਾਜਪਾਲ ਸਿੰਗਲਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮੂਨਕ ਤੇ ਛੱਪੜ ਸਫ਼ਾਈ ਸੰਘਰਸ਼ ਕਮੇਟੀ ਵੱਲੋਂ ਪਿਛਲੇ ਕਈ ਦਿਨਾਂ ਤੋਂ ਲੱਗੇ ਪੱਕੇ ਮੋਰਚੇ ਤੋਂ ਬਾਅਦ ਮੂਨਕ ਦੇ ਬੈਰੀਅਰ ਚੌਕ ਵਿੱਚ ਧਰਨਾ ਲਾ ਦਿੱਤਾ। ਧਰਨੇ ਦੌਰਾਨ ਜਥੇਬੰਦੀਆਂ ਵੱਲੋਂ ਦਿੱਤੇ ਸੱਦੇ ਅਨੁਸਾਰ ਮੂਨਕ ਦੁਕਾਨਦਾਰ ਵੱਲੋਂ ਬਜ਼ਾਰ ਬੰਦ ਕਰਨ ਦਾ ਸਹਿਯੋਗ ਮਿਲਿਆ, ਜਿਸ ਤੋਂ ਮਜਬੂਰਨ ਪ੍ਰਸ਼ਾਸਨ ਨੂੰ ਲੋਕਾਂ ਦੇ ਸੰਘਰਸ਼ ਅੱਗੇ ਝੁਕਣਾ ਪਿਆ, ਐਸ ਡੀ ਐਮ ਵੱਲੋਂ ਧਰਨੇ ਵਾਲੀ ਥਾਂ ਪਹੁੰਚ ਕੇ ਲੋਕਾਂ ਨੂੰ ਸਮੱਸਿਆ ਦਾ ਹੱਲ 1 ਜੂਨ ਤੱਕ ਹੱਲ ਕਰਨ ਦਾ ਵਿਸ਼ਵਾਸ ਦਿਵਾ ਕੇ ਧਰਨੇ ਨੂੰ ਖਤਮ ਕੀਤਾ ਗਿਆ। ਪ੍ਰੋਗਰਾਮ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਵੀ ਵਿਸ਼ੇਸ਼ ਤੌਰ ਪਹੁੰਚੇ ਤੇ ਉਨ੍ਹਾਂ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਪ੍ਰਸ਼ਾਸਨ ਵੱਲੋਂ ਹੁਣ ਵੀ ਛੱਪੜ ਦੀ ਸਫ਼ਾਈ ਦੇ ਮਸਲੇ ’ਤੇ ਢਿੱਲ ਮੱਠ ਕੀਤੀ ਜਾਂਦੀ ਹੈ ਤਾਂ ਜਥੇਬੰਦੀ ਵੱਲੋਂ ਜ਼ਿਲ੍ਹਾ ਪੱਧਰੀ ਵੱਡਾ ਐਕਸ਼ਨ ਦਿੱਤਾ ਜਾਵੇਗਾ ਅਤੇ ਜਥੇਬੰਦੀ ਵੱਲੋਂ ਜ਼ਿਲ੍ਹਾ ਸੰਗਰੂਰ ਦੇ ਜੋਲੀਆਂ ਪਿੰਡ ਵਿੱਚ ਵੱਡਾ ਇਕੱਠ ਕੀਤਾ ਜਾ ਰਿਹਾ ਹੈ, ਜਿਸ ਵਿੱਚ ਬਲਾਕ ਮੂਨਕ ਦੇ ਸਾਰੀਆਂ ਪਿੰਡ ਇਕਾਈਆਂ ਦੇ ਕਿਸਾਨਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ।

ਬਲਾਕ ਮੂਨਕ ਦੇ ਪ੍ਰਧਾਨ ਸੁਖਦੇਵ ਸਿੰਘ ਕੜੈਲ, ਜਨਰਲ ਸਕੱਤਰ ਰਿੰਕੂ ਮੂਨਕ, ਲਹਿਰਾਗਾਗਾ ਦੇ ਬਲਾਕ ਪ੍ਰਧਾਨ ਧਰਮਿੰਦਰ ਸਿੰਘ ਪਿਸ਼ੌਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਹਰਭਗਵਾਨ ਸਿੰਘ, ਪੰਜਾਬ ਸਟੂਡੈਂਟ ਯੂਨੀਅਨ ਦੇ ਸੂਬਾ ਆਗੂ ਹੁਸ਼ਿਆਰ ਸਿੰਘ ਸਲੇਮਗੜ੍ਹ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਬਲਾਕ ਆਗੂ ਰੌਸ਼ਨ ਮੂਨਕ, ਬੰਟੀ ਢੀਂਡਸਾ, ਮਿੱਠੂ ਹਾਂਡਾ, ਕੁਲਦੀਪ ਗੁਲਾੜੀ ਜ਼ਿਲ੍ਹਾ ਆਗੂ ਬਹਾਲ ਸਿੰਘ ਢੀਂਡਸਾ ਕਮੇਟੀ ਮੈਂਬਰ ਸੋਹਨ ਸਿੰਘ, ਬਲਵੀਰ ਸਿੰਘ, ਨੋਰੀਆ ਸੈਣੀ, ਸੋਨੂੰ ਸੈਣੀ ਤੇ ਦੇਬਾ ਸੈਣੀ ਆਦਿ ਹਾਜ਼ਰ ਸਨ।

## ਵਾਈ ਐੱਸ ਪਬਲਿਕ ਸਕੂਲ ਥਾਂਦੇਵਾਲਾ ਦਾ ਅੱਠਵੀਂ ਜਮਾਤ ਦਾ ਨਤੀਜਾ 100 ਫੀਸਦੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਜਮਾਤ ਮਾਰਚ 2023 ਦਾ ਨਤੀਜਾ ਸੌ ਫੀਸਦੀ ਰਿਹਾ। ਜਿਸ ਵਿੱਚ ਕਮਲਦੀਪ ਕੌਰ ਸਪੁੱਤਰੀ ਹਰਜਿੰਦਰ ਸਿੰਘ ਨੇ 541/600(90.1%) ਅੰਕ ਹਾਸਲ ਕਰਕੇ ਪਹਿਲਾ, ਕਮਲਦੀਪ ਕੌਰ ਸਪੁੱਤਰੀ ਬਲਜੀਤ ਸਿੰਘ ਨੇ 538/600(89.6%) ਅੰਕ ਹਾਸਲ ਕਰਕੇ ਦੂਜਾ ਸਥਾਨ ਅਤੇ ਵੀਨੂੰ ਰਾਣੀ ਸਪੁੱਤਰੀ ਪ੍ਰਵੀਨ ਕੁਮਾਰ ਨੇ 533/600(88.8%) ਅੰਕ ਹਾਸਲ ਕਰ ਕੇ ਤੀਸਰਾ ਸਥਾਨ ਹਾਸਲ ਕੀਤਾ । ਇਸ ਤੋਂ ਇਲਾਵਾ ਬਾਕੀ ਵਿਦਿਆਰਥੀਆਂ ਨੇ ਚੰਗੇ ਅੰਕ ਹਾਸਲ ਕਰਕੇ ਆਪਣੇ ਮਾਪਿਆਂ ਅਤੇ ਆਪਣੀ ਸੰਸਥਾ ਦਾ ਨਾਂਅ ਪੂਰੇ ਇਲਾਕੇ ’ਚ ਰੌਸ਼ਨ ਕੀਤਾ। ਇਨ੍ਹਾਂ ਮੋਹਰੀ ਵਿਦਿਆਰਥੀਆਂ ਨੂੰ ਸਕੂਲ ਚੇਅਰਮੈਨ ਜਸਵਿੰਦਰ ਸਿੰਘ ਅਤੇ ਮੁੱਖ ਅਧਿਆਪਕ ਹਰਮੀਤ ਸਿੰਘ ਨੇ ਐਵਾਰਡ ਦੇ ਕੇ ਸਨਮਾਨਤ ਕੀਤਾ ਅਤੇ ਮੂੰਹ ਮਿੱਠਾ ਕਰਵਾਇਆ। ਵਿਦਿਆਰਥੀਆਂ ਦੇ ਮਾਪਿਆਂ ਨੂੰ ਸਕੂਲ ਦੀ ਮੈਨੇਜਮੈਂਟ ਕਮੇਟੀ ਵੱਲੋਂ ਵਧਾਈਆਂ ਦਿੱਤੀਆਂ ਗਈਆਂ । ਇਸ ਸ਼ਾਨਦਾਰ ਮੌਕੇ ਸਕੂਲ ਦਾ ਸਟਾਫ ਵੀ ਹਾਜ਼ਰ ਸੀ।

## ...ਸ.ਫ਼ਾ 1 ਦੇ ਬਾਕੀ

### ਭਾਜਪਾ ਦਾ ਪੰਜਾਬ ਤੇ ਕਿਸਾਨ...

ਲਿਆ, ਉੱਪਰੋਂ ਢੀਠਤਾ ਦੀ ਹੱਦ ਕਰਦਿਆਂ ਪੇਂਡੂ ਵਿਕਾਸ ਫੰਡ ਦੇ ਨਾਲ-ਨਾਲ ਇਸ ਵਾਰ ਦੇ ਹਾੜੀ ਸੀਜ਼ਨ ਦੀ ਬਣਦੀ ਮਾਰਕੀਟ ਫੀਸ ਵਿੱਚ ਵੀ ਕਟੌਤੀ ਕਰਕੇ ਸੂਬੇ ਦੇ ਬਣਦੇ ਹੋਰ 250 ਕਰੋੜ ਨੂੰ ਵੀ ਨੱਪ ਲਿਆ। ਮੁੱਖ ਮੰਤਰੀ ਨੇ ਕਿਹਾ ਕਿ ਮੋਦੀ ਸਰਕਾਰ ਕਿਸਾਨ ਅੰਦੋਲਨ ਦੀ ਨਾਮੋਸ਼ੀ ਤੋਂ ਬਾਅਦ ਲਗਾਤਾਰ ਸੂਬੇ ਅਤੇ ਇਸ ਦੇ ਕਿਸਾਨਾਂ ਨੂੰ ਸਬਕ ਸਿਖਾਉਣ ਵਾਲੀ ਬਦਨੀਅਤ ਨਾਲ ਪੰਜਾਬ ਦੇ ਵਿਰੁੱਧ ਕੰਮ ਕਰ ਰਹੀ ਹੈ।

ਉਨ੍ਹਾ ਕਿਹਾ ਕਿ ਅੱਜ ਕੇਂਦਰ ਨੇ ਸੂਬੇ ਦੇ ਬਣਦੇ ਹੱਕ ਯਾਨਿ ਕਿ ‘ਇੱਕ ਹਜ਼ਾਰ ਕਰੋੜ ਰੁਪਏ’ ਨੂੰ ਦੇਣ ਤੋਂ ਸਰੇਆਮ ਇਨਕਾਰ ਕਰਕੇ ਇਹ ਦੁਬਾਰਾ ਸਾਬਤ ਕਰ ਦਿੱਤਾ ਹੈ ਕਿ ਉਸ ਦੇ ਮਨ ਵਿੱਚ ਪੰਜਾਬ ਅਤੇ ਕਿਸਾਨਾਂ ਲਈ ਕਿੰਨੀ ਕੁੜੱਤਣ ਭਰੀ ਹੈ। ਉਹਨਾ ਕਿਹਾ ਕਿ ਮੋਦੀ ਸਰਕਾਰ ਭੁੱਲ ਗਈ ਹੈ ਕਿ ਇਹ ਪੰਜਾਬ ਹੀ ਹੈ, ਜਿਸ ਨੇ ਸਦਾ ਭੁੱਖੇ ਦੇਸ਼ ਦਾ ਢਿੱਡ ਭਰਿਆ ਅਤੇ ਅਨਾਜ ਦੇ ਭੰਡਾਰ ਨੱਕੋ-ਨੱਕ ਭਰ ਕੇ ਰੋਟੀ ਖੁਣੋਂ ਵਿਲਕਦੇ ਦੇਸ਼ ਨੂੰ ਬੇਫਿਕਰ ਕੀਤਾ, ਪਰ ਬਦਲੇ ਵਿੱਚ ਸਾਨੂੰ ਕੇਂਦਰ ਨੇ ਸਦਾ ਧੋਖਾ ਹੀ ਦਿੱਤਾ। ਉਨ੍ਹਾ ਪੰਜਾਬ ਭਾਜਪਾ ਦੇ ਆਗੂਆਂ ਨੂੰ ਵੀ ਨਸੀਹਤ ਦਿੰਦੇ ਹੋਏ ਕਿਹਾ ਕਿ ਸੂਬੇ ਦੇ ਭਾਜਪਾ ਆਗੂਆਂ ਨੂੰ ਮੋਦੀ ਸਰਕਾਰ ਦੇ ਇਸ ਤਾਨਾਸ਼ਾਹੀ ਰਵੱਈਏ ਦਾ ਵਿਰੋਧ ਕਰਦਿਆਂ ਪੰਜਾਬ ਦੇ ਹੱਕ ਦੀ ਆਵਾਜ਼ ਬੁਲੰਦ ਕਰਨ ਦੀ ਹਿੰਮਤ ਵਿਖਾਉਣੀ ਚਾਹੀਦੀ ਹੈ।

### ਜ਼ਲਾਲਤ ਤੋਂ...

ਬੁੱਧਵਾਰ ਰਾਤ ਪ੍ਰਦਰਸ਼ਨਕਾਰੀ ਭਲਵਾਨਾਂ ਵਿਰੁੱਧ ਕੋਈ ਤਾਕਤ ਨਹੀਂ ਵਰਤੀ ਗਈ, ਸਗੋਂ ਉਸ ਦੇ ਪੰਜ ਮੁਲਾਜ਼ਮ ਜ਼ਖ਼ਮੀ ਹੋਏ ਹਨ।

ਇਹ ਦਾਅਵਾ ਵੀ ਕੀਤਾ ਗਿਆ ਕਿ ਕੋਈ ਵੀ ਪੁਲਸ ਮੁਲਾਜ਼ਮ ਸ਼ਰਾਬੀ ਨਹੀਂ ਸੀ ਤੇ ਮੌਕੇ ’ਤੇ ਕਾਫੀ ਗਿਣਤੀ ’ਚ ਮਹਿਲਾ ਕਰਮਚਾਰੀ ਮੌਜੂਦ ਸਨ।

### ਚੋਰੀ ਦੇ ਸ਼ੱਕ ’ਚ ..

ਹੋਣ ਲਈ ਮੰਡੀ ਹਾਊਸ ਇਲਾਕੇ ’ਚ ਗਈਆਂ ਸਨ। ਇਸ ਦੌਰਾਨ ਵਾਰਡਨ ਨੇ ਦੇਖਿਆ ਕਿ ਉਸ ਦੇ ਬੈਗ ’ਚੋਂ 8000 ਰੁਪਏ ਗਾਇਬ ਸਨ। ਵਾਰਡਨ ਨੂੰ ਦੋ ਵਿਦਿਆਰਥਣਾਂ ’ਤੇ ਚੋਰੀ ਦਾ ਸ਼ੱਕ ਸੀ। ਵਾਰਡਨ ਨੇ ਹੋਰਨਾਂ ਵਿਦਿਆਰਥਣਾਂ ਦੀ ਮਦਦ ਨਾਲ ਦੋਵੇਂ ਵਿਦਿਆਰਥਣਾਂ ਦੇ ਕੱਪੜੇ ਉਤਾਰ ਕੇ ਉਨ੍ਹਾਂ ਦੀ ਤਲਾਸ਼ੀ ਲਈ, ਪਰ ਉਨ੍ਹਾਂ ਕੋਲੋਂ ਚੋਰੀ ਦੀ ਰਕਮ ਬਰਾਮਦ ਨਹੀਂ ਹੋਈ।

G20

**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

ਸੀਨੀਅਰ ਡਵੀਜ਼ਨ ਸਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਟੈਂਡਰ ਨੰ: 433 -ਸਿਗ-ਟੀ-03-23-24 ਈ-ਟੈਂਡਰਿੰਗ ਦੁਆਰਾ ਤੋਂ ਮਿਤੀ 30.05.2023 ਨੂੰ 15.00 ਵਜੇ ਤਕ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮਾਂ ਕਰਵਾਏ । ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ । ਠੇਕੇਦਾਰ ਦੁਵਾਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਆਦਿ ਦੁਵਾਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਕ, ਡਿਪੋਜ਼ਿਟ ਰਸੀਦ, ਐਫਡੀਆਰ ਆਦਿ ਦੇ ਦੁਵਾਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਹੋਵੇਗੀ ।

| | | | |
|---|---|---|---|
| ਕੰਮ ਦਾ ਨਾਮ | (1) ਫਿਰੋਜ਼ਪੁਰ ਮੰਡਲ ਦੇ ਬੀ ਰੂਟ ਵਿਚ ਪੁਰਾਣੇ ਯਾਂਤ੍ਰਿਕ ਲਿਫਟਿੰਗ ਨੂੰ ਵਿਯੁਤ ਸੰਚਾਲਿਤ ਲਿਫਟਿੰਗ ਬੈਰਿਯਰ ਤੋਂ ਬਦਲਣ ਦਾ ਕੰਮ (2) ਫਿਰੋਜ਼ਪੁਰ ਮੰਡਲ ਦੇ ਇੰਟਰਲਾਕਡ ਸਮਪਾਰ ਫਾਟਕਾਂ ਉਤੇ ਸੁਰੱਖਿਆ ਵਧਾਣ ਦੇ ਲਈ ਵਿਸ਼ਵਸਨੀਯਤਾ ਸੁਧਾਰ ਕੰਮ (3) ਫਿਰੋਜ਼ਪੁਰ ਮੰਡਲ ਦੇ ਖਾਸਾ ਸਟੇਸ਼ਨ (ਕੇਐਸਏ) ਵਿਚ ਸਥਾਪਿਤ ਸੀਮੇਂਸ ਮੇਕ ਇਲੈਕਟ੍ਰੋਨਿਕ ਇੰਟਰਲਾਕਿੰਗ ਸਿਸਟਮ ਦਾ ਪੂਰਾ ਸਲਾਨਾ ਰੱਖ-ਰੱਖਾਵ ਅਨੁਬੰਧ | | |
| ਟਾਇਪ ਆਫ ਟੈਂਡਰ | ਖੁਲੀ (ਈ-ਟੈਂਡਰਿਗ) | ਟੈਂਡਰ ਪਾਉਣ ਦਾ ਸਿਸਟਮ | ਸਿੰਗਲ ਪੈਕੇਟ ਸਿਸਟਮ |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 30/05/2023 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 03/05/2023 18:55 |
| ਟੈਂਡਰ ਪ੍ਰੀ ਬਿਡ ਚਾਹੀਦੀ | ਨਹੀਂ | ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | 16/05/2023 |
| ਅਨੁਮਾਨਿਤ ਕੀਮਤ | (i) 29019530.04 (ii) 20583501.55 (iii) 2711874.72 | ਟੈਂਡਰਿੰਗ ਸੈਕਸ਼ਨ | ਸੰਕੇਤ |
| ਟੈਂਡਰ ਪਾਉਣ ਦਾ ਤਰੀਕਾ | ਟੈਂਡਰ ਦੇ ਲਈ ਏਕਲ ਦਰ | ਬਿਡਿੰਗ ਯੂਨਿਟ | ਉਪਰ/ਹੇਠਾ/ਪਾਰ |
| ਬਿਆਨਾ ਰਾਸ਼ੀ (ਰੁ:) | (i) 295100.00 (ii) 252900.00 (iii) 54200.00 | ਟੈਂਡਰ ਦੀ ਵੈਧਤਾ ਅਤੇ ਦਿਨ | 60 ਦਿਨ |
| ਟੈਂਡਰ ਡਾਕਯੂਮੈਂਟ ਦੀ ਕੀਮਤ (ਰੁ:) | ਸਿਫ਼ਰ | ਕੰਮ ਪੂਰਾ ਕਰਨ ਦਾ ਸਮਾਂ | (i) 12 ਮਹੀਨੇ (ii) 12 ਮਹੀਨੇ (iii) 36 ਮਹੀਨੇ |

ਟੈਂਡਰ ਸੂਚਨਾ ਨੰ:- 433-ਸਿਗ-ਟੀ-03-23-24 ਮਿਤੀ : 04.05.2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1367/23

**Declaration about criminal case**

**(As per the judgement dated 25th September, 2018 of Hon`ble Supreme Court in WP(Civil) No.536 of 201 (Public Interest Foundation & ors. Vs. Union of India & Anr.)**

**Name and address of candidate : SUKHMANI ENCLAVE, SOTRAN ROAD, BANGA, DISTRICT SHAHEED BHAGAT SINGH NAGAR**

**Name of Political Party : Shiromani Akali Dal, Name of the Election : HOUSE OF THE PEOPLE FROM 04-JALANDHAR CONSTITUENCY**

**Name of Constituency 04-JALANDHAR**

I, Sukhwinder Kumar a candidate for the above mentioned election declare for Public Information the Following detailed about my criminal antecedents

| | | Pending Criminal | Details about case of conviction for criminal offence | | |
|---|---|---|---|---|---|
| Sr. No. | Name of the Court | Case No. & Status of the case | Section of the act concerned and brief description of offense | Name of the court and date of order | Description of the offence and punishment Imposed |
| 1. | | FIR No.131 Dt. 07-06-2021,PS, Mataur,SAS Nagar U/s 188/269/270 of IPC and U/S 51A Disaster Management Act, 2005<br><br>For Violation of covid-19 instructions Report under section 173 Cr.PC. has not been filled in the court | Case No. CHI/466/2021FIR No. 152 Dt. 08-12-2017, PS City Nawanshehar U/s 188/341/283/431 of IPC and section 8-B of NH Act,1956 For Violation of Covid-19 instructions | In the court of Sh. Jagbir Singh Mehandiratta, CJM, SBS Nagar order dated 10-09-2021 | The Conviction was admonished under section 3 of The Probation of Offenders Act 1958 and it was clarified that admonition of the convict shall not attach to itself any of the disqualification and the Criminal appeal is pending in th court of Shri Kanwaljit Singh Bajwa, Sessions Judge, SBS Nagar ahainst the judgement dated 10-09-2021 and fixed for 11-07-2023 for arguments |
| 2. | | FIR No.26 Dt. 16-03-2021, PS. North Chandigarh, U/s 186/323/341/511 of IPC<br>For interruption in the duties of a public servant<br><br>Report under section 173 Cr.PC. has not been filed in the court | | | |

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਪਿੰਡਾਂ ਦੇ ਕਾਮਿਆਂ ਪ੍ਰਤੀ ਬੇਧਿਆਨੀ ਬਰਦਾਸ਼ਤ ਨਹੀਂ : ਦੇਵੀ ਕੁਮਾਰੀ



ਵਲਟੋਹਾ (ਰਣਜੀਤ ਸਿੰਘ)- ਪੰਜਾਬ ਖੇਤ ਮਜ਼ਦੂਰ ਸਭਾ ਦੀ ਮੀਟਿੰਗ ਪਿੰਡ ਵਲਟੋਹਾ ਵਿਖੇ ਕਮਰੇਡ ਲਾਲ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਜ਼ਿਲ੍ਹਾ ਪ੍ਰਧਾਨ ਕਾਮਰੇਡ ਜੋਗਿੰਦਰ ਸਿੰਘ ਵਲਟੋਹਾ, ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਜ਼ਿਲ੍ਹਾ ਮੀਤ ਪ੍ਰਧਾਨ ਕਾਮਰੇਡ ਰਸ਼ਪਾਲ ਸਿੰਘ ਘੁਰਕਵਿੰਡ ਨੇ ਆਪਣੇ ਸਾਂਝੇ ਬਿਆਨ 'ਚ ਕਿਹਾ ਕਿ ਦੇਸ਼ ਵਿੱਚ ਖੇਤ ਮਜ਼ਦੂਰ ਆਪਣੇ ਵਾਸਤੇ ਰੁਜ਼ਗਾਰ, ਮਕਾਨ, ਸਮਾਜਕ ਸੁਰੱਖਿਆ, ਵਿੱਦਿਆ, ਸਿਹਤ ਸਹੂਲਤਾਂ ਅਤੇ ਸਮਾਜਕ ਅੱਤਿਆਚਾਰਾਂ ਦੇ ਖਿਲਾਫ ਅਤੇ ਇਹਨਾਂ ਕਾਮਿਆਂ ਦੀ ਘੱਟੋ-ਘੱਟ ਉਜਰਤ 21000 ਰੁਪਏ ਪ੍ਰਤੀ ਮਹੀਨਾ ਪ੍ਰਤੀ ਪਰਵਾਰ ਦੇ ਆਮਦਨ ਦੇ ਆਮਦਨ ਦੇ ਪੱਕੇ ਵਸੀਲੇ ਪੈਦਾ ਕਰਨ ਲਈ ਜੱਦੋ ਜਹਿਦ ਕਰ ਰਹੇ ਹਨ। ਕੇਂਦਰ ਵਿੱਚ ਰਾਜ ਕਰਦੀ ਮੋਦੀ ਸਰਕਾਰ ਨੇ ਇਹਨਾਂ ਕਾਮਿਆਂ ਦੀ ਆਰਥਕ ਹਾਲਤ ਸੁਧਾਰਨ ਦਾ ਕੋਈ ਠੋਸ ਪ੍ਰਬੰਧ ਨਹੀਂ ਕੀਤਾ, ਸਗੋਂ ਖਰੈਤਾਂ ਨਾਲ ਡੰਗ ਸਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਨਰੇਗਾ ਕਾਮਿਆਂ ਨੂੰ ਕੰਮ ਮੰਗਣ 'ਤੇ ਕੰਮ ਨਹੀਂ ਦਿੱਤਾ ਜਾ ਰਿਹਾ ਅਤੇ ਕੰਮ ਵਿੱਚ ਵੀ ਪੱਖਪਾਤ ਕੀਤਾ ਜਾ ਰਿਹਾ ਹੈ। ਬੈਂਕਾਂ ਰਾਹੀਂ ਕਰਜ਼ੇ ਦੇਣ ਦੇ ਦਾਅਵੇ ਕੀਤੇ ਜਾ ਰਹੇ ਹਨ। ਪਰ ਬੈਂਕਾਂ ਦੀਆਂ ਕਰੜੀਆਂ ਸ਼ਰਤਾਂ ਨੇ ਲੋਕਾਂ ਦੀਆ ਆਸਾਂ 'ਤੇ ਪਾਣੀ ਫੇਰ ਦਿੱਤਾ ਹੈ। ਸਮਾਜਕ ਸੁਰੱਖਿਆ ਅਧੀਨ ਪੈਨਸ਼ਨ ਦੇਣ ਦਾ ਵਾਅਦਾ ਖਾਲੀ ਐਲਾਨ ਸਾਬਤ ਹੋ ਰਿਹਾ ਹੈ। ਉਹਨਾਂ ਸੱਦਾ ਦਿੱਤਾ ਕਿ ਪਿੰਡਾਂ ਦੇ ਕਾਮੇ ਲੋਕ ਆਪਣੇ ਅਤੇ ਆਪਣੇ ਬੱਚਿਆਂ ਦੇ ਭਵਿੱਖ ਲਈ ਮੋਦੀ ਸਰਕਾਰ ਦੀਆਂ ਅਜਿਹੀਆਂ ਮਾੜੀਆਂ ਨੀਤੀਆਂ ਖਿਲਾਫ ਵਿਸ਼ਾਲ ਲਾਮਬੰਦੀ ਕਰਕੇ ਘੋਲ ਨੂੰ ਹੋਰ ਤੇਜ਼ ਕਰਨ। ਉਹਨਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਕੀਤੇ ਵਾਅਦੇ ਪੂਰੇ ਕਰੇ। ਖੇਤ ਮਜ਼ਦੂਰਾਂ ਸਿਰ ਚੜ੍ਹਿਆ ਕਰਜ਼ਾ ਮਾਈਕਰੋ ਫਾਇਨਾਂਸ ਕੰਪਨੀਆਂ ਸਮੇਤ ਮੁਆਫ ਕਰੇ ਅਤੇ ਨਵੇਂ ਸਿਰੇ ਤੋਂ ਕੰਮ ਤੋਰਨ ਲਈ ਬਿਨਾਂ ਗਰੰਟੀ ਸਬਸਿਡੀ ਅਧਾਰਤ ਲੰਮੇ ਸਮੇਂ ਵਾਸਤੇ ਕਰਜ਼ਾ ਦਿੱਤਾ ਜਾਵੇ। ਬੇਘਰੇ ਅਤੇ ਲੋੜਵੰਦ ਲੋਕਾਂ ਨੂੰ 10-10 ਮਰਲਿਆਂ ਦੇ ਪਲਾਟ ਅਤੇ ਮਕਾਨ ਉਸਾਰੀ ਲਈ 5 -5 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ । ਐਸ ਸੀ ਬੱਚਿਆਂ ਦੇ ਲੰਮੇ ਸਮੇਂ ਤੋਂ ਰੁਕੇ ਹੋਏ ਵਜ਼ੀਫੇ ਤੁਰੰਤ ਖਾਤਿਆਂ ਵਿੱਚ ਪਾਏ ਜਾਣ, ਵਿਧਵਾ ਤੇ ਬੁਢਾਪਾ ਪੈਨਸ਼ਨ 5 ਹਜ਼ਾਰ ਰੁਪਏ ਕੀਤੀ ਜਾਵੇ ਅਤੇ ਔਰਤਾਂ ਦੇ ਖਾਤਿਆਂ ਵਿੱਚ ਇੱਕ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਤੁਰੰਤ ਪਾਇਆ ਜਾਵੇ। ਉਹਨਾਂ ਪਿੰਡਾਂ ਦੇ ਕਾਮੇ ਲੋਕਾਂ ਨੂੰ ਅਪੀਲ ਕੀਤੀ ਕਿ ਇਹਨਾਂ ਖੇਤ ਮਜ਼ਦੂਰਾਂ ਦੇ ਭਖਦੇ ਮਸਲਿਆਂ ਨੂੰ ਲੈ ਕੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਵੱਲੋਂ 30 ਮਈ ਨੂੰ ਦਿੱਲੀ ਵਿਖੇ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਇਸ ਰੈਲੀ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੇ ਕਾਮੇ ਲੋਕ ਸੈਂਕੜਿਆਂ ਦੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ। ਇਸ ਮੌਕੇ ਹਾਜ਼ਰ ਆਗੂ ਸਰਵਨ ਸਿੰਘ ਜੋਧ ਸਿੰਘ ਵਾਲਾ, ਕੁਲਦੀਪ ਕੌਰ, ਜਗੀਰ ਕੌਰ, ਜਸਪਾਲ ਕੌਰ, ਦਲਵਿੰਦਰ ਸਿੰਘ, ਹੀਰਾ ਸਿੰਘ, ਸੁਖਵਿੰਦਰ ਸਿੰਘ, ਦਿਲਬਾਗ ਸਿੰਘ, ਬੂਟਾ ਸਿੰਘ, ਗੁਰਪ੍ਰੀਤ ਸਿੰਘ ਵਲਟੋਹਾ ਆਦਿ ਹਾਜ਼ਰ ਸਨ।

## ਅਮਰਜੀਤ ਸਿੰਘ ਚੁਣੇ ਸੀਨੀਅਰ ਉਪ ਪ੍ਰਧਾਨ

ਰੋਪੜ ( ਬਿੰਦਰਾ ) ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਰੋਪੜ ਦੇ ਸੀਨੀਅਰ ਉਪ ਪ੍ਰਧਾਨ ਦੀ ਚੋਣ ਮੀਟਿੰਗ ਸ਼ਿਵਾਲਿਕ ਪਬਲਿਕ ਸਕੂਲ ਰੋਪੜ ਵਿਖੇ ਹੋਈ। ਸੀਨੀਅਰ ਉਪ ਪ੍ਰਧਾਨ ਲਈ ਦੋ ਉਮੀਦਵਾਰਾਂ ਵਿਚਕਾਰ ਮੁਕਾਬਲਾ ਸੀ ਇਸ ਲਈ ਵੋਟਾਂ ਪੁਆਈਆ ਗਈਆਂ। ਅਮਰਜੀਤ ਸਿੰਘ ਨੂੰ 90 ਵੋਟਾਂ ਮਿਲੀਆਂ ਜਦ ਕਿ ਦੂਜੇ ਉਮੀਦਵਾਰ ਸੁਰਿੰਦਰ ਸਿੰਘ ਨੂੰ 86 ਵੋਟਾਂ ਮਿਲੀਆਂ। ਅਮਰਜੀਤ ਸਿੰਘ 4 ਵੋਟਾਂ ਨਾਲ ਸੀਨੀਅਰ ਉਪ ਪ੍ਰਧਾਨ ਚੁਣੇ ਗਏ। ਦਲਜੀਤ ਸਿੰਘ ਐਡਵੋਕੇਟ ਸਰਵ ਸੰਮਤੀ ਨਾਲ ਪ੍ਰਧਾਨ ਚੁਣੇ ਗਏ। ਦਲਜੀਤ ਸਿੰਘ ਪਹਿਲਾਂ ਸੀਨੀਅਰ ਉਪ ਪ੍ਰਧਾਨ ਸਨ।

## ਅਟਵਾਲ ਦੇ ਹੱਕ 'ਚ ਚੋਣ ਪ੍ਰਚਾਰ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)- ਲੋਕ ਸਭਾ ਜ਼ਿਮਨੀ ਚੋਣ ਜਲੰਧਰ 'ਚ ਹਲਕਾ ਆਦਮਪੁਰ ਦੇ ਬਲਾਕ ਭੋਗਪੁਰ 'ਚ ਪਾਰਟੀ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੇ ਹੱਕ 'ਚ ਭੋਗਪੁਰ ਮੰਡਲ ਦੇ ਪ੍ਰਧਾਨ ਹਰੀਸ਼ ਚਾਵਲਾ ਵੱਲੋਂ ਮੀਟਿੰਗ ਰਖਾਈ ਗਈ ਜਿਸ ਵਿੱਚ ਅਟਵਾਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਪਬਲਿਕ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਵੋਟਾਂ ਪਾ ਕੇ ਜਿੱਤ ਭਾਜਪਾ ਦੀ ਝੋਲੀ ਵਿੱਚ ਪਾਉਣ ਅਤੇ ਇਸ ਮੌਕੇ ਪਰਮਿੰਦਰ ਸਿੰਘ ਬਰਾੜ ਇਲੈਕਸ਼ਨ ਇੰਚਾਰਜ ਹਲਕਾ ਆਦਮਪੁਰ , ਅਮ੍ਰਿਤਪਾਲ ਸਿੰਘ ਡੱਲੀ ਇਲੈਕਸ਼ਨ ਇੰਚਾਰਜ ਯੁਵਾ ਮੋਰਚਾ ਆਦਮਪੁਰ ਨੇ ਅਟਵਾਲ ਦੇ ਹੱਕ 'ਚ ਲੋਕਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਬਿਕਰਮਜੀਤ ਸਿੰਘ ਚੀਮਾ, ਮਨਜੀਤ ਬਾਲੀ ਤੱਲਣ, ਮਨਮੀਤ ਵਿੱਕੀ, ਇੰਦਰਜੀਤ ਮਹਿਤਾ, ਸੁੱਖੀ ਕਾਹਲੋਂ, ਸਾਬਕਾ ਸਰਪੰਚ ਸੰਤੋਖ ਸਿੰਘ ਮੰਗਾ, ਕੁਲਜੀਤ ਸਿੰਘ ਮਾਧੋਪੁਰ, ਮਨੀ ਡੱਲੀ, ਗੁਰਪ੍ਰੀਤ ਸਿੰਘ ਡੱਲੀ ਆਦਿ ਹਾਜ਼ਰ ਸਨ।

## ਸਾਹਿਤਕਾਰ ਤੇ ਕਵੀਸ਼ਰ ਗੁਰਦੀਪ ਸਿੰਘ ਪ੍ਰਵਾਨਾ ਨਾਲ ਰਚਾਇਆ ਸੰਵਾਦ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਜਨਵਾਦੀ ਲੇਖਕ ਸੰਘ ਅਤੇ ਅੰਮ੍ਰਿਤਸਰ ਸਰਹੱਦੀ ਸਾਹਿਤ ਸਭਾ ਵੱਲੋਂ ਅਰੰਭੀ "ਲੇਖਕਾਂ ਸੰਗ ਸੰਵਾਦ" ਸਮਾਗਮਾਂ ਦੀ ਲੜੀ ਤਹਿਤ ਬਜ਼ੁਰਗ ਸਾਹਿਤਕਾਰ ਅਤੇ ਪੰਥਕ ਕਵੀਸ਼ਰ ਗੁਰਦੀਪ ਸਿੰਘ ਪ੍ਰਵਾਨਾ ਨਾਲ ਸਾਹਿਤਕ ਸੰਵਾਦ ਰਚਾਇਆ ਗਿਆ। ਉਹਨਾਂ ਦੇ ਗ੍ਰਿਹਿ ਕਰਤਾਰ ਨਗਰ ਵਿਖੇ ਹੋਏ ਇਸ ਸਮਾਗਮ ਦਾ ਆਗਾਜ਼ ਲੈਕਚਰਾਰ ਸਤਨਾਮ ਸਿੰਘ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਸਮਾਗਮ ਦੇ ਕਨਵੀਨਰ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਇਸ ਮੌਕੇ ਕਿਹਾ ਕਿ ਅਜਿਹੇ ਸਮਾਗਮਾਂ ਦੀ ਪਿਰਤ ਤੋਂ ਸਾਡਾ ਮਨੋਰਥ ਜਿਥੇ ਲੇਖਕ ਦੇ ਆਪਣੇ ਪਰਵਾਰ ਅਤੇ ਸਾਹਿਤਕ ਪਰਵਾਰ ਦਾ ਆਪਸੀ ਤਾਲਮੇਲ ਬਣਾਉਣਾ ਹੈ ਉਥੇ ਘਰ ਪਰਵਾਰ ਅੰਦਰ ਟੁੱਟ ਰਹੇ ਆਪਸੀ ਸੰਵਾਦ ਨੂੰ ਬਹਾਲ ਕਰਾਉਣਾ ਵੀ ਹੈ। ਗੁਰਦੀਪ ਸਿੰਘ ਪ੍ਰਵਾਨਾ ਹੁਰਾਂ ਢਿੱਲੀ ਸਿਹਤ ਦੇ ਬਾਵਜੂਦ ਆਏ ਲੇਖਕਾਂ ਨੂੰ ਖਿੜੇ ਮੱਥੇ ਮਿਲਦਿਆਂ ਵਿਛੜ ਗਏ ਆਪਣੇ ਸਾਥੀ ਸਾਹਿਤਕਾਰਾਂ ਵਿਚੋਂ ਪਰਮਿੰਦਰਜੀਤ, ਕੁਲਵੰਤ ਸਿੰਘ ਸੂਫੀ, ਦਰਸ਼ਨ ਧੰਜਲ, ਖੁਸ਼ਵੰਤ ਕੰਵਲ, ਤਲਵਿੰਦਰ ਸਿੰਘ ਅਤੇ ਸ਼ਾਇਰ ਦੇਵ ਦਰਦ ਆਦਿ ਦੀਆਂ ਕਈ ਯਾਦਾਂ ਸਾਂਝੀਆਂ ਕੀਤੀਆਂ। ਮਨਮੋਹਨ ਬਾਸਰਕੇ ਅਤੇ ਹਰਜੀਤ ਸਿੰਘ ਸੰਧੂ ਨੇ ਪ੍ਰਵਾਨਾ ਦੀਆਂ ਪੁਸਤਕਾਂ ਦੇ ਹਵਾਲੇ ਨਾਲ ਗੱਲ ਕਰਦਿਆਂ ਕਿਹਾ ਕਿ ਇਹਨਾਂ ਦੇ ਲਿਖਣ 'ਚ ਸਹਿਜਤਾ ਅਤੇ ਬੋਲਣ 'ਚ ਠਰੰਮਾ ਸੀ । ਇਹੋ ਸਹਿਜਤਾ ਇਹਨਾਂ ਜੀਵਨ ਸ਼ੈਲੀ 'ਚ ਵੀ ਬਰਕਰਾਰ ਰੱਖੀ। ਨਾਵਲਕਾਰ ਵਜੀਰ ਸਿੰਘ ਰੰਧਾਵਾ ਅਤੇ ਕਾਲਮ ਨਵੀਸ ਸੁਖਬੀਰ ਖੁਰਮਣੀਆਂ ਨੇ ਕਿਹਾ ਕਿ ਅਜਿਹੇ ਸਮਾਗਮ ਜਿਥੇ ਲੇਖਕ ਨੂੰ ਮਾਣ ਇੱਜ਼ਤ ਬਖਸ਼ਦੇ ਹਨ ਉਥੇ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਵੀ ਬਣਦੇ ਹਨ। ਅਜੀਤ ਸਿੰਘ ਨਬੀਪੁਰੀ ਅਤੇ ਸੁਖਦੇਵ ਸਿੰਘ ਨੇ ਆਏ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਅਜਿਹੇ ਸਮਾਗਮਾਂ ਦੀ ਨਿਰੰਤਰਤਾ ਦੀ ਹਾਮੀ ਭਰੀ। ਹੋਰਨਾਂ ਤੋਂ ਇਲਾਵਾ ਇਸ ਸਮੇਂ ਹਰਜੀਤ ਸਿੰਘ, ਮਨਜੀਤ ਸਿੰਘ ਕੰਵਲ, ਪਲਵਿੰਦਰ ਕੌਰ, ਰੇਨੂੰ, ਰਾਜਵਿੰਦਰ ਕੌਰ, ਪਰਮਜੀਤ ਕੌਰ ਅਤੇ ਸਰਬਜੀਤ ਕੌਰ ਹਾਜ਼ਰ ਸਨ।

## ਫਸਲੀ ਰਹਿੰਦ-ਖੂੰਹਦ ਦੀ ਅੱਗ ਨੂੰ ਰੋਕਣ ਲਈ ਤਿਆਰ ਕੀਤੇ ਐਕਸ਼ਨ ਪਲਾਨ ਸੰਬੰਧੀ ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਨਾਲ ਚਰਚਾ

ਗੁਰਦਾਸਪੁਰ (ਜਨਕ ਮਹਾਜਨ) - ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਅੱਜ ਸਵੇਰੇ ਆਪਣੇ ਦਫ਼ਤਰ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਖੇਤਾਂ ਵਿੱਚ ਫਸਲੀ ਰਹਿੰਦ-ਖੂੰਹਦ ਨੂੰ ਲਗਾਈ ਜਾਂਦੀ ਅੱਗ ਨੂੰ ਰੋਕਣ ਲਈ ਖੇਤੀਬਾੜੀ ਵਿਭਾਗ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਤਿਆਰ ਕੀਤੇ ਗਏ ਐਕਸ਼ਨ ਪਲਾਨ ਉੱਪਰ ਚਰਚਾ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਹਰ ਸੰਬੰਧਤ ਵਿਭਾਗ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਵੇ ਕਿਉਂਕਿ ਇਹ ਮਸਲਾ ਸਾਡੇ ਵਾਤਾਵਰਨ ਅਤੇ ਮਨੁੱਖ ਸਮੇਤ ਹਰ ਜੀਵ ਜੰਤੂ ਦੇ ਜੀਵਨ ਨਾਲ ਜੁੜਿਆ ਹੋਇਆ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਾਗਰੂਕਤਾ ਮੁਹਿੰਮ ਤੋਂ ਇਲਾਵਾ ਜ਼ਿਲ੍ਹੇ ਦੇ ਸਮੂਹ ਪਿੰਡਾਂ ਦੇ ਨੰਬਰਦਾਰਾਂ, ਪੰਚਾਇਤਾਂ ਅਤੇ ਸਮਾਜ ਸੇਵੀ ਸੰਸਥਾਵਾਂ ਦਾ ਵੀ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਵਿੱਚ ਸਹਿਯੋਗ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਕਿਸਾਨਾਂ, ਸਹਿਕਾਰੀ ਸਭਾਵਾਂ, ਕਿਸਾਨ ਸਮੂਹਾਂ ਅਤੇ ਪੰਚਾਇਤਾਂ ਕੋਲ 6365 ਖੇਤੀ ਸੰਦ ਉਪਲੱਬਧ ਹਨ ਜਿਨ੍ਹਾਂ ਦੀ ਮਦਦ ਨਾਲ ਫਸਲੀ ਰਹਿੰਦ-ਖੂੰਹਦ ਦਾ ਨਿਪਟਾਰਾ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਕਰੀਬ 850 ਤੋਂ ਵੱਧ ਹੋਰ ਸੰਦ ਲੋੜੀਂਦੇ ਹਨ ਜੋ ਕਿ ਸਰਕਾਰ ਵੱਲੋਂ ਜਲਦ ਹੀ ਮੁਹੱਈਆ ਕਰਵਾ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਫਸਲੀ ਰਹਿੰਦ-ਖੂੰਹਦ ਦੇ ਨਿਪਟਾਰੇ ਸੰਬੰਧੀ ਕਿਸੇ ਵੀ ਸਲਾਹ ਲਈ ਕਿਸਾਨ ਖੇਤੀਬਾੜੀ ਵਿਭਾਗ ਨਾਲ ਰਾਬਤਾ ਕਰ ਸਕਦੇ ਹਨ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬਾਮਬਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮਨਮੋਹਨ ਸਿੰਘ, ਸਹਾਇਕ ਕਮਿਸ਼ਨਰ (ਜ) ਸਚਿਨ ਪਾਠਕ, ਐੱਸ.ਡੀ.ਐੱਮ. ਗੁਰਦਾਸਪੁਰ ਅਮਨਦੀਪ ਕੌਰ ਘੁੰਮਣ, ਐੱਸ.ਡੀ.ਐੱਮ. ਦੀਨਾਨਗਰ ਪਰਮਪ੍ਰੀਤ ਸਿੰਘ ਗੁਰਾਇਆ, ਮੁੱਖ ਖੇਤੀਬਾੜੀ ਅਫ਼ਸਰ ਕਿਰਪਾਲ ਸਿੰਘ ਢਿੱਲੋਂ, ਡੀ.ਡੀ.ਪੀ.ਓ. ਸਤੀਸ਼ ਕੁਮਾਰ ਤੋਂ ਇਲਾਵਾ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

## ਵੱਖ-ਵੱਖ ਜਥੇਬੰਦੀਆਂ ਤੇ ਹਲਕੇ ਦੇ ਪਤਵੰਤੇ ਸੱਜਣਾਂ ਨੇ ਫੜਿਆ 'ਆਪ' ਦਾ ਝਾੜੂ



ਜਲੰਧਰ, (ਸ਼ੈਲੀ ਐਲਬਰਟ)-ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਵਲੋਂ ਕੀਤੇ ਜਾ ਰਹੇ ਕੰਮਾਂ ਨੂੰ ਲੈ ਕੇ 'ਆਪ' ਨੂੰ ਜਲੰਧਰ ਜ਼ਿਮਨੀ ਚੋਣ ਲਈ ਹਲਕੇ ਵਿੱਚ ਵੱਡੀ ਪੱਧਰ 'ਤੇ ਸਮਰਥਨ ਮਿਲ ਰਿਹਾ ਹੈ ਅਤੇ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਜਿੱਤ ਦਾ ਰਾਹ ਪੱਧਰਾ ਹੋ ਰਿਹਾ ਹੈ। ਜਿਵੇਂ ਜਿਵੇਂ ਚੋਣ ਦਾ ਦਿਨ ਨੇੜੇ ਆ ਰਿਹਾ ਹੈ, 'ਆਪ' ਵਿੱਚ ਸ਼ਾਮਲ ਹੋਣ ਵਾਲਿਆਂ ਨਾਲ ਪਾਰਟੀ ਦਾ ਕਾਫ਼ਲਾ ਵੱਧਦਾ ਜਾ ਰਿਹਾ ਹੈ। ਜਲੰਧਰ ਜ਼ਿਮਨੀ ਚੋਣ ਨੂੰ ਲੈਕੇ ਆਮ ਆਦਮੀ ਪਾਰਟੀ ਪਾਰਟੀ ਵਲੋਂ ਵਿੱਢੀ ਗਈ ਚੋਣ ਮੁਹਿੰਮ ਨੂੰ ਲੈ ਕੇ ਉਸ ਵੇਲੇ ਹੋਰ ਮਜ਼ਬੂਤੀ ਮਿਲੀ ਜਦੋਂ ਹਲਕੇ ਦੀਆਂ ਵੱਖ ਵੱਖ ਜਥੇਬੰਦੀਆਂ ਦੇ ਆਗੂ ਅਤੇ ਸਮਰਥਕ ਵੱਡੀ ਗਿਣਤੀ ਵਿੱਚ ਲੋਕ 'ਆਪ' ਵਿੱਚ ਸ਼ਾਮਲ ਹੋ ਗਏ। ਮੰਤਰੀ ਹਰਪਾਲ ਸਿੰਘ ਚੀਮਾਂ ਸਮੇਤ 'ਆਪ' ਆਗੂ ਜਗਰੂਪ ਸਿੰਘ ਸੇਖਵਾਂ ਅਤੇ ਸਟੀਫ਼ਨ ਕਲੇਰ ਨੇ ਉਨ੍ਹਾਂ ਸਾਰਿਆਂ ਨੂੰ 'ਆਪ' ਦੇ ਚੋਣ ਦਫ਼ਤਰ ਵਿਖੇ ਪਾਰਟੀ ਵਿੱਚ ਸ਼ਾਮਲ ਕਰਵਾਇਆ ਅਤੇ ਸਵਾਗਤ ਕੀਤਾ। ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੇ ਜਲੰਧਰ ਜ਼ਿਮਨੀ ਚੋਣ ਲਈ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਵੱਡੇ ਫ਼ਰਕ ਨਾਲ ਜੇਤੂ ਬਣਾਉਣ ਦਾ ਦਾਅਵਾ ਕੀਤਾ। ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਭਾਰਤ ਚਾਹਲ ਤੱਲਣ (ਸ਼੍ਰੋਮਣੀ ਅਕਾਲੀ ਦਲ ਤੱਲਣ), ਨਰੇਸ਼ ਕੁਮਾਰ (ਸਵਾਮੀ ਵਿਵੇਕਾਨੰਦ ਕ੍ਰਿਕੇਟ ਕਲੱਬ), ਡਾਕਟਰ ਅਮਰਜੀਤ ਰਾਏ (ਕਾਂਗਰਸੀ ਨੇਤਾ ਪ੍ਰਾਗਪੁਰ ), ਨਰਿੰਦਰ ਨਰਿਆ (ਜਲੰਧਰ ਕੈਂਟ- ਮੀਤ ਪ੍ਰਧਾਨ ਭਾਰਤੀ ਮੂਲ ਨਿਵਾਸੀ ਮੁਕਤੀ ਮੋਰਚਾ), ਸ਼ੁਭਮ ਚੌਹਾਨ (ਯੂਥ ਪ੍ਰਧਾਨ ਪੰਜਾਬ), ਲਖਵੀਰ ਸਿੰਘ (ਸਾਈਂ ਸਕਿਉਰਿਟੀ) ਗੁਰਮੀਤ ਸਿੰਘ (ਸਾਬਕਾ ਪੰਚ ਪਿੰਡ ਕੁੱਕੜ), ਅਨੂਪ ਸਿੰਘ (ਐਕਸ ਸਰਵਿਸਮੈਨ ਮੈਨ- ਹੈਡ ਗ੍ਰੰਥੀ ਕਾਲਾ ਸੰਘਿਆ), ਹਰਮੇਸ਼ ਲਾਲ (ਪੰਚ ਭੱਟੀਆਂ), ਪੰਕਜ ਰਿਸ਼ੀ (ਪ੍ਰਧਾਨ ਮਾਰਕੀਟ ਕਮੇਟੀ ਤੱਲਣ), ਜਯੋਤੀ (ਲੇਬਰ ਕਰਾਈਸ ਚਰਚ), ਐਵੀ ਨਾਹਰ (ਕੈਂਟ ਬਾਡੀ ਬਿਲਡਿੰਗ ਕਲੱਬ), ਸਜਾਵਲ (ਸ਼ਹਿਰ ਦੁਰਗਾ ਪੂਜਾ ਕਮੇਟੀ ਗੋਰਾਇਆ), ਰਾਮ ਅਯੁਧਿਆ (ਛਠ ਪੂਜਾ ਕਮੇਟੀ ਗੁਰਾਇਆ), ਸੰਜੇ ਕੁਮਾਰ (ਪਰਵਾਸੀ ਯੂਨੀਅਨ ਗੁਰਾਇਆ), ਸੁਸ਼ੀਲ ਕੁਮਾਰ (ਸਕੱਤਰ ਪਰਵਾਸੀ ਯੂਨੀਅਨ ਗੁਰਾਇਆ), ਅਜੈ ਕੁਮਾਰ (ਸਪੋਰਟਸ ਕਲੱਬ ਅੱਟਾ), ਜਲਵੇਸ਼ਵਰ ਜੀ ਤੇ ਰਵੀਕੁਮਾਰ (ਜੈ ਦੁਰਗਾ ਜਗਰਾਤਾ ਕਮੇਟੀ ਗੁਰਾਇਆ), ਸੂਰਜ ਅਗਰਵਾਲ (ਅਗਰਵਾਲ ਸਭਾ) ਮੁਹੰਮਦ ਸਲੀਮ (ਪਿੰਡ ਗੋਹੀਰ), ਲਿਆਕਤ ਅਲੀ (ਪਿੰਡ ਉਗੀ), ਰਾਜੇਸ਼ ਕੁਮਾਰ (ਗੁਰਾਇਆ), ਗੁਰਪ੍ਰੀਤ ਜੱਸੀ (ਗੋਪਾ), ਭਗਵਾਨ ਜੀ (ਗੁਰਾਇਆ), ਮੋਹਿਤ (ਜਲੰਧਰ ਕਮੇਟੀ), ਰਾਮ ਤੀਰਥ ਜੀ (ਪਿੰਡ ਮੰਡਾਂ) ਜਤਿਕ ਚਾਹਲ (ਤੱਲਣ), ਬਲਬੀਰ ਕੌਰ (ਪ੍ਰਧਾਨ ਮਹਿਲਾ ਮੰਡਲ ਮਿੱਠਾ ਪੁਰ), ਕੁਮਾਰੀ ਗੁਰਪ੍ਰੀਤ (ਸਟਾਈਲ ਸਟੂਡੀਓ), ਰਣਧੀਰ (ਸਮਾਰਟ ਬੀਜ ਨੈਟਵਰਕਿੰਗ), ਰਾਜਿੰਦਰ(ਰਾਮਾਂ ਮੰਡੀ) ਅਤੇ ਵੱਡੀ ਗਿਣਤੀ ਵਿੱਚ ਆਮ ਲੋਕ ਹਾਜ਼ਰ ਸਨ।

## ਨਾੜ ਨੂੰ ਅੱਗ ਲਗਾਉਣ ਨਾਲ ਵੱਡੀ ਮਾਤਰਾ 'ਚ ਲਘੂ ਤੱਤ ਨਸ਼ਟ ਹੋ ਜਾਂਦੇ : ਡਾ. ਅਮਰੀਕ ਸਿੰਘ

ਗੁਰਦਾਸਪੁਰ, (ਜਨਕ ਮਹਾਜਨ)- ਕਣਕ ਦੇ ਨਾੜ ਨੂੰ ਅੱਗ ਲਗਾਉਣ ਨਾਲ ਨਾਈਟਰੋਜਨ, ਫਾਸਫੋਰਸ ਅਤੇ ਪੁਟਾਸ਼ ਤੋਂ ਇਲਾਵਾ ਵੱਡੀ ਮਾਤਰਾ ਵਿੱਚ ਲਘੂ ਤੱਤ ਨਸ਼ਟ ਹੋ ਜਾਂਦੇ ਹਨ ਅਤੇ ਇਸ ਦੇ ਨਾਲ ਜ਼ਹਿਰੀਲੀਆਂ ਗੈਸਾਂ ਜਿਵੇਂ ਕਾਰਬਨ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ, ਮੀਥੇਨ, ਨਾਈਟਰਸ ਆਕਸਾਈਡ ਆਦਿ ਪੈਦਾ ਹੁੰਦੀਆਂ ਹਨ, ਜਿਸ ਕਾਰਨ ਮਨੁੱਖਾਂ ਵਿੱਚ ਸਾਹ, ਅੱਖਾਂ ਵਿੱਚ ਜਲਣ ਅਤੇ ਚਮੜੀ ਦੇ ਰੋਗਾਂ ਦਾ ਖਤਰਾ ਪੈਦਾ ਹੋ ਜਾਂਦਾ ਹੈ। ਕਣਕ ਦੇ ਨਾੜ ਨੂੰ ਅੱਗ ਲਗਾ ਕੇ ਸਾੜਨ ਨਾਲ ਹੋਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਦਿੰਦਿਆਂ ਡਾ. ਅਮਰੀਕ ਸਿੰਘ ਜ਼ਿਲ੍ਹਾ ਸਿਖਲਾਈ ਅਫਸਰ ਨੇ ਦੱਸਿਆ ਕਿ ਵਿਸ਼ਵ ਪੱਧਰ 'ਤੇ ਤਪਸ਼ ਵਧਣ ਨਾਲ ਹੋ ਰਹੀਆਂ ਮੌਸਮੀ ਤਬਦੀਲੀਆਂ ਦੇ ਪ੍ਰਤੀਕੂਲ ਪ੍ਰਭਾਵ ਪਿਛਲੇ ਸਾਲਾਂ ਦੌਰਾਨ ਫਸਲਾਂ ਦੀ ਕਾਸ਼ਤ ਉੱਪਰ ਪ੍ਰਤੱਖ ਰੂਪ ਵਿੱਚ ਦੇਖਣ ਨੂੰ ਮਿਲ ਰਹੇ ਹਨ, ਜਿਸ ਦੇ ਨਤੀਜੇ ਵਜੋਂ ਬੇਮੌਸਮੀ ਬਰਸਾਤਾਂ ਨਾਲ ਅਚਨਚੇਤ ਹੜ੍ਹ ਆ ਰਹੇ ਹਨ ਅਤੇ ਦਿਨ ਦਾ ਤਾਪਮਾਨ ਵਧਣ ਕਾਰਨ ਸੋਕੇ ਵਰਗੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਨ੍ਹਾਂ ਕਿਹਾ ਕਿ ਮੌਸਮੀ ਤਬਦੀਲੀਆਂ ਕਾਰਨ ਫਸਲਾਂ ਨੂੰ ਲੱਗਣ ਵਾਲੇ ਕੀੜਿਆਂ ਮਕੌੜਿਆਂ ਅਤੇ ਬਿਮਾਰੀਆਂ ਵਿੱਚ ਬਦਲਾਅ ਵੀ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਖੇਤੀਬਾੜੀ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਵਾਤਾਵਰਣ ਪੱਖੀ ਖੇਤੀ ਤਕਨੀਕਾਂ ਨੂੰ ਤਰਜੀਹ ਦੇਣੀ ਪਵੇਗੀ। ਡਾ. ਅਮਰੀਕ ਸਿੰਘ ਨੇ ਕਿਹਾ ਕਿ ਬਹੁਤ ਸਾਰੇ ਕਿਸਾਨਾਂ ਦੇ ਮਿੱਤਰ ਪੰਛੀ ਆਪਣੇ ਪਰਿਵਾਰਕ ਵਾਧੇ ਲਈ ਆਂਡੇ ਖੇਤਾਂ ਅਤੇ ਖੇਤਾਂ ਦੀਆਂ ਵੱਟਾਂ ਉੱਪਰ ਦਿੰਦੇ ਹਨ ਅਤੇ ਇਨ੍ਹਾਂ ਆਂਡਿਆਂ ਤੋਂ ਪੈਦਾ ਹੋਣ ਵਾਲੇ ਬੱਚੇ ਜਨਮ ਤੋਂ ਪਹਿਲਾਂ ਹੀ ਅੱਗ ਨਾਲ ਸੜ ਕੇ ਖਤਮ ਹੋ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੀ ਬਜਾਏ ਖੇਤ ਵਿੱਚ ਵਾਹ ਕੇ ਜਾਂ ਹਰੀ ਖਾਦ ਕਰਕੇ ਝੋਨੇ ਦੀ ਲਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਰੀਪਰ ਨਾਲ ਤੂੜੀ ਬਣਾਉਣ ਉਪਰੰਤ 20 ਕਿੱਲੋ ਜੰਤਰ ਦੇ ਬੀਜ ਦਾ ਛੱਟਾ ਦੇ ਕੇ ਬੀਜ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰੀ ਖਾਦ ਕਰਨ ਨਾਲ ਝੋਨੇ ਦੀ ਫਸਲ ਨੂੰ ਪਾਈ ਜਾਣ ਵਾਲੀ 35 ਫੀਸਦੀ ਰਸਾਇਣਕ ਖਾਦ ਯੂਰੀਆ ਦੀ ਬੱਚਤ ਕੀਤੀ ਜਾ ਸਕਦੀ ਹੈ ਅਤੇ ਜ਼ਮੀਨ ਦੀ ਸਿਹਤ ਵਿਚ ਸੁਧਾਰ ਵੀ ਹੁੰਦਾ ਹੈ।

## ਮੂਰਤੀ ਸਥਾਪਨਾ ਤੇ ਭੂਮੀ ਪੂਜਨ ਦਿਵਸ ਅੱਜ ਤੋਂ



ਮਜੀਠਾ (ਸੋਇਮ ਆਨੰਦ)- ਲਾਲ ਦੁਆਰ ਮੰਦਰ ਬਾਵਾ ਲਾਲ ਜੀ ਮਜੀਠਾ ਵਿਖੇ ਮਹਾਰਾਜ ਸੁੰਦਰ ਦਾਸ ਜੀ ਦੇ ਆਸ਼ੀਰਵਾਦ ਸਦਕਾ ਮੰਦਰ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸਲਾਨਾ ਮੂਰਤੀ ਸਥਾਪਨਾ ਦਿਵਸ ਅਤੇ ਭੂਮੀ ਪੂਜਨ ਦਿਵਸ 5 ਮਈ ਤੋਂ ਮਨਾਇਆ ਜਾ ਰਿਹਾ ਹੈ । ਕਮੇਟੀ ਮੈਂਬਰਾਂ ਵੱਲੋਂ ਮਿਲੀ ਜਾਣਕਾਰੀ ਅਨੁਸਾਰ 5 ਮਈ ਤੋਂ 12 ਮਈ ਤੱਕ ਹੋਣ ਵਾਲੇ ਸਮਾਗਮਾਂ ਵਿੱਚ 5 ਮਈ ਨੂੰ ਸਵੇਰੇ 10 ਵਜੇ ਕਲਸ਼ ਯਾਤਰਾ ਉਪਰੰਤ ਲੰਗਰ ਭੰਡਾਰਾ ਅਤੇ 5 ਮਈ ਤੋਂ 11 ਮਈ ਤੱਕ ਰੋਜ਼ਾਨਾ ਸ਼ਾਮ 4 ਵਜੇ ਤੋਂ 8 ਵਜੇ ਤੱਕ ਗਿਰਧਾਰੀ ਲਾਲ ਸ਼ਾਸਤਰੀ ਵਰਿੰਦਾਵਨ ਵਾਲੇ ਭਾਗਵਤ ਕਥਾ ਦੀ ਅੰਮ੍ਰਿਤ ਵਰਖਾ ਕਰਨਗੇ। ਕਥਾ ਉਪਰੰਤ ਰੋਜ਼ਾਨਾ ਲੰਗਰ ਭੰਡਾਰਾ ਲਗਾਇਆ ਜਾਵੇਗਾ। 8 ਮਈ ਦੁਪਹਿਰ ਨੂੰ ਸ਼ਿਵਾਲਾ ਮੰਦਰ ਅਤੇ ਹਨੂੰਮਾਨ ਸਿੰਧੂਰ ਵਾਲਿਆਂ ਦੀਆਂ ਨਵੀਆਂ ਮੂਰਤੀਆਂ ਦੀ ਸਥਾਪਨਾ ਮਹਾਰਾਜ ਰਾਮ ਸੁੰਦਰ ਦਾਸ ਆਪਣੇ ਕਰ ਕਮਲਾਂ ਨਾਲ ਕਰਨਗੇ। 12 ਮਈ ਨੂੰ ਮਹੰਤ ਰਾਜ ਕਿਰਨ ਰਾਜੂ ਅਤੇ ਪਾਰਟੀ ਮਹਾਂਮਾਈ ਦਾ ਜਾਗਰਣ ਕਰਨਗੇ । ਇਸ ਮੌਕੇ ਪੰਡਤ ਮਨੋਜ ਕੁਮਾਰ, ਪ੍ਰਧਾਨ ਨਰਿੰਦਰ ਕੁਮਾਰ, ਚੇਅਰਮੈਨ ਕੁਲਦੀਪ ਕੁਮਾਰ, ਸੱਕਤਰ ਐਨ ਕੇ ਬੱਬਰ, ਖਜ਼ਾਨਚੀ ਰਾਜਕਿਰਨ ਰਾਜੂ, ਇੰਦਰਜੀਤ ਸ਼ਰਮਾ, ਮੀਤ ਪ੍ਰਧਾਨ ਰਮੇਸ਼ਪੁਰੀ, ਬਲਰਾਜ ਸ਼ਰਮਾ, ਰਵਿੰਦਰ ਕਪਾਹੀ, ਮਿੰਕੂ ਨਈਅਰ, ਬਿਮਲ ਸ਼ਰਮਾ, ਜੈ ਕੁਮਾਰ, ਅਸ਼ਵਨੀ ਨੀਟਾ ਆਦਿ ਹਾਜ਼ਰ ਸਨ।

## ਜੇ.ਪੀ.ਐੱਮ.ਓ ਵਲੋਂ ਪਹਿਲਵਾਨਾਂ 'ਤੇ ਦਿੱਲੀ ਪੁਲਸ ਦੇ ਤਸ਼ੱਦਦ ਦੀ ਨਿਖੇਧੀ

ਮਾਹਿਲਪੁਰ, (ਸਫਰੀ) -ਜਨਤਕ ਜੱਥੇਬੰਦੀਆਂ ਦੀ ਪੈਰਵਾਈ ਕਰਨ ਵਾਲੀ ਜੱਥੇਬੰਦੀ ਜੇ.ਪੀ.ਐੱਮ.ਓ ਵਲੋਂ ਜੰਤਰ-ਮੰਤਰ ਧਰਨੇ 'ਤੇ ਬੈਠੇ ਪਹਿਲਵਾਨਾਂ 'ਤੇ ਦਿੱਲੀ ਪੁਲਸ ਦੇ ਤਸ਼ੱਦਦ ਦੀ ਨਿਖੇਧੀ ਕੀਤੀ ਗਈ। ਪ੍ਰਿੰਸੀਪਲ ਪਿਆਰਾ ਸਿੰਘ, ਨਰਿੰਦਰ ਅਜਨੋਹਾ ਅਤੇ ਮੱਖਣ ਲੰਗੇਰੀ ਨੇ ਕਿਹਾ ਕਿ ਇੱਕ ਪਾਸੇ ਪਹਿਲਵਾਨ ਮੈਡਲ ਜਿੱਤ ਕੇ ਭਾਰਤ ਦਾ ਨਾਂਅ ਰੌਸ਼ਨ ਕਰ ਰਹੇ ਹਨ, ਦੂਜੇ ਪਾਸੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਰਗੇ ਨੇਤਾ ਪਹਿਲਵਾਨ ਧੀਆਂ ਦਾ ਜਿਣਸੀ ਸ਼ੋਸ਼ਣ ਕਰਦੇ ਹਨ ਅਤੇ ਜਦੋਂ ਪ੍ਰਧਾਨ ਦੇ ਖਿਲਾਫ ਇਕੱਠੇ ਹੋ ਕੇ ਉਸ ਨੂੰ ਆਹੁਦੇ ਤੋਂ ਹਟਾਉਣ ਲਈ ਸੰਘਰਸ਼ ਕਰਨ ਤਾਂ ਦਿੱਲੀ ਪੁਲਸ ਕੇਂਦਰ ਸਰਕਾਰ ਦੇ ਇਸ਼ਾਰਿਆਂ 'ਤੇ ਪਹਿਲਵਾਨਾਂ 'ਤੇ ਲਾਠੀਚਾਰਜ ਕਰਦੀ ਹੈ।

ਇਹ ਲੋਕਤੰਤਰਿਕ ਵਿਵਸਥਾ ਅਤੇ ਸੰਵਿਧਾਨਕ ਹੱਕਾਂ ਦੀ ਹੱਤਿਆ ਕਰਨ ਦੇ ਬਰਾਬਰ ਹੈ। ਜੇ.ਪੀ.ਐੱਮ.ਓ ਦੇ ਆਹੁਦੇਦਾਰਾਂ ਵਲੋਂ ਇਹ ਮੰਗ ਕੀਤੀ ਗਈ ਕਿ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਆਹੁਦੇ ਤੋਂ ਹਟਾ ਕੇ ਉਸਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ ਤਾਂ ਜੋ ਜਿਣਸੀ ਸ਼ੋਸ਼ਣ ਦੇ ਪੀੜਤ ਹਨ ਉਨ੍ਹਾ ਨੂੰ ਇਨਸਾਫ ਮਿਲ ਸਕੇ। ਇਸ ਮੌਕੇ ਵਰਿੰਦਰ ਵਿੱਕੀ, ਰਜਤ ਮਹਾਜਨ, ਅਮਰਜੀਤ ਕੁਮਾਰ, ਸਤਨਾਮ ਸਿੰਘ, ਉਂਕਾਰ ਸਿੰਘ, ਅਜੀਤ ਸਿੰਘ, ਲਖਵਿੰਦਰ ਸਿੰਘ ਲੱਕੀ ਅਤੇ ਸੁਖਦੇਵ ਸਿੰਘ ਹਾਜ਼ਰ ਸਨ।

## ਜ਼ਿਲ੍ਹੇ 'ਚ ਪਾਣੀ ਦੀ ਸੰਭਾਲ ਤੇ ਸੁਰੱਖਿਆ ਪ੍ਰਤੀ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ : ਡਿਪਟੀ ਕਮਿਸ਼ਨਰ

ਹੁਸ਼ਿਆਰਪੁਰ, ( ਓ ਪੀ ਰਾਣਾ ) ਜਲ ਸਕਤੀ ਕੇਂਦਰ ਹੁਸ਼ਿਆਰਪੁਰ ਵਲੋਂ ਕੁਸ਼ਲ ਖੇਤੀ ਅਤੇ ਪਾਣੀ ਦੀ ਸੰਭਾਲ ਲਈ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਹਾਜਰੀਨ ਨੂੰ ਸੰਬੋਧਨ ਕਰਦਿਆਂ ਆਸ ਪ੍ਰਗਟਾਈ ਕਿ ਮਾਹਿਰਾਂ ਵੱਲੋਂ ਸਾਂਝੇ ਕੀਤੇ ਸੁਝਾਵਾਂ ਅਤੇ ਸਕੀਮਾਂ ਨੂੰ ਫੀਲਡ ਵਿੱਚ ਅਪਣਾਇਆ ਜਾਵੇਗਾ। ਉਨ੍ਹਾਂ ਜ਼ਿਲ੍ਹੇ ਵਿੱਚ ਪਾਣੀ ਦੀ ਸੰਭਾਲ ਅਤੇ ਜਲ ਸੁਰੱਖਿਆ ਪ੍ਰਤੀ ਜ਼ਿਲ੍ਹਾ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਵੀ ਦੁਹਰਾਇਆ। ਮੁੱਖ ਖੇਤੀਬਾੜੀ ਅਫਸਰ ਡਾ: ਗੁਰਦੇਵ ਸਿੰਘ, ਡਾ: ਕਿਰਨਜੀਤ (ਏ.ਡੀ.ਓ. ਟ੍ਰੇਨਿੰਗ), ਵਰੁਣ ਚੌਧਰੀ (ਸਹਾਇਕ ਇੰਜੀਨੀਅਰ - ਟਿਊਬਵੈੱਲ ਵਿੰਗ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ), ਯਾਦਵਿੰਦਰ ਸਿੰਘ (ਜੇ. ਈ. ਮੁਕੇਰੀਆਂ-ਪੀ.ਐਸ.ਪੀ.ਸੀ.ਐਲ.), ਸੁਖਜਿੰਦਰ ਸਿੰਘ (ਭੂਮੀ ਸੰਭਾਲ ਅਫਸਰ), ਡਾ: ਚਮਨ ਲਾਲ ਵਸ਼ਿਸ਼ਟ (ਸੇਵਾ ਮੁਕਤ ਡਿਪਟੀ ਡਾਇਰੈਕਟਰ, ਖੇਤੀਬਾੜੀ) ਅਤੇ ਡਾ: ਅਵਤਾਰ ਸਿੰਘ (ਸੰਸਥਾਪਕ - ਗੁੱਡ ਗ੍ਰੋ ਕਰੌਪਿੰਗ ਸਿਸਟਮ, ਫਗਵਾੜਾ) ਨੇ ਸਮਾਗਮ ਵਿੱਚ ਪਾਣੀ ਦੀ ਸੰਭਾਲ ਅਤੇ ਪਾਣੀ ਦੀ ਕੁਸ਼ਲਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਸਾਨਾਂ ਲਈ ਵਿਭਾਗੀ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਸਕੀਮਾਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ। ਇਸ ਮੌਕੇ ਪੰਡਿਤ ਜਗਤ ਰਾਮ ਮੈਮੋਰੀਅਲ ਫੋਰਸ ਟਰੱਸਟ ਦੇ ਡਾਇਰੈਕਟਰ ਸੰਜੀਵ ਸ਼ਰਮਾ ਅਤੇ ਉਨ੍ਹਾਂ ਦੀ ਟੀਮ ਵੀ ਮੌਜੂਦ ਸੀ।

## ਸਰਕਾਰ ਦੇ ਮੁਲਾਜ਼ਮ ਵਿਰੋਧੀ ਵਤੀਰੇ ਖਿਲਾਫ ਜੰਗਲਾਤ ਕਾਮੇ ਭਲਕੇ ਕਰਨਗੇ ਝੰਡਾ ਮਾਰਚ



ਫਗਵਾੜਾ ( ਡਾ. ਰਮਨ) -ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ (1406/22ਬੀ) ਚੰਡੀਗੜ੍ਹ ਨਾਲ ਸਬੰਧਤ ਹੱਕ ਸੱਚ ਦੀ ਲੜਾਈ ਲੜਨ ਵਾਲੀ ਇਕੋ-ਇਕ ਸਿਰਮੌਰ ਜੱਥੇਬੰਦੀ ਜੰਗਲਾਤ ਵਰਕਰਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਗੜ੍ਹਸ਼ੰਕਰ ਸੂਬਾ ਜਨਰਲ ਸਕੱਤਰ ਜਸਵੀਰ ਸਿੰਘ ਸੀਰਾ ਸੁਬਾਈ ਵਿੱਤ ਸੱਕਤਰ ਸ਼ਿਵ ਕੁਮਾਰ ਰੋਪੜ ਅਤੇ ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਗੁਰਦਾਸਪੁਰ ਚੇਅਰਮੈਨ ਵਿਰਸਾ ਸਿੰਘ ਅੰਮ੍ਰਿਤਸਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੰਗਲਾਤ ਵਿਭਾਗ ਵਿਚ ਪਿਛਲੇ ਲੰਮੇ ਸਮੇਂ ਤੋਂ ਕੰਮ ਕਰਦੇ ਕੱਚੇ ਕਾਮਿਆਂ ਨੂੰ ਪੰਜਾਬ ਵਿੱਚ ਰਾਜ ਕਰਨ ਵਾਲਿਆਂ ਮੌਕੇ ਦੀਆਂ ਸਰਕਾਰਾਂ ਜਿਵੇਂ ਅਕਾਲੀ ਭਾਜਪਾ ਤੇ ਕਾਂਗਰਸ ਸਰਕਾਰ ਨੇ ਸਿਰਫ ਲਾਰਿਆਂ ਵਿਚ ਰੱਖਿਆ ਹੈ ਸੰਘਰਸ਼ਾਂ ਸਦਕਾ ਜੇਕਰ ਕੋਈ ਸਰਕਾਰ ਪੱਕਾ ਕਰਨ ਦੀ ਨੀਤੀ ਬਣਾਉਂਦੀ ਹੈ ਤਾਂ ਅਗਲੀ ਸਰਕਾਰ ਇਹ ਕਹਿ ਕੇ ਰੋਕ ਦਿੰਦੀ ਹੈ ਕਿ ਅਸੀਂ ਉਸ ਤੋਂ ਵਧੀਆ ਨੀਤੀ ਬਣਾਵਾਂਗੇ। ਜਸਵਿੰਦਰ ਸਿੰਘ ਸੌਜਾ, ਸਤਿਨਾਮ ਸਿੰਘ ਸੰਗਰੂਰ,ਪਵਨ ਹੁਸ਼ਿਆਰਪੁਰ ਸੱਤ ਨਰੈਣ ਮਾਨਸਾ, ਅਤੇ ਸੁਖਦੇਵ ਸਿੰਘ ਜਲੰਧਰ ਨੇ ਕਿਹਾ ਕਿ ਪੰਜਾਬ ਵਿੱਚ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕਾਂ ਨੂੰ ਬਹੁਤ ਉਮੀਦਾਂ ਸੀ ਪਰ ਆਮ ਆਦਮੀ ਕਹਾਉਣ ਵਾਲੇ ਮੁੱਖ ਮੰਤਰੀ ਵੀ ਉਹਨਾਂ ਅਕਾਲੀ ਕਾਂਗਰਸ ਦੀ ਨੀਤੀ ਅਪਣਾਉਣ ਲੱਗਿਆ ਹੋਇਆ ਹੈ। ਇਸ ਕਰਕੇ ਜੱਥੇਬੰਦੀ ਵਿਚ ਰੋਸ ਹੈ ਤੇ ਆਉਣ ਵਾਲੀ 6 ਮਈ ਨੂੰ ਜਲੰਧਰ 'ਚ ਝੰਡਾ ਮਾਰਚ ਕੀਤਾ ਜਾਵੇਗਾ। ਬਲਵੀਰ ਤਰਨਤਾਰਨ, ਜਸਪਾਲ ਹਰੀਕੇ ਪੱਤਣ, ਸੱਤ ਨਰੈਣ ਮਾਨਸਾ, ਮਲਕੀਤ ਸਿੰਘ ਮੁਕਤਸਰ ਅਤੇ ਬਲਰਾਜ ਪਠਾਨਕੋਟ ਨੇ ਪੰਜਾਬ ਸਰਕਾਰ ਨੂੰ ਵੱਖ-ਵੱਖ ਵਿਭਾਗਾਂ ਦੇ ਵਿਚ ਕੰਮ ਕਰਦੇ ਕਾਮਿਆਂ ਨੂੰ ਪੱਕਾ ਕਰਨ ਦੀ ਅਪੀਲ ਕੀਤੀ।

## ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ ਸਾਇੰਸ ਐਂਡ ਟ੍ਰੇਨਿੰਗ ਦੇ 5 ਵਿਦਿਆਰਥੀਆਂ ਨੇ ਪਾਸ ਕੀਤਾ ਨੈਸ਼ਨਲ ਡਿਫੈਂਸ ਅਕੈਡਮੀ ਦਾ ਲਿਖਤੀ ਇਮਤਿਹਾਨ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ) -ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਅਧੀਨ ਚੱਲ ਰਹੇ ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ ਸਾਇੰਸ ਐਂਡ ਟ੍ਰੇਨਿੰਗ (ਐੱਨ.ਡੀ.ਏ ਵਿੰਗ) ਦੇ 5 ਵਿਦਿਆਰਥੀਆਂ ਨੇ ਨੈਸ਼ਨਲ ਡਿਫੈਂਸ ਅਕੈਡਮੀ ਦਾ ਲਿਖਤੀ ਇਮਤਿਹਾਨ ਪਾਸ ਕੀਤਾ ਹੈ। ਸੰਸਥਾ ਦੇ ਡਾਇਰੈਕਟਰ ਮੇਜਰ ਜਨਰਲ ਬਲਵਿੰਦਰ ਸਿੰਘ ਵੀ.ਐੱਸ.ਐੱਮ. (ਰਿਟਾ.) ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸੰਸਥਾ ਦੇ 16 ਵਿਦਿਆਰਥੀ ਪਹਿਲਾਂ ਤੋਂ ਹੀ ਭਾਰਤ ਦੀਆਂ ਵੱਖ-ਵੱਖ ਫੋਰਸਿਜ਼ ਵਿੱਚ ਉੱਚ ਅਹੁਦਿਆਂ ਉੱਪਰ ਸੇਵਾਵਾਂ ਨਿਭਾ ਰਹੇ ਹਨ ਅਤੇ ਇਸ ਸਾਲ 5 ਵਿਦਿਆਰਥੀਆਂ ਨੇ ਲਿਖਤੀ ਇਮਤਿਹਾਨ ਪਾਸ ਕਰਕੇ ਸੰਸਥਾ ਅਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ ਹੈ। ਹੁਣ ਇਹ ਵਿਦਿਆਰਥੀ ਐੱਸ.ਐੱਸ.ਬੀ. ਦੀ ਇੰਟਰਵਿਊ ਲਈ ਕਰਨਲ ਐੱਮ.ਪੀ. ਸਿੰਘ (ਰਿਟਾ.) ਦੀ ਨਿਗਰਾਨੀ ਅਧੀਨ ਅਕੈਡਮੀ ਨੋਇਡਾ ਵਿਖੇ ਤਿਆਰੀ ਕਰਨਗੇ। ਉਹਨਾਂ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਲਗਨ ਅਤੇ ਮਿਹਨਤ ਲਈ ਵਧਾਈ ਦਿੱਤੀ ਅਤੇ ਮੌਜੂਦਾ ਚੱਲ ਰਹੇ ਬੈਚ ਦੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਮਿਹਨਤ ਕਰਕੇ ਉੱਚੇ ਮੁਕਾਮ ਹਾਸਿਲ ਕਰਨ ਲਈ ਪ੍ਰੇਰਿਤ ਕੀਤਾ। ਬਾਬਾ ਸੇਵਾ ਸਿੰਘ ਨੇ ਇਹਨਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਹਨਾਂ ਸਾਰੀਆਂ ਪ੍ਰਾਪਤੀਆਂ ਲਈ ਵਧਾਈ ਦਿੱਤੀ ।

ਇਸ ਮੌਕੇ ਐੱਨ.ਡੀ.ਏ. ਵਿੰਗ ਦੇ ਕੋਆਰਡੀਨੇਟਰ ਕਰਨਲ ਕੁਲਬੀਰ ਸਿੰਘ ਪੁਰੀ (ਰਿਟਾ.) ਅਤੇ ਸਮੂਹ ਅਧਿਆਪਕ ਸਾਹਿਬਾਨ ਨੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ।

## 'ਆਪ' ਦੀ ਜਿੱਤ ਯਕੀਨੀ : ਅਗਨੀਹੋਤਰੀ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾ ਪੁਰੀਆ-)ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰੇਗੀ। ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਇੱਕ ਸਾਲ ਵਿੱਚ ਜਿਸ ਤਰ੍ਹਾਂ ਲੋਕ ਹਿੱਤ ਵਿੱਚ ਕੰਮ ਕੀਤਾ ਹੈ, ਉਸ ਤੋਂ ਜਲੰਧਰ ਹਲਕੇ ਦੇ ਲੋਕ ਬੇਹੱਦ ਖੁਸ਼ ਹਨ ਅਤੇ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਜਿਤਾਉਣ ਦਾ ਮਨ ਬਣਾ ਲਿਆ ਹੈ। ਇਹ ਗੱਲ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਸਕੱਤਰ ਗਗਨ ਅਗਨੀਹੋਤਰੀ ਨੇ ਜਲੰਧਰ ਵਿੱਚ ਚੋਣ ਪ੍ਰਚਾਰ ਕਰਨ ਤੋਂ ਬਾਅਦ ਜਾਰੀ ਇੱਕ ਬਿਆਨ ਵਿੱਚ ਕਹੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਵਿਰੋਧੀ ਪਾਰਟੀਆਂ ਦੇ ਆਗੂ ਦਿਨ ਭਰ ਝੂਠ ਬੋਲਦੇ ਹਨ ਅਤੇ ਜਨਤਾ ਉਨ੍ਹਾਂ ਦੇ ਝੂਠ ਨੂੰ ਸਮਝ ਰਹੀ ਹੈ। ਲੋਕਾਂ ਨੂੰ 300 ਯੂਨਿਟ ਮੁਫਤ ਬਿਜਲੀ ਦੇਣ ਦਾ ਵਾਅਦਾ ਪੂਰਾ ਕਰਨ ਤੋਂ ਇਲਾਵਾ ਪਿਛਲੇ ਇੱਕ ਸਾਲ ਦੌਰਾਨ 28 ਹਜ਼ਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਪੰਜਾਬ ਦੇ ਸਰਕਾਰੀ ਦਫਤਰਾਂ ਵਿੱਚ ਭ੍ਰਿਸ਼ਟਾਚਾਰ ਕਾਫੀ ਹੱਦ ਤੱਕ ਘੱਟ ਗਿਆ ਹੈ। ਲੋਕਾਂ ਦੇ ਕੰਮ ਬਿਨਾਂ ਕਿਸੇ ਰੁਕਾਵਟ ਦੇ ਹੋਣੇ ਸ਼ੁਰੂ ਹੋ ਗਏ ਹਨ ਅਤੇ ਇਹ ਪੰਜਾਬ ਸਰਕਾਰ ਦੀ ਪ੍ਰਾਪਤੀ ਹੈ। ਅਗਨੀਹੋਤਰੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਜਿਸ ਉਮੀਦ ਨਾਲ 'ਆਪ' ਨੂੰ ਚੁਣਿਆ ਸੀ, ਉਹ ਪੂਰੀ ਹੋ ਰਹੀ ਹੈ।

## ਨਹਿਰਾਂ ਦੇ ਸ਼ਟਰਾਂ ਦੀ ਮਾੜੀ ਹਾਲਤ ਹੋਣ ਕਾਰਨ ਬੇਲਦਾਰ ਪ੍ਰੇਸ਼ਾਨ

ਗੁਰਦਾਸਪੁਰ, (ਜਨਕ ਮਹਾਜਨ)-ਮਾਧੋਪੁਰ ਹਾਈਡਲ ਤੋਂ ਨਿਕਲਦੀ ਨਹਿਰ ਅੱਪਰ ਬਾਰੀ ਦੁਆਬ ਤੇ ਕਸੂਰ ਬਰਾਂਚ ਨਹਿਰ 'ਤੇ ਲੱਗੇ ਸ਼ਟਰਾਂ ਦੀ ਹਾਲਤ ਬੇਹੱਦ ਖਸਤਾ ਹੋਈ ਪਈ ਹੈ ਅਤੇ ਜਦੋਂ ਨਹਿਰੀ ਪਾਣੀ ਵੱਧ ਘੱਟ ਕਰਨਾ ਹੋਵੇ ਤਾਂ ਮਹਿਕਮੇ ਦੇ ਕਰਮਚਾਰੀਆਂ ਨੂੰ ਕਾਫ਼ੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਇਸ ਪਾਸੇ ਮਹਿਕਮਾ ਕੋਈ ਵੀ ਧਿਆਨ ਨਹੀਂ ਦੇ ਰਿਹਾ। ਜਦੋਂ ਕਿ ਮਹਿਕਮੇ ਦੀ ਤਕਨੀਕੀ ਟੀਮ ਨੇ ਸ਼ਟਰਾਂ ਨੂੰ ਅਸੁਰੱਖਿਅਤ ਐਲਾਨਣ ਦੇ ਬਾਵਜੂਦ ਸ਼ਟਰ ਚਲਾਏ ਜਾ ਰਹੇ ਹਨ ਅਤੇ ਹੇਠਾਂ ਉਪਰ ਵੀ ਨਹੀਂ ਹੁੰਦੇ ਜਿਸ ਨਾਲ ਕਰਮਚਾਰੀ ਪ੍ਰੇਸ਼ਾਨ ਨਜ਼ਰ ਆਉਂਦੇ ਹਨ।

ਮਹਿਕਮੇ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਸ਼ਟਰਾਂ ਦੀ ਮਿਆਦ ਵੀ ਖਤਮ ਹੋ ਚੁੱਕੀ ਹੈ ਅਤੇ ਇਨ੍ਹਾਂ ਦੀ ਜਗ੍ਹਾ ਨਵੇਂ ਆਧੁਨਿਕ ਕਿਸਮ ਦੇ ਸ਼ਟਰ ਲਗਵਾਉਣੇ ਚਾਹੀਦੇ ਹਨ। ਦੂਜੇ ਪਾਸੇ ਬੇਲਦਾਰ ਦੇ ਦਫ਼ਤਰ ਦੀ ਹਾਲਤ ਕਾਫ਼ੀ ਨਾਜ਼ੁਕ ਹੈ ਅਤੇ ਕਈ ਵਾਰ ਇਸ ਦਾ ਸੀਮੈਂਟ ਹੇਠਾਂ ਵੀ ਡਿਗ ਪਿਆ ਹੈ। ਉਨ੍ਹਾਂ ਮਹਿਕਮੇ ਦੇ ਸੈਕਟਰੀ ਪੰਜਾਬ ਪਾਸੋਂ ਮੰਗ ਕੀਤੀ ਕਿ ਨਹਿਰ ਅੱਪਰ ਬਾਰੀ ਦੁਆਬ ਤੇ ਕਸੂਰ ਬਰਾਂਚ ਨਹਿਰ ਦੇ ਆਧੁਨਿਕ ਸ਼ਟਰ ਲਗਾਏ ਜਾਣ ਜਿਸ ਨਾਲ ਨਹਿਰੀ ਕਰਮਚਾਰੀ ਸ਼ਟਰ ਉਤੇ ਥੱਲੇ ਕਰਨ ਵੇਲੇ ਰਾਹਤ ਮਹਿਸੂਸ ਕਰਨ।

## ਆਰਤੀ ਸ਼ਿਵ ਦੁਰਗਾ ਮੰਦਰ 'ਚ 27ਵਾਂ ਸਰਬ ਧਰਮ ਸੰਮੇਲਨ 7 ਤੋਂ



ਅੰਮ੍ਰਿਤਸਰ (ਅਰੋੜਾ) ਪਰਮ ਸੰਤ ਅਦਵੈਤ ਸਵਰੂਪ ਬ੍ਰਹਮ ਗਿਆਨੀ ਮਾਤਾ ਆਰਤੀ ਦੇਵਾ ਦੀ ਪ੍ਰਧਾਨਗੀ ਹੇਠ 27ਵਾਂ ਸਰਵ ਧਰਮ ਸੰਮੇਲਨ 7 ਤੋਂ 11 ਤੱਕ ਮੰਦਰ ਪਰਸਰ ਕਰਤਾਰ ਨਗਰ ਛੇਹਰਟਾ ਵਿਖੇ ਹੋਏਗਾ। ਸੰਮੇਲਨ ਵਿੱਚ ਮੰਚ ਦੀ ਪ੍ਰਧਾਨਗੀ ਸੰਤ ਜੈਲ ਸਿੰਘ ਸ਼ਾਸਤਰੀ ਕਰਨਗੇ। 7 ਮਈ ਨੂੰ ਦੁਪਹਿਰ ਜੋਤੀ ਪ੍ਰਜਵਲਨ ਦੀ ਰਸਮ ਨਿਭਾਈ ਜਾਵੇਗੀ। ਸੰਮੇਲਨ ਵਿੱਚ ਮਹੰਤ ਅਨੰਤਦਾਸ ਮਹਾਰਾਜ ਸ੍ਰੀ ਬਾਵਾਲਾਲ ਦਿਆਲ, ਮਹੰਤ ਦਿਵਯਮਬਰ ਮੁਨੀ ਉਦਾਸੀਨ ਅਖਾੜਾ, ਸਤਗੁਰੂ ਦਲੀਪ ਸਿੰਘ ਮਹਾਰਾਜ ਮੁੱਖੀ ਨਾਮਧਾਰੀ ਸੰਪਰਦਾਇ ਜੋਤੀ ਪ੍ਰਵਜਲਨ ਕਰ ਸੰਮੇਲਨ ਦਾ ਸ਼ੁੱਭ ਅਰੰਭ ਕਰਨਗੇ। 11 ਮਈ ਨੂੰ ਤਿਲਕ ਰਾਜ ਵਾਲੀਆ ਸੁੰਦਰ ਕਾਂਡ ਪਾਠ ਅਤੇ ਸੰਕੀਰਤਨ ਕਰ ਸੰਗਤ ਨੂੰ ਮੰਤਰ ਮੁਗਧ ਕਰਨਗੇ। 14 ਮਈ ਖ਼ੂਨਦਾਨ ਕੈਂਪ ਸਵੇਰੇ 9 ਵਜੇ ਤੋਂ ਦੁਪਹਿਰ 12 ਵਜੇ ਤੱਕ ਲਗਾਇਆ ਜਾਵੇਗਾ। ਸ੍ਰੀ ਆਰਤੀ ਸ਼ਿਵ ਦੁਰਗਾ ਟ੍ਰਸਟ ਦੇ ਪ੍ਰਧਾਨ ਬਾਬੂ ਬਾਲ ਕ੍ਰਿਸ਼ਨ , ਮੁੱਖ ਸੇਵਕ ਸੁਮਿਤ ਸ਼ਾਸਤਰੀ ਨੇ ਸਮੂਹ ਸੰਗਤ ਨੂੰ ਇਸ ਸੰਮੇਲਨ ਵਿੱਚ ਸ਼ਾਮਲ ਹੋਣ ਦੀ ਪ੍ਰਾਰਥਨਾ ਕੀਤੀ। ਦੂਰ ਦਰਾਜ ਤੋਂ ਆਉਣ ਵਾਲੀ ਸੰਗਤ ਦੇ ਰਹਿਣ ਸਹਿਣ, ਖਾਣ ਪੀਣ ਦਾ ਪ੍ਰਬੰਧ ਮੰਦਰ ਟ੍ਰਸਟ ਵੱਲੋਂ ਕੀਤਾ ਜਾਵੇਗਾ।

# ਹਲਕੇ ਦੇ ਲੋਕਾਂ ਦੇ ਸੁਪਨਿਆਂ ਨੂੰ ਪੂਰਾ ਕਰਨਾ ਹੀ ਮੇਰਾ ਮਕਸਦ : ਚੌਧਰੀ



ਜਲੰਧਰ (ਸੁਰਿੰਦਰ ਕੁਮਾਰ ) : ਲੋਕ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਕਰਮਜੀਤ ਕੌਰ ਚੌਧਰੀ ਨੇ ਕਿਹਾ ਕਿ ਜਲੰਧਰ ਦੇ ਲੋਕਾਂ ਦੀਆਂ ਉਮੀਦਾਂ ਅਤੇ ਸੁਪਨਿਆਂ ਨੂੰ ਪੂਰਾ ਕਰਨਾ ਹੀ ਉਨ੍ਹਾਂ ਦੀ ਜ਼ਿੰਦਗੀ ਦਾ ਮਕਸਦ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਮੇਤ ਬੜਾ ਪਿੰਡ, ਰੁੜਕਾ ਕਲਾਂ ਅਤੇ ਫਿਲੌਰ ਸ਼ਹਿਰ ਵਿਖੇ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸਰਗਰਮ ਸਿਆਸਤ ਵਿੱਚ ਆਉਣ ਦੀ ਕਦੇ ਕਲਪਨਾ ਵੀ ਨਹੀਂ ਕੀਤੀ ਸੀ, ਪਰ ਹੁਣ ਉਹ ਆਪਣੇ ਮਰਹੂਮ ਪਤੀ ਸੰਤੋਖ ਸਿੰਘ ਚੌਧਰੀ ਦੇ ਅਧੂਰੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਦਿਨ-ਰਾਤ ਕੰਮ ਕਰਨਗੇ। ਉਹਨਾਂ ਆਖਿਆ, "ਮੈਂ ਆਪਣੀ ਪੂਰੀ ਜ਼ਿੰਦਗੀ ਸਰਕਾਰੀ ਨੌਕਰੀ ਕਰਦਿਆਂ ਨੌਜਵਾਨ ਵਿਦਿਆਰਥੀਆਂ ਨੂੰ ਪੜ੍ਹਾਉਣ ਅਤੇ ਉਨ੍ਹਾਂ ਨੂੰ ਸਹੀ ਸੇਧ ਦੇਣ ਵਿੱਚ ਬਿਤਾਈ ਹੈ, ਪਰ ਮੇਰੇ ਪਤੀ ਸਵਰਗੀ ਸੰਤੋਖ ਸਿੰਘ ਚੌਧਰੀ ਦੀ ਦੁਖਦਾਈ ਮੌਤ ਤੋਂ ਬਾਅਦ ਮੇਰੀ ਪਾਰਟੀ ਨੇ ਮੈਨੂੰ ਜ਼ਿਮਨੀ ਚੋਣ ਲੜਨ ਅਤੇ ਜਲੰਧਰ ਦੇ ਲੋਕਾਂ ਦੀ ਨੁਮਾਇੰਦਗੀ ਕਰਨ ਦੀ ਜ਼ਿੰਮੇਵਾਰੀ ਦਿੱਤੀ ਹੈ। ਮੈਂ ਜਲੰਧਰ ਦੇ ਲੋਕਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਅਤੇ ਆਪਣੇ ਪਤੀ ਦੇ ਅਧੂਰੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਦਿਨ-ਰਾਤ ਕੰਮ ਕਰਾਂਗੀ। ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸਾਬਕਾ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਆਪਣੀਆਂ ਅਖੌਤੀ ਗਾਰੰਟੀਆਂ ਪੂਰੀਆਂ ਨਾ ਕਰਕੇ ਪੰਜਾਬ ਦੇ ਲੋਕਾਂ ਨਾਲ ਵੱਡਾ ਧੋਖਾ ਕੀਤਾ ਹੈ। ਉਨ੍ਹਾਂ ਕਿਹਾ, ਆਪ ਨੇ ਹਰ ਔਰਤ ਨੂੰ ਇੱਕ-ਇੱਕ ਹਜਾਰ ਰੁਪਏ ਦੇਣ ਦਾ ਵਾਅਦਾ ਕੀਤਾ ਸੀ, ਪਰ ਇੱਕ ਵੀ ਔਰਤ ਨੂੰ ਇੱਕ ਰੁਪਿਆ ਨਹੀਂ ਮਿਲਿਆ। ਉਨ੍ਹਾਂ ਨੇ ਬੁਢਾਪਾ ਪੈਨਸਨ ਵਧਾਉਣ ਦਾ ਵਾਅਦਾ ਕੀਤਾ ਸੀ ਪਰ ਸਾਡੇ ਬਜ਼ੁਰਗ ਅਜੇ ਤੱਕ ਇਸ ਦੀ ਉਡੀਕ ਕਰ ਰਹੇ ਹਨ। ਚੰਨੀ ਨੇ ਕਿਹਾ ਕਿ 'ਆਪ' ਸਰਕਾਰ ਦੀ ਸਭ ਤੋਂ ਵੱਧ ਮਾਰ ਗਰੀਬ ਲੋਕਾਂ 'ਤੇ ਪਈ ਹੈ। ਅਸੀਂ ਕਹਿੰਦੇ ਹਾਂ ਗਰੀਬੀ ਖਤਮ ਕਰੋ, ਪਰ ਇਹ ਕਹਿੰਦੇ ਆ ਕਿ ਗਰੀਬ ਨੂੰ ਹੀ ਖਤਮ ਕਰ ਦਿਓ। ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਨਾ ਸਿਰਫ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਵਾਪਸ ਲੈ ਲਈ, ਸਗੋਂ ਸੋਸ਼ਲ ਮੀਡੀਆ 'ਤੇ ਗੁਪਤ ਵੇਰਵੇ ਵੀ ਪੋਸਟ ਕੀਤੇ, ਜਿਸ ਕਰਕੇ ਗੈਂਗਸਟਰਾਂ ਨੇ ਉਸ ਹੋਣਹਾਰ ਗਾਇਕ ਦਾ ਕਤਲ ਕਰ ਦਿੱਤਾ। ਲੋਕਾਂ ਨੂੰ ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਚੌਧਰੀ ਨੂੰ ਵੋਟ ਪਾਉਣ ਦਾ ਸੱਦਾ ਦਿੰਦਿਆਂ ਚੰਨੀ ਨੇ ਕਿਹਾ ਕਿ ਉਹ ਇੱਕ ਪੜ੍ਹੇ ਲਿਖੇ ਅਤੇ ਸਭ ਤੋਂ ਕਾਬਲ ਉਮੀਦਵਾਰ ਹਨ ਅਤੇ ਸੰਸਦ ਵਿੱਚ ਜਲੰਧਰ ਦੇ ਲੋਕਾਂ ਦੀ ਨੁਮਾਇੰਦਗੀ ਕਰਨ ਲਈ ਸਭ ਤੋਂ ਵਧੀਆ ਇਨਸਾਨ ਹਨ। ਇਸ ਮੌਕੇ ਸਾਬਕਾ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ, ਸੁਖਪਾਲ ਸਿੰਘ ਭੁੱਲਰ ਤੇ ਅੰਗਦ ਸਿੰਘ ਸੈਣੀ, ਜ਼ਿਲਾ ਪ੍ਰੀਸ਼ਦ ਤੇ ਬਲਾਕ ਸਮਿਤੀ ਦੇ ਮੈਂਬਰ, ਨਗਰ ਕੌਂਸਲਰ, ਸਰਪੰਚ ਤੇ ਪੰਚ ਆਦਿ ਹਾਜ਼ਰ ਸਨ।

## ਪ੍ਰੀ-ਰਿਕਰੂਟਮੈਂਟ ਟ੍ਰੇਨਿੰਗ ਕੇਡਰ 8 ਤੋਂ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ ਬਲਜਿੰਦਰ ਸਿੰਘ ਵਿਰਕ (ਸੇਵਾਮੁਕਤ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਉਲੀਕੇ ਗਏ ਪ੍ਰੋਗਰਾਮ ਤਹਿਤ ਰਾਜ ਦੇ ਹਰ ਵਰਗ ਦੇ ਨੌਜਵਾਨਾਂ ਲਈ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਹੁਸ਼ਿਆਰਪੁਰ ਵਿਖੇ ਇਕ ਪ੍ਰੀ-ਰਿਕਰੂਟਮੈਂਟ ਟ੍ਰੇਨਿੰਗ ਕੇਡਰ 8 ਮਈ 2023 ਤੋਂ ਸ਼ੁਰੂ ਹੋ ਰਿਹਾ ਹੈ, ਜਿਸ ਵਿਚ ਨੌਜਵਾਨਾਂ ਨੂੰ ਆਰਮੀ, ਨੇਵੀ, ਏਅਰ ਫੋਰਸ ਤੋਂ ਇਲਾਵਾ ਬੀ.ਐਸ.ਐਫ., ਸੀ.ਆਰ.ਪੀ.ਐਫ., ਆਈ.ਟੀ.ਬੀ.ਪੀ., ਸੀ.ਆਈ.ਐਸ.ਐਫ. ਅਤੇ ਪੰਜਾਬ ਪੁਲਸ ਵਿਚ ਭਰਤੀ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਚਾਹਵਾਨ ਉਮੀਦਵਾਰ ਆਪਣੇ ਅਸਲ ਵਿਦਿਅਕ ਯੋਗਤਾ ਸਰਟੀਫਿਕੇਟ, ਉਮਰ ਦਾ ਸਬੂਤ, ਐਸ.ਸੀ./ਐਸ.ਟੀ. ਸਰਟੀਫਿਕੇਟ, ਰਿਹਾਇਸ਼ੀ ਸਰਟੀਫਿਕੇਟ ਅਤੇ ਸਾਬਕਾ ਸੈਨਿਕ ਦੇ ਆਸ਼ਰਿਤ ਹੋਣ ਦੀ ਸੂਰਤ ਵਿਚ ਡਿਸਚਾਰਜ ਬੁੱਕ ਜਾਂ ਰਿਲੇਸ਼ਨਸ਼ਿਪ ਸਰਟੀਫਿਕੇਟ ਦੀ ਕਾਪੀ ਨਾਲ ਲੈ ਕੇ ਆਉਣ ਅਤੇ ਆਪਣਾ ਨਾਂਅ ਰਜਿਸਟਰ ਕਰਵਾਉਣ।

## ਡਾ. ਬੂਟਾ ਰਾਮ ਹਮੀਰਾ ਹਲਕਾ ਭੁਲੱਥ ਦੇ ਵਾਈਸ ਪ੍ਰਧਾਨ ਨਿਯੁਕਤ

ਕਰਤਾਰਪੁਰ (ਹਰਮੇਸ਼ ਦੱਤ ) ਭੀਮ ਆਰਮੀ ਚੀਫ ਚੰਦਰ ਸ਼ੇਖਰ ਅਜਾਦ ਨੂੰ ਹਲਕਾ ਭੁਲੱਥ ਵਿਚ ਮਜਬੂਤ ਕਰਦੇ ਹੋਏ ਪ੍ਰਧਾਨ ਮਲਕੀਤ ਸਿੰਘ ਅਤੇ ਭੀਮ ਆਰਮੀ ਟੀਮ ਕਪੂਰਥਲਾ ਤੇ ਜ਼ਿਲ੍ਹਾ ਇੰਚਾਰਜ ਜਸਬੀਰ ਸਿੰਘ ਦੀ ਰਹਿਨੁਮਾਈ ਹੇਠ ਪਿੰਡ ਹਮੀਰਾ ਵਿਖੇ ਸਾਥੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਡਾ. ਬੂਟਾ ਰਾਮ. ਵਿੱਕੀ, ਰਾਜਦੀਪ ਸਿੰਘ, ਬ੍ਰਿਜ ਲਾਲ, ਅਜੇ ਜਸਵੀਰ, ਗੁਰਦੀਪ, ਰਾਜ ਕੁਮਾਰ, ਕੁਲਦੀਪ ਸਿੰਘ ਤੇ ਕਈ ਹੋਰ ਸਾਥੀ ਹਾਜਰ ਹੋਏ। ਜਸਬੀਰ ਸਿੰਘ ਨੇ ਡਾ. ਬੂਟਾ ਰਾਮ ਨੂੰ ਸਾਥੀਆਂ ਨਾਲ ਭੀਮ ਆਰਮੀ ਮਿਸ਼ਨ 'ਚ ਸ਼ਾਮਲ ਕਰਕੇ ਭੁਲੱਥ ਦਾ ਵਾਈਸ ਪ੍ਰਧਾਨ ਨਿਯੁਕਤ ਕੀਤਾ। ਭੀਮ ਆਰਮੀ ਹਲਕਾ ਭੁਲੱਥ ਦੇ ਪ੍ਰਧਾਨ ਮਲਕੀਤ ਸਿੰਘ ਵੱਲੋਂ ਸਾਥੀਆਂ ਨੂੰ ਡਾ. ਬੀ .ਆਰ. ਅੰਬੇਡਕਰ ਜੀ ਦੀ ਜੀਵਨੀ ਨਾਲ ਸੰਬੰਧਤ ਕਿਤਾਬਾਂ ਵੀ ਦਿੱਤੀਆਂ ਅਤੇ ਮੀਟਿੰਗ ਵਿੱਚ ਆਏ ਹੋਏ ਸਾਰੇ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

**Capital Small Finance Bank Ltd.**
H.O. : MIDAS Corporate Park, 3rd Floor, 37, G.T. Road, Jalandhar-144001

**ਜਾਇਦਾਦ ਵਿਕਰੀ ਨੋਟਿਸ**

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਸੰਕੇਤਕ ਕਬਜ਼ਾ ਲੈ ਲਿਆ ਹੈ। ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਖੜ੍ਹੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਬੈਂਕ ਵੱਲੋਂ 7.6.2023 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | (1) ਸ੍ਰੀ ਹਰੀ ਲਾਲ ਸੁਨਾਰ ਪੁੱਤਰ ਦਲ ਬਹਾਦਰ ਸੁਨਾਰ, ਵਾਸੀ ਕਿਲ੍ਹਾ ਰੋਡ, ਫਿਲੌਰ, ਜਲੰਧਰ-144410<br>(2) ਸ੍ਰੀਮਤੀ ਮਾਇਆ ਪਤਨੀ ਹਰੀ ਲਾਲ ਸੁਨਾਰ ਵਾਸੀ ਕਿਲ੍ਹਾ ਰੋਡ, ਫਿਲੌਰ, ਜਲੰਧਰ-144410<br>ਦੂਜਾ ਪਤਾ : ਸ੍ਰੀਮਤੀ ਮਾਇਆ ਪਤਨੀ ਹਰੀ ਲਾਲ ਸੁਨਾਰ, ਵਾਸੀ ਮੁਹੱਲਾ ਪਾਸੀਆਂ ਚੌਕ, ਫਿਲੌਰ, ਜਲੰਧਰ-144410 |
| 3.5.2023 ਨੂੰ ਐਚ ਐੱਲ/129-611000002 'ਚ ਬਕਾਇਆ ਰਕਮ | ਰੁ: 12,84,957.60<br>(ਅਤੇ 1. 5.2023 ਤੋਂ ਭਵਿੱਖੀ ਵਿਆਜ) |
| ਪ੍ਰਾਪਰਟੀ ਦਾ ਵੇਰਵਾ | ਸ੍ਰੀ ਹਰੀ ਲਾਲ ਸੁਨਾਰ ਪੁੱਤਰ ਦਲ ਬਹਾਦਰ ਸੁਨਾਰ ਦੀ ਮਲਕੀਅਤ ਅਚੱਲ ਜਾਇਦਾਦ ਪੈਮਾਇਸ਼ 3 ਮਰਲੇ 3 ਸਰਸਾਹੀ, ਪਿੰਡ ਬੱਛੋਵਾਲ, ਤਹਿ: ਫਿਲੌਰ, ਜਲੰਧਰ ਵਿਖੇ ਸਥਿਤ ਜਾਇਦਾਦ ਨਾਲ ਸੰਬੰਧਤ ਸਭ ਕੁਝ। ਵਿਕਰੀ ਡੀਡ ਦਸਤਾਵੇਜ਼ ਨੰ: 2019-20/180/1/1621 ਮਿਤੀ 12.3.2020 |
| ਰਾਖਵੀਂ ਕੀਮਤ | ਰੁ: 10,60,000 (ਰੁ: ਦਸ ਲੱਖ ਸੱਠ ਹਜ਼ਾਰ ਕੇਵਲ) |
| ਈ ਐਮ ਡੀ (ਬਿਆਨਾ ਰਕਮ) | ਰਾਖਵੀਂ ਕੀਮਤ ਦੀ ਕੁੱਲ ਈ ਐਮ ਡੀ (ਬਿਆਨਾ ਰਕਮ) 25 ਫੀਸਦੀ ਡਿਮਾਂਡ ਡਰਾਫਟ ਰਾਹੀਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਜਲੰਧਰ ਵਿਖੇ ਅਦਾਇਗੀਯੋਗ। ਟੈਂਡਰ ਫਾਰਮਜ਼ ਅਤੇ ਈ ਐਮ ਡੀ ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਮੁੱਖ ਦਫ਼ਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਭੇਜੇ ਜਾਣ |

ਬੈਂਕ ਦੀ ਜਾਣਕਾਰੀ 'ਚ ਜੋਖ਼ਮ : ਕੋਈ ਨਹੀਂ। "ਜਾਇਦਾਦ ਜਿਵੇਂ ਹੈ ਜਿੱਥੇ ਹੈ" ਦੇ ਅਧਾਰ 'ਤੇ ਵੇਚੀ ਜਾ ਰਹੀ ਹੈ। ਰਾਖਵੀਂ ਕੀਮਤ ਦੀ ਕੁੱਲ ਈ ਐਮ ਡੀ ਡਿਮਾਂਡ ਡਰਾਫਟ ਰਾਹੀਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਜਲੰਧਰ ਵਿਖੇ ਅਦਾਇਗੀਯੋਗ ਦੇ ਨਾਲ ਟੈਂਡਰ ਪ੍ਰਾਪਤ ਕਰਨ ਦੀ ਅੰਤਿਮ ਮਿਤੀ/ਸਮਾਂ : 7.6.2023 ਸਵੇਰ ਦੇ 11:00 ਵਜੇ ਤੱਕ। ਟੈਂਡਰ ਉਕਤ ਮਿਤੀ ਨੂੰ ਸਵੇਰੇ 11.00 ਵਜੇ ਤੋਂ ਬਾਅਦ ਪੇਸ਼ ਕਰਤਾਵਾਂ/ਉਨ੍ਹਾ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਮੁੱਖ ਦਫ਼ਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਖੋਲ੍ਹੇ ਤੇ ਵਿਚਾਰੇ ਜਾਣਗੇ। ਵਿੱਕਰੀ ਦੀਆਂ ਵਿਸਥਾਰਤ ਸ਼ਰਤਾਂ ਸਮੇਤ ਟੈਂਡਰ ਫਾਰਮ ਅਤੇ ਜਾਇਦਾਦ ਦੇ ਨਿਰੀਖਣ ਲਈ ਕ੍ਰਿਪਾ ਕਰਕੇ ਸ਼ਾਖਾ ਦਫ਼ਤਰ ਔਟੀ ਨਾਲ ਸੰਪਰਕ ਕੀਤਾ ਜਾਵੇ। ਵਿਕਰੀ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ਤਹਿਤ ਦਰਸਾਈਆਂ ਸ਼ਰਤਾਂ ਅਤੇ ਨਿਯਮਾਂ ਅਨੁਸਾਰ ਕੀਤੀ ਜਾਵੇਗੀ। ਅਧਿਕਾਰਤ ਅਫ਼ਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਹੋਣ ਤੋਂ ਪਹਿਲਾਂ ਕਿਸੇ ਸਮੇਂ ਵੀ ਬੋਲੀ ਰੱਦ/ਮੁਲਤਵੀ/ ਅਣਮਿੱਥੇ ਸਮੇਂ ਲਈ ਅੱਗੇ ਪਾਉਣ, ਸ਼ਰਤਾਂ ਅਤੇ ਨਿਯਮਾਂ 'ਚ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 03.05.2023    ਅਧਿਕਾਰਤ ਅਫਸਰ

ਨਵਾਂ ਜ਼ਮਾਨਾ

ਸ਼ੁੱਕਰਵਾਰ, 5 ਮਈ 2023

# ਬਜਰੰਗ ਬਲੀ ਦੀ ਐਂਟਰੀ

*ਕਰਨਾਟਕ ਵਿਧਾਨ ਸਭਾ ਲਈ 10 ਮਈ ਨੂੰ ਵੋਟਾਂ ਪੈਣੀਆਂ ਹਨ। ਰੈਲੀਆਂ ਦੀ ਭੀੜ ਤੇ ਚੋਣ ਸਰਵੇਖਣਾਂ ਤੋਂ ਸਾਫ ਲੱਗ ਰਿਹਾ ਸੀ ਕਿ ਕਾਂਗਰਸ ਅੱਗੇ ਚੱਲ ਰਹੀ ਹੈ, ਪਰ ਕਾਂਗਰਸ ਦੀ ਕਰਨਾਟਕ ਇਕਾਈ ਨੇ ਮੰਗਲਵਾਰ ਜਾਰੀ ਕੀਤੇ ਆਪਣੇ ਚੋਣ ਮੈਨੀਫੈਸਟੋ 'ਚ ਸੱਤਾ 'ਚ ਆਉਣ 'ਤੇ ਬਜਰੰਗ ਦਲ ਵਰਗੀਆਂ ਜਥੇਬੰਦੀਆਂ 'ਤੇ ਰੋਕ ਲਾਉਣ ਦਾ ਵਾਅਦਾ ਕੀ ਕਰ ਦਿੱਤਾ ਕਿ ਆਪਦਾ ਨੂੰ ਮੌਕੇ ਵਿਚ ਬਦਲਣ 'ਚ ਮਾਹਰ ਭਾਜਪਾ ਆਗੂਆਂ ਨੂੰ ਫਿਰਕੂ ਧਰੁਵੀਕਰਨ ਦਾ ਮੌਕਾ ਦੇ ਦਿੱਤਾ। ਮੈਨੀਫੈਸਟੋ ਜਾਰੀ ਹੋਣ ਵਾਲੇ ਦਿਨ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੈਲੀ ਕਰਦਿਆਂ ਕਿਹਾ ਕਿ ਕਾਂਗਰਸ ਨੇ ਹਨੂੰਮਾਨ ਜੀ ਨੂੰ ਤਾਲੇ ਵਿਚ ਬੰਦ ਕਰਨ ਦਾ ਸੰਕਲਪ ਲਿਆ ਹੈ, ਜਿਵੇਂ ਪਹਿਲਾਂ ਸ੍ਰੀ ਰਾਮ ਨੂੰ ਤਾਲੇ 'ਚ ਬੰਦ ਕੀਤਾ ਸੀ। ਕਾਂਗਰਸ ਨੂੰ ਪਹਿਲਾਂ ਪ੍ਰਭੂ ਸ੍ਰੀ ਰਾਮ ਤੋਂ ਤਕਲੀਫ ਹੁੰਦੀ ਸੀ ਤੇ ਹੁਣ ਜੈ ਬਜਰੰਗ ਬਲੀ ਬੋਲਣ ਵਾਲਿਆਂ ਤੋਂ ਵੀ ਤਕਲੀਫ ਹੋਣ ਲੱਗੀ ਹੈ। ਇਸ ਤੋਂ ਬਾਅਦ ਭਾਜਪਾ ਨੇ ਆਪਣਾ ਚੋਣ ਪ੍ਰਚਾਰ ਨਿਊ ਇੰਡੀਆ ਤੇ ਸਭ ਕਾ ਸਾਥ ਸਭ ਕਾ ਵਿਕਾਸ ਦੇ ਨਾਅਰੇ ਛੱਡ ਕੇ ਬਜਰੰਗ ਦਲ ਨੂੰ ਬਜਰੰਗ ਬਲੀ ਨਾਲ ਜੋੜਨ 'ਤੇ ਫੋਕਸ ਕਰ ਦਿੱਤਾ ਹੈ। ਹੁਕਮਰਾਨ ਭਾਜਪਾ ਨੂੰ ਲੱਗ ਰਿਹਾ ਸੀ ਕਿ ਉਹ ਦਲਿਤ-ਮੁਸਲਮਾਨ ਰਿਜ਼ਰਵੇਸ਼ਨ 'ਚ ਛੇੜਛਾੜ ਕਰਕੇ ਮੁੜ ਸੱਤਾ 'ਚ ਆ ਜਾਵੇਗੀ, ਪਰ ਉਸ ਨੂੰ ਖਾਸ ਰਿਸਪਾਂਸ ਨਹੀਂ ਸੀ ਮਿਲ ਰਿਹਾ। ਹੁਣ ਉਸ ਦਾ ਸਾਰਾ ਜ਼ੋਰ ਬਜਰੰਗ ਦਲ ਨੂੰ ਬਜਰੰਗ ਬਲੀ ਨਾਲ ਜੋੜ ਕੇ ਵੋਟਰਾਂ ਨੂੰ ਫਿਰਕੂ ਆਧਾਰ 'ਤੇ ਵੰਡਣ ਵਿਚ ਲੱਗ ਗਿਆ ਹੈ। ਗੋਦੀ ਮੀਡੀਆ ਵੀ ਉਸ ਦਾ ਪੂਰਾ ਸਾਥ ਦੇ ਰਿਹਾ ਹੈ। ਭਾਜਪਾ ਨੇ ਵੀਰਵਾਰ ਰਾਤ 7 ਵਜੇ ਸੂਬੇ ਵਿਚ ਹਨੂੰਮਾਨ ਚਾਲੀਸਾ ਦਾ ਪਾਠ ਕਰਨ ਦਾ ਸੱਦਾ ਵੀ ਦੇ ਦਿੱਤਾ। ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕਾਰਕੁਨਾਂ ਨੇ ਦਿਨੇ ਹੀ ਸੜਕਾਂ 'ਤੇ ਜਨੂੰਨੀ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਸਨ।*

*ਦੇਸ਼ ਦੀ ਬਦਕਿਸਮਤੀ ਹੈ ਕਿ ਚੋਣ ਕਮਿਸ਼ਨ ਤੇ ਸੁਪਰੀਮ ਕੋਰਟ ਚੋਣਾਂ ਨੂੰ ਫਿਰਕੂ ਰੰਗਤ ਵਿਚ ਰੰਗੇ ਜਾਣ ਤੋਂ ਬਚਾਉਣ ਲਈ ਕੁਝ ਖਾਸ ਨਹੀਂ ਕਰ ਰਹੇ। ਚੋਣ ਕਮਿਸ਼ਨ ਦੀ ਸੇਧ-ਲੀਹ ਹੈ ਕਿ ਜਾਤ ਜਾਂ ਫਿਰਕੂ ਆਧਾਰ 'ਤੇ ਵੋਟਾਂ ਨਹੀਂ ਮੰਗੀਆਂ ਜਾਣਗੀਆਂ। ਪੂਜਾ ਸਥਾਨਾਂ ਨੂੰ ਚੋਣ ਪ੍ਰਚਾਰ ਦੇ ਮੰਚ ਵਜੋਂ ਨਹੀਂ ਵਰਤਿਆ ਜਾਵੇਗਾ। ਕੀ ਚੋਣ ਕਮਿਸ਼ਨ ਨੂੰ ਅਜੇ ਤੱਕ ਨਹੀਂ ਪਤਾ ਲੱਗਾ ਕਿ ਪ੍ਰਧਾਨ ਮੰਤਰੀ ਨੇ ਵੋਟਰਾਂ ਨੂੰ ਸੱਦਾ ਦਿੱਤਾ ਹੈ ਕਿ ਵੋਟ ਪਾਉਣ ਵੇਲੇ ਜੈ ਬਜਰੰਗ ਬਲੀ ਦਾ ਨਾਅਰਾ ਲਾ ਕੇ ਗਾਲ੍ਹ ਕੱਢਣ ਵਾਲੀ ਸੰਸਕ੍ਰਿਤੀ (ਕਾਂਗਰਸ) ਨੂੰ ਸਜ਼ਾ ਦਿਓ। ਚੋਣ ਕਮਿਸ਼ਨ ਨੇ ਪ੍ਰਧਾਨ ਮੰਤਰੀ ਨੂੰ ਨੋਟਿਸ ਤਾਂ ਕੀ ਕੱਢਣਾ ਸੀ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਪੁੱਤਰ ਪ੍ਰਿਅੰਕ ਖੜਗੇ ਨੂੰ ਕੱਢ ਦਿੱਤਾ ਕਿ ਉਸ ਨੇ ਪ੍ਰਧਾਨ ਮੰਤਰੀ ਨੂੰ ਨਾਲਾਇਕ ਬੇਟਾ ਕਿਉਂ ਕਿਹਾ। ਚਾਰ ਜਨਵਰੀ 2017 ਨੂੰ ਸੁਪਰੀਮ ਕੋਰਟ ਨੇ ਆਪਣੇ ਆਦੇਸ਼ ਵਿਚ ਕਿਹਾ ਸੀ ਕਿ ਚੋਣ ਪ੍ਰਕਿਰਿਆ 'ਧਰਮ ਨਿਰਪੱਖ ਕਵਾਇਦ' ਹੋਣੀ ਚਾਹੀਦੀ ਹੈ। ਵੇਲੇ ਦੇ ਚੀਫ ਜਸਟਿਸ ਟੀ ਐੱਸ ਠਾਕੁਰ ਨੇ ਕਿਹਾ ਸੀ—ਕੀ ਇਹ ਦੱਸਣ ਦੀ ਲੋੜ ਹੈ ਕਿ ਭਾਰਤੀ ਸੰਵਿਧਾਨ ਮੁਤਾਬਕ ਭਾਰਤ ਅਧਿਕਾਰਤ ਤੌਰ 'ਤੇ ਧਰਮ ਨਿਰਪੱਖ ਦੇਸ਼ ਹੈ, ਪਰ ਸਿਆਸੀ ਪਾਰਟੀਆਂ ਨੇ ਰਵਾਇਤੀ ਤੌਰ 'ਤੇ ਧਰਮ ਤੇ ਜਾਤ ਨੂੰ ਉਮੀਦਵਾਰ ਦੀ ਚੋਣ ਕਰਨ ਤੇ ਵੋਟਰਾਂ ਨੂੰ ਅਪੀਲ ਕਰਨ ਲਈ ਮੁੱਖ ਪੈਮਾਨੇ ਵਜੋਂ ਇਸਤੇਮਾਲ ਕੀਤਾ ਹੈ। ਇਸ ਆਦੇਸ਼ ਦਾ ਕਰਨਾਟਕ ਵਿਚ ਖੁੱਲ੍ਹ ਕੇ ਮਜ਼ਾਕ ਬਣ ਰਿਹਾ ਹੈ, ਪਰ ਸੁਪਰੀਮ ਕੋਰਟ ਨੇ ਨਾ ਖੁਦ ਨੋਟਿਸ ਲਿਆ ਹੈ ਤੇ ਨਾ ਹੀ ਉਸ ਦੇ ਧਿਆਨ ਵਿਚ ਕਿਸੇ ਜਥੇਬੰਦੀ ਤੇ ਪਾਰਟੀ ਨੇ ਇਹ ਮਾਮਲਾ ਲਿਆਂਦਾ ਹੈ।*

# ਮਾਰਕਸਵਾਦ ਦੀ ਵਿਆਖਿਆ ਸਹਿਤ ਮਾਰਕਸ ਦੀ ਸੰਖੇਪ ਜੀਵਨੀ



ਕਾਰਲ ਮਾਰਕਸ ਦਾ ਜਨਮ 5 ਮਈ, 1818 ਨੂੰ ਟ੍ਰਾਇਅਰ (ਰੇਨਿਸ਼ ਪ੍ਰਸ਼ੀਆ) ਸ਼ਹਿਰ ਵਿੱਚ ਹੋਇਆ ਸੀ। ਉਸ ਦਾ ਪਿਤਾ ਇੱਕ ਵਕੀਲ, ਇੱਕ ਯਹੂਦੀ ਸੀ, ਜਿਸ ਨੇ 1824 ਵਿੱਚ ਪ੍ਰੋਟੈਸਟੈਂਟ ਧਰਮ ਅਪਣਾਇਆ। ਇਹ ਪਰਵਾਰ ਜਾਣਿਆ ਪਹਿਚਾਣਿਆ ਸੱਭਿਅਕ ਪਰਵਾਰ ਸੀ, ਪਰ ਇਨਕਲਾਬੀ ਨਹੀਂ ਸੀ। ਟ੍ਰਾਇਅਰ ਵਿੱਚ ਇੱਕ ਜਿਮਨੇਜ਼ੀਅਮ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ, ਮਾਰਕਸ ਨੇ ਯੂਨੀਵਰਸਿਟੀ ਵਿੱਚ ਦਾਖਲਾ ਲਿਆ, ਪਹਿਲਾਂ ਬੌਨ ਅਤੇ ਬਾਅਦ ਵਿੱਚ ਬਰਲਿਨ ਵਿੱਚ, ਜਿੱਥੇ ਉਸ ਨੇ ਇਤਿਹਾਸ ਅਤੇ ਦਰਸ਼ਨ ਵਿੱਚ ਪ੍ਰਮੁੱਖਤਾ ਨਾਲ ਕਾਨੂੰਨ ਪੜ੍ਹਿਆ। ਉਸ ਨੇ ਆਪਣਾ ਯੂਨੀਵਰਸਿਟੀ ਕੋਰਸ 1841 ਵਿੱਚ ਸਮਾਪਤ ਕੀਤਾ, ਐਪੀਕੁਰਸ ਦੇ ਫ਼ਲਸਫ਼ੇ 'ਤੇ ਇੱਕ ਡਾਕਟੋਰਲ ਥੀਸਿਸ ਜਮ੍ਹਾਂ ਕਰਾਇਆ। ਉਸ ਸਮੇਂ ਮਾਰਕਸ ਆਪਣੇ ਵਿਚਾਰਾਂ ਵਿਚ ਹੇਗਲੀਅਨ ਆਦਰਸ਼ਵਾਦੀ ਸੀ। ਬਰਲਿਨ ਵਿੱਚ, ਉਹ "ਖੱਬੇ ਹੇਗੇਲੀਅਨਜ਼" (ਬਰੂਨੋ ਬਾਉਰ ਅਤੇ ਹੋਰ) ਦੇ ਦਾਇਰੇ ਨਾਲ ਸੰਬੰਧਤ ਸੀ, ਜੋ ਹੇਗਲ ਦੇ ਫਲਸਫੇ ਤੋਂ ਨਾਸਤਿਕ ਅਤੇ ਇਨਕਲਾਬੀ ਸਿੱਟਾ ਕੱਢਣ ਦੀ ਕੋਸ਼ਿਸ਼ ਕਰਦੇ ਸਨ।

ਗ੍ਰੈਜੂਏਟ ਹੋਣ ਤੋਂ ਬਾਅਦ, ਮਾਰਕਸ ਪ੍ਰੋਫੈਸਰ ਬਣਨ ਦੀ ਉਮੀਦ ਵਿੱਚ ਬੌਨ ਚਲੇ ਗਏ। ਹਾਲਾਂਕਿ, ਸਰਕਾਰ ਦੀ ਪ੍ਰਤੀਕਿਰਿਆਵਾਦੀ ਨੀਤੀ, ਜਿਸ ਨੇ 1832 ਵਿੱਚ ਲੁਡਵਿਗ ਫਿਊਰਬਾਕ ਨੂੰ ਉਸ ਦੀ ਕੁਰਸੀ ਤੋਂ ਵਾਂਝਾ ਕਰ ਦਿੱਤਾ, ਨੇ ਉਸ ਨੂੰ 1836 ਵਿੱਚ ਯੂਨੀਵਰਸਿਟੀ ਵਿੱਚ ਵਾਪਸ ਆਉਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ 1841 ਵਿੱਚ ਨੌਜਵਾਨ ਪ੍ਰੋਫੈਸਰ ਬਰੂਨੋ ਬਾਉਰ ਨੂੰ ਬੌਨ ਵਿਖੇ ਲੈਕਚਰ ਦੇਣ ਤੋਂ ਵਰਜਿਆ, ਮਾਰਕਸ ਨੇ ਇੱਕ ਅਕਾਦਮਿਕ ਕੈਰੀਅਰ ਦੇ ਇਸ ਵਿਚਾਰ ਨੂੰ ਤਿਆਗ ਦਿੱਤਾ। ਉਸ ਸਮੇਂ ਜਰਮਨੀ ਵਿੱਚ ਖੱਬੇ ਹੇਗੇਲੀਅਨ ਵਿਚਾਰ ਤੇਜ਼ੀ ਨਾਲ ਅੱਗੇ ਵਧ ਰਹੇ ਸਨ। ਫਿਊਰਬਾਕ ਨੇ ਧਰਮ ਸ਼ਾਸ਼ਤਰ ਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ, ਖਾਸ ਤੌਰ 'ਤੇ 1836 ਤੋਂ ਬਾਅਦ ਅਤੇ ਪਦਾਰਥਵਾਦ ਵੱਲ ਮੁੜਿਆ, ਜਿਸ ਨੇ 1841 ਵਿੱਚ ਉਸ ਦੇ ਦਰਸ਼ਨ (ਈਸਾਈਅਤ ਦਾ ਤੱਤ) ਵਿੱਚ ਉੱਚਤਾ ਪ੍ਰਾਪਤ ਕੀਤੀ। ਸਾਲ 1843 ਵਿਚ ਭਵਿੱਖ ਦੇ ਦਰਸ਼ਨ ਦੇ ਉਸ ਦੇ ਸਿਧਾਂਤਾਂ ਦੀ ਦਿੱਖ ਦਿਖਾਈ ਦਿੱਤੀ। ਏਂਗਲਜ਼ ਨੇ ਬਾਅਦ ਵਿੱਚ ਫਿਊਰਬਾਖ ਦੀਆਂ ਇਹਨਾਂ ਰਚਨਾਵਾਂ ਬਾਰੇ ਲਿਖਿਆ ਸੀ, "ਕਿਸੇ ਨੂੰ ਇਹਨਾਂ ਕਿਤਾਬਾਂ ਦੇ ਮੁਕਤੀ ਪ੍ਰਭਾਵ ਦਾ ਅਨੁਭਵ ਕਰਨਾ ਚਾਹੀਦਾ ਹੈ", "ਅਸੀਂ (ਜਿਵੇਂ ਮਾਰਕਸ ਸਮੇਤ ਖੱਬੇ-ਪੱਖੀ ਹੇਗੇਲੀਅਨ) ਸਾਰੇ ਇਕਦਮ ਫਿਊਰਬਾਖੀਅਨ ਬਣ ਗਏ।" ਉਸ ਸਮੇਂ, ਰਾਈਨਲੈਂਡ ਵਿੱਚ ਕੁਝ ਕੱਟੜਪੰਥੀ ਬੁਰਜੂਆ, ਜੋ ਖੱਬੇ ਪੱਖੀ ਹੇਗੇਲੀਅਨਾਂ ਦੇ ਸੰਪਰਕ ਵਿੱਚ ਸਨ, ਨੇ ਕੋਲੋਨ ਵਿੱਚ, ਰਾਈਨਿਸ਼ੇ ਜ਼ੀਤੁੰਗ (ਪਹਿਲਾ ਅੰਕ 1 ਜਨਵਰੀ, 1842 ਨੂੰ ਪ੍ਰਕਾਸ਼ਤ ਹੋਇਆ) ਨਾਮਕ ਇੱਕ ਵਿਰੋਧੀ ਪੇਪਰ ਦੀ ਸਥਾਪਨਾ ਕੀਤੀ। ਮਾਰਕਸ ਅਤੇ ਬਰੂਨੋ ਬਾਉਰ ਨੂੰ ਮੁੱਖ ਯੋਗਦਾਨ ਪਾਉਣ ਲਈ ਸੱਦਾ ਦਿੱਤਾ ਗਿਆ ਅਤੇ ਅਕਤੂਬਰ 1842 ਵਿੱਚ ਮਾਰਕਸ ਮੁੱਖ ਸੰਪਾਦਕ ਬਣ ਗਿਆ ਅਤੇ ਬੌਨ ਤੋਂ ਕੋਲੋਨ ਚਲੇ ਗਏ। ਮਾਰਕਸ ਦੀ ਸੰਪਾਦਨਾ ਅਧੀਨ ਅਖਬਾਰ ਦਾ ਇਨਕਲਾਬੀ-ਜਮਹੂਰੀ ਰੁਝਾਨ ਵੱਧ ਤੋਂ ਵੱਧ ਸਪੱਸ਼ਟ ਹੁੰਦਾ ਗਿਆ ਅਤੇ ਸਰਕਾਰ ਨੇ ਪਹਿਲਾਂ ਕਾਗਜ਼ 'ਤੇ ਦੋਹਰੀ ਅਤੇ ਤੀਹਰੀ ਸੈਂਸਰਸ਼ਿਪ ਲਗਾਈ ਅਤੇ ਫਿਰ 1 ਜਨਵਰੀ 1843 ਨੂੰ ਇਸ ਨੂੰ ਦਬਾਉਣ ਦਾ ਫੈਸਲਾ ਕੀਤਾ। ਮਾਰਕਸ ਨੂੰ ਉਸ ਮਿਤੀ ਤੋਂ ਪਹਿਲਾਂ ਸੰਪਾਦਨਾ ਤੋਂ ਅਸਤੀਫਾ ਦੇਣਾ ਪਿਆ, ਪਰ ਉਸ ਦੇ ਅਸਤੀਫ਼ੇ ਨਾਲ ਪੇਪਰ ਨਹੀਂ ਬਚਿਆ, ਜਿਸ ਨੇ ਮਾਰਚ 1843 ਵਿੱਚ ਪ੍ਰਕਾਸ਼ਨ ਨੂੰ ਮੁਅੱਤਲ ਕਰ ਦਿੱਤਾ। ਪ੍ਰਮੁੱਖ ਲੇਖਾਂ ਵਿੱਚੋਂ ਮਾਰਕਸ ਨੇ ਰੇਨਿਸ਼ੇ ਜ਼ੀਤੁੰਗ ਵਿੱਚ ਯੋਗਦਾਨ ਪਾਇਆ, ਏਂਗਲਜ਼ ਦੇ ਨੋਟ, ਹੇਠਾਂ ਦਰਸਾਏ ਗਏ ਲੇਖਾਂ ਤੋਂ ਇਲਾਵਾ, ਮੋਸੇਲ ਘਾਟੀ ਵਿੱਚ ਕਿਸਾਨ ਸ਼ਰਾਬ ਉਤਪਾਦਕਾਂ ਦੀ ਸਥਿਤੀ ਬਾਰੇ ਇੱਕ ਲੇਖ। ਮਾਰਕਸ ਦੀਆਂ ਪੱਤਰਕਾਰੀ ਦੀਆਂ ਗਤੀਵਿਧੀਆਂ ਨੇ ਉਸ ਨੂੰ ਯਕੀਨ ਦਿਵਾਇਆ ਕਿ ਉਹ ਰਾਜਨੀਤਕ ਅਰਥ-ਵਿਵਸਥਾ ਤੋਂ ਨਾਕਾਫੀ ਜਾਣੂ ਸੀ ਅਤੇ ਉਹ ਜੋਸ਼ ਨਾਲ ਇਸ ਦਾ ਅਧਿਐਨ ਕਰਨ ਲਈ ਤਿਆਰ ਹੋ ਗਿਆ।

1843 ਵਿੱਚ ਮਾਰਕਸ ਨੇ ਬਚਪਨ ਦੇ ਇੱਕ ਦੋਸਤ ਕ੍ਰੋਉਜ਼ਨਾਚ ਨਾਲ ਵਿਆਹ ਕਰਵਾ ਲਿਆ ਸੀ, ਜਿਸ ਨਾਲ ਉਹ ਵਿਦਿਆਰਥੀ ਹੁੰਦਿਆਂ ਹੀ ਮੰਗਣੀ ਕਰ ਗਿਆ ਸੀ। ਉਸ ਦੀ ਪਤਨੀ ਪ੍ਰਸ਼ੀਆ ਦੇ ਕੁਲੀਨ ਵਰਗ ਦੇ ਇੱਕ ਪ੍ਰਤੀਕਿਰਿਆਵਾਦੀ ਪਰਵਾਰ ਵਿੱਚੋਂ ਆਈ ਸੀ, ਉਸ ਦਾ ਵੱਡਾ ਭਰਾ ਸਭ ਤੋਂ ਵੱਧ ਪ੍ਰਤੀਕਿਰਿਆਤਮਕ ਦੌਰ-1850-58 ਦੌਰਾਨ ਪ੍ਰਸ਼ੀਆ ਦਾ ਗ੍ਰਹਿ ਮੰਤਰੀ ਸੀ। 1843 ਦੀ ਪਤਝੜ ਵਿੱਚ, ਮਾਰਕਸ ਅਰਨੋਲਡ ਰੂਜ (1802-1880) ਦੇ ਨਾਲ ਵਿਦੇਸ਼ ਵਿੱਚ ਇੱਕ ਰੈਡੀਕਲ ਜਰਨਲ ਪ੍ਰਕਾਸ਼ਤ ਕਰਨ ਲਈ ਪੈਰਿਸ ਗਿਆ; ਖੱਬਾ ਹੇਗੇਲੀਅਨ; 1825-30 ਵਿਚ ਜੇਲ੍ਹ ਵਿਚ; 1848 ਤੋਂ ਬਾਅਦ ਇੱਕ ਸਿਆਸੀ ਜਲਾਵਤਨੀ ਅਤੇ 1866-70 ਤੋਂ ਬਾਅਦ ਇੱਕ ਬਿਸਮਾਰਕੀਅਨ)। ਇਸ ਰਸਾਲੇ ਦਾ ਸਿਰਫ਼ ਇੱਕ ਅੰਕ, ਪ੍ਰਕਾਸ਼ਤ ਹੋਇਆ ਜਰਮਨੀ ਵਿੱਚ ਗੁਪਤ ਰੂਪ ਵਿੱਚ ਇਸ ਨੂੰ ਵੰਡਣ ਦੀ ਮੁਸ਼ਕਲ ਅਤੇ ਰੂਜ ਨਾਲ ਅਸਹਿਮਤੀ ਦੇ ਕਾਰਨ ਪ੍ਰਕਾਸ਼ਨ ਬੰਦ ਕਰ ਦਿੱਤਾ ਗਿਆ ਸੀ। ਇਸ ਰਸਾਲੇ ਵਿੱਚ ਮਾਰਕਸ ਦੇ ਲੇਖਾਂ ਨੇ ਦਿਖਾਇਆ ਕਿ ਉਹ ਪਹਿਲਾਂ ਹੀ ਇੱਕ ਕ੍ਰਾਂਤੀਕਾਰੀ ਸੀ ਜਿਸ ਨੇ "ਮੌਜੂਦ ਹਰ ਚੀਜ਼ ਦੀ ਬੇਰਹਿਮ ਆਲੋਚਨਾ" ਦੀ ਵਕਾਲਤ ਕੀਤੀ ਅਤੇ ਖਾਸ ਤੌਰ 'ਤੇ "ਹਥਿਆਰ ਦੁਆਰਾ ਆਲੋਚਨਾ" ਅਤੇ ਜਨਤਾ ਅਤੇ ਪ੍ਰੋਲੇਤਾਰੀ ਨੂੰ ਅਪੀਲ ਕੀਤੀ।

ਸਤੰਬਰ 1844 ਵਿੱਚ ਫਰੈਡਰਿਕ ਏਂਗਲਜ਼ ਕੁਝ ਦਿਨਾਂ ਲਈ ਪੈਰਿਸ ਆਇਆ ਅਤੇ ਉਸ ਸਮੇਂ ਤੋਂ ਮਾਰਕਸ ਦਾ ਸਭ ਤੋਂ ਨਜ਼ਦੀਕੀ ਮਿੱਤਰ ਬਣ ਗਿਆ। ਉਹਨਾਂ ਦੋਵਾਂ ਨੇ ਪੈਰਿਸ ਵਿੱਚ ਇਨਕਲਾਬੀ ਸਮੂਹਾਂ ਦੇ ਤਤਕਾਲੀ ਜੀਵਨ ਵਿੱਚ ਸਭ ਤੋਂ ਵੱਧ ਸਰਗਰਮ ਹਿੱਸਾ ਲਿਆ (ਉਸ ਸਮੇਂ ਵਿਸ਼ੇਸ਼ ਮਹੱਤਵ ਪ੍ਰੌਧਨ ਦਾ ਸਿਧਾਂਤ ਸੀ), ਜਿਸ ਨੂੰ ਮਾਰਕਸ ਨੇ ਆਪਣੀ ਗਰੀਬੀ ਦੀ ਫਿਲਾਸਫੀ, 1847 ਵਿੱਚ ਤੋੜ ਦਿੱਤਾ ਸੀ) ਪੈਟੀ-ਬੁਰਜੂਆ ਸਮਾਜਵਾਦ ਦੇ ਵੱਖ-ਵੱਖ ਸਿਧਾਂਤਾਂ ਵਿਰੁੱਧ ਜ਼ੋਰਦਾਰ ਸੰਘਰਸ਼ ਛੇੜਦੇ ਹੋਏ, ਉਹਨਾਂ ਇਨਕਲਾਬੀ ਪ੍ਰੋਲੇਤਾਰੀ ਸਮਾਜਵਾਦ ਜਾਂ ਕਮਿਊਨਿਜ਼ਮ ਮਾਰਕਸਵਾਦ ਦੇ ਸਿਧਾਂਤ ਅਤੇ ਰਣਨੀਤੀਆਂ ਨੂੰ ਤਿਆਰ ਕੀਤਾ। ਇਸ ਸਮੇਂ ਦੇ ਮਾਰਕਸ ਦੀਆਂ ਰਚਨਾਵਾਂ, 1844-48 ਨੂੰ ਬਿਬਲਿਓਗ੍ਰਾਫੀ ਵਿੱਚ ਦੇਖੋ। ਪ੍ਰਸ਼ੀਆ ਸਰਕਾਰ ਦੀ ਜ਼ੋਰਦਾਰ ਬੇਨਤੀ 'ਤੇ, ਮਾਰਕਸ ਨੂੰ 1845 ਵਿੱਚ ਪੈਰਿਸ ਤੋਂ ਇੱਕ ਖਤਰਨਾਕ ਕ੍ਰਾਂਤੀਕਾਰੀ ਵਜੋਂ ਦੇਸ਼ ਨਿਕਾਲਾ ਦੇ ਦਿੱਤਾ ਗਿਆ ਸੀ। ਉਹ ਬਰਸਲਜ਼ ਗਿਆ। 1847 ਦੀ ਬਸੰਤ ਵਿੱਚ ਮਾਰਕਸ ਅਤੇ ਏਂਗਲਜ਼ ਕਮਿਊਨਿਸਟ ਲੀਗ ਨਾਮਕ ਇੱਕ ਗੁਪਤ ਪ੍ਰਚਾਰ ਸਮਾਜ ਵਿੱਚ ਸ਼ਾਮਲ ਹੋਏ। ਉਹਨਾ ਲੀਗ ਦੀ ਦੂਜੀ ਕਾਂਗਰਸ (ਲੰਡਨ, ਨਵੰਬਰ 1847) ਵਿੱਚ ਇੱਕ ਪ੍ਰਮੁੱਖ ਹਿੱਸਾ ਲਿਆ, ਜਿਸ ਦੀ ਬੇਨਤੀ ਉੱਤੇ ਉਹਨਾ ਪ੍ਰਸਿੱਧ ਕਮਿਊਨਿਸਟ ਮੈਨੀਫੈਸਟੋ ਤਿਆਰ ਕੀਤਾ, ਜੋ ਫਰਵਰੀ 1848 ਵਿੱਚ ਪ੍ਰਗਟ ਹੋਇਆ। ਪ੍ਰਤਿਭਾ ਦੀ ਸਪੱਸ਼ਟਤਾ ਅਤੇ ਪ੍ਰਤਿਭਾ ਦੇ ਨਾਲ, ਇਹ ਰਚਨਾ ਇੱਕ ਨਵੀਂ ਵਿਸ਼ਵ-ਸੰਕਲਪ ਦੀ ਰੂਪ-ਰੇਖਾ ਪੇਸ਼ ਕਰਦੀ ਹੈ, ਜੋ ਪਦਾਰਥਵਾਦ ਦੇ ਨਾਲ ਇਕਸਾਰ ਹੈ, ਜੋ ਸਮਾਜਿਕ ਜੀਵਨ ਦੇ ਖੇਤਰ ਨੂੰ ਵੀ ਗ੍ਰਹਿਣ ਕਰਦੀ ਹੈ, ਦਵੰਦਵਾਦ, ਸਭ ਤੋਂ ਵਿਆਪਕ ਅਤੇ ਡੂੰਘੇ ਦਸਤਾਵੇਜ਼ ਵਜੋਂ ਵਿਕਾਸ ਦੇ ਸਿਧਾਂਤ ਜਮਾਤੀ ਸੰਘਰਸ਼ ਦਾ ਸਿਧਾਂਤ ਅਤੇ ਪ੍ਰੋਲੇਤਾਰੀ ਦੀ ਵਿਸ਼ਵ-ਇਤਿਹਾਸਕ ਇਨਕਲਾਬੀ ਭੂਮਿਕਾ ਦਾ ਸਿਧਾਂਤ-ਇੱਕ ਨਵੇਂ, ਕਮਿਊਨਿਸਟ ਸਮਾਜ ਦਾ ਨਿਰਮਾਤਾ।

ਫਰਵਰੀ 1848 ਦੀ ਕ੍ਰਾਂਤੀ ਦੇ ਸ਼ੁਰੂ ਹੋਣ 'ਤੇ, ਮਾਰਕਸ ਨੂੰ ਬੈਲਜੀਅਮ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਉਹ ਪੈਰਿਸ ਵਾਪਸ ਪਰਤਿਆ, ਜਿੱਥੋਂ, ਮਾਰਚ ਕ੍ਰਾਂਤੀ ਤੋਂ ਬਾਅਦ, ਉਹ ਕੋਲੋਨ, ਜਰਮਨੀ ਗਿਆ, ਜਿੱਥੇ 1 ਜੂਨ 1848 ਤੋਂ 19 ਮਈ 1849 ਤੱਕ, ਮਾਰਕਸ ਦੇ ਸੰਪਾਦਕ ਦੇ ਰੂਪ ਵਿੱਚ ਪ੍ਰਕਾਸ਼ਨ ਹੋਇਆ। ਮੁਖੀ ਨਵੇਂ ਸਿਧਾਂਤ ਦੀ ਪੁਸ਼ਟੀ 1848-49 ਦੀਆਂ ਕ੍ਰਾਂਤੀਕਾਰੀ ਘਟਨਾਵਾਂ ਦੁਆਰਾ ਸ਼ਾਨਦਾਰ ਢੰਗ ਨਾਲ ਕੀਤੀ ਗਈ ਸੀ, ਜਿਵੇਂ ਕਿ ਬਾਅਦ ਵਿੱਚ ਦੁਨੀਆ ਦੇ ਸਾਰੇ ਦੇਸ਼ਾਂ ਵਿੱਚ ਸਾਰੀਆਂ ਪ੍ਰੋਲੇਤਾਰੀ ਅਤੇ ਜਮਹੂਰੀ ਲਹਿਰਾਂ ਦੁਆਰਾ ਇਸਦੀ ਪੁਸ਼ਟੀ ਕੀਤੀ ਗਈ ਹੈ। ਜੇਤੂ ਵਿਰੋਧੀ-ਇਨਕਲਾਬ ਨੇ ਪਹਿਲਾਂ ਮਾਰਕਸ ਵਿਰੁੱਧ ਅਦਾਲਤੀ ਕਾਰਵਾਈ ਸ਼ੁਰੂ ਕੀਤੀ (ਉਹ 9 ਫਰਵਰੀ, 1849 ਨੂੰ ਬਰੀ ਹੋ ਗਿਆ) ਅਤੇ ਫਿਰ ਉਸ ਨੂੰ ਜਰਮਨੀ (16 ਮਈ, 1849) ਤੋਂ ਬਾਹਰ ਕੱਢ ਦਿੱਤਾ। ਪਹਿਲਾਂ ਮਾਰਕਸ ਪੈਰਿਸ ਗਿਆ, 13 ਜੂਨ, 1849 ਦੇ ਪ੍ਰਦਰਸ਼ਨ ਤੋਂ ਬਾਅਦ ਦੁਬਾਰਾ ਦੇਸ਼ ਨਿਕਾਲਾ ਦਿੱਤਾ ਗਿਆ ਅਤੇ ਫਿਰ ਲੰਡਨ ਚਲਾ ਗਿਆ, ਜਿੱਥੇ ਉਹ ਆਪਣੀ ਮੌਤ ਤੱਕ ਰਿਹਾ।

ਇੱਕ ਰਾਜਨੀਤਕ ਜਲਾਵਤਨੀ ਦੇ ਰੂਪ ਵਿੱਚ ਉਸ ਦਾ ਜੀਵਨ ਬਹੁਤ ਕਠਿਨ ਸੀ, ਕਿਉਂਕਿ ਮਾਰਕਸ ਅਤੇ ਏਂਗਲਜ਼ (1913 ਵਿੱਚ ਪ੍ਰਕਾਸ਼ਤ) ਵਿਚਕਾਰ ਪੱਤਰ ਵਿਹਾਰ ਸਪੱਸ਼ਟ ਤੌਰ 'ਤੇ ਪ੍ਰਗਟ ਕਰਦਾ ਹੈ। ਗਰੀਬੀ ਮਾਰਕਸ ਅਤੇ ਉਸ ਦੇ ਪਰਵਾਰ 'ਤੇ ਭਾਰੀ ਪਈ ਜੇ ਇਹ ਏਂਗਲਜ਼ ਦੀ ਨਿਰੰਤਰ ਅਤੇ ਨਿਰਸਵਾਰਥ ਵਿੱਤੀ ਸਹਾਇਤਾ ਨਾ ਹੁੰਦੀ, ਤਾਂ ਮਾਰਕਸ ਨਾ ਸਿਰਫ਼ ਪੂੰਜੀ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੁੰਦੇ, ਸਗੋਂ ਅਵੱਸ਼ਕ ਤੌਰ 'ਤੇ ਜ਼ਰੂਰਤ ਦੁਆਰਾ ਕੁਚਲਿਆ ਜਾਂਦਾ। ਇਸ ਤੋਂ ਇਲਾਵਾ ਪੈਟੀ-ਬੁਰਜੂਆ ਸਮਾਜਵਾਦ ਅਤੇ ਆਮ ਤੌਰ 'ਤੇ ਗੈਰ-ਪ੍ਰੋਲੇਤਾਰੀ ਸਮਾਜਵਾਦ ਦੇ ਪ੍ਰਚਲਤ ਸਿਧਾਂਤਾਂ ਅਤੇ ਰੁਝਾਨਾਂ ਨੇ ਮਾਰਕਸ ਨੂੰ ਲਗਾਤਾਰ ਅਤੇ ਬੇਰਹਿਮ ਸੰਘਰਸ਼ ਕਰਨ ਲਈ ਮਜ਼ਬੂਰ ਕੀਤਾ ਅਤੇ ਕਦੇ-ਕਦਾਈਂ ਸਭ ਤੋਂ ਵਹਿਸ਼ੀ ਅਤੇ ਭਿਆਨਕ ਨਿੱਜੀ ਹਮਲਿਆਂ ਨੂੰ ਟਾਲਣ ਲਈ ਮਜਬੂਰ ਕੀਤਾ। ਮਾਰਕਸ, ਜੋ ਰਾਜਨੀਤਕ ਜਲਾਵਤਨ ਦੇ ਚੱਕਰਾਂ ਤੋਂ ਦੂਰ ਖੜ੍ਹਾ ਸੀ, ਨੇ ਆਪਣੇ ਆਪ ਨੂੰ ਮੁੱਖ ਤੌਰ 'ਤੇ ਰਾਜਨੀਤਕ ਆਰਥਿਕਤਾ ਦੇ ਅਧਿਐਨ ਲਈ ਸਮਰਪਿਤ ਕਰਦੇ ਹੋਏ, ਕਈ ਇਤਿਹਾਸਕ ਰਚਨਾਵਾਂ ਵਿੱਚ ਆਪਣਾ ਪਦਾਰਥਵਾਦੀ ਸਿਧਾਂਤ ਵਿਕਸਿਤ ਕੀਤਾ। ਮਾਰਕਸ ਨੇ ਰਾਜਨੀਤਿਕ ਅਰਥ ਵਿਵਸਥਾ ਦੀ ਆਲੋਚਨਾ (1859) ਅਤੇ ਪੂੰਜੀ (ਭਾਗ, 1867) ਵਿੱਚ ਆਪਣੇ ਯੋਗਦਾਨ ਵਿੱਚ ਵਿਗਿਆਨ ਵਿੱਚ ਕ੍ਰਾਂਤੀ ਲਿਆ ਦਿੱਤੀ।

ਪੰਜਾਹਵਿਆਂ ਦੇ ਅਖੀਰ ਅਤੇ ਸੱਠਵਿਆਂ ਵਿੱਚ ਜਮਹੂਰੀ ਲਹਿਰਾਂ ਦੀ ਪੁਨਰ-ਸੁਰਜੀਤੀ ਨੇ ਮਾਰਕਸ ਨੂੰ ਵਿਹਾਰਕ ਗਤੀਵਿਧੀ ਲਈ ਯਾਦ ਕੀਤਾ। 1864 (ਸਤੰਬਰ 28) ਵਿੱਚ ਲੰਡਨ ਵਿੱਚ ਇੰਟਰਨੈਸ਼ਨਲ ਵਰਕਿੰਗ ਮੈਨਜ਼ ਐਸੋਸੀਏਸ਼ਨ-ਮਸ਼ਹੂਰ ਫਸਟ ਇੰਟਰਨੈਸ਼ਨਲ-ਦੀ ਸਥਾਪਨਾ ਕੀਤੀ ਗਈ ਸੀ। ਮਾਰਕਸ ਇਸ ਸੰਗਠਨ ਦਾ ਦਿਲ ਅਤੇ ਆਤਮਾ ਸੀ ਅਤੇ ਇਸ ਦੇ ਪਹਿਲੇ ਸੰਬੋਧਨ ਅਤੇ ਕਈ ਸੰਕਲਪਾਂ, ਘੋਸ਼ਣਾ ਪੱਤਰਾਂ ਅਤੇ ਮੈਨੀਫੈਸਟੋਆਂ ਦਾ ਲੇਖਕ ਸੀ। ਗੈਰ-ਪ੍ਰੋਲੇਤਾਰੀ, ਪੂਰਵ-ਮਾਰਕਸਵਾਦੀ ਸਮਾਜਵਾਦ ਦੇ ਵੱਖ-ਵੱਖ ਰੂਪਾਂ ਦੀ ਮਜ਼ਦੂਰ ਲਹਿਰ ਨੂੰ ਇੱਕਜੁੱਟ ਕਰਨ ਵਿੱਚ (ਮਜ਼ੀਨੀ, ਪ੍ਰੌਧਨ, ਬਾਕੂਨਿਨ, ਬਰਤਾਨੀਆ ਵਿੱਚ ਉਦਾਰਵਾਦੀ ਟਰੇਡ-ਯੂਨੀਅਨਵਾਦ, ਜਰਮਨੀ ਵਿੱਚ ਸੱਜੇ ਪਾਸੇ ਲਾਸਾਲੀਅਨ ਵੈਸੀਲੇਸ਼ਨਜ਼ ਆਦਿ) ਅਤੇ ਸਾਰਿਆਂ ਦੇ ਸਿਧਾਂਤਾਂ ਦਾ ਮੁਕਾਬਲਾ ਕਰਨ ਵਿੱਚ। ਇਹਨਾਂ ਸੰਪਰਦਾਵਾਂ ਅਤੇ ਸਕੂਲਾਂ, ਮਾਰਕਸ ਨੇ ਵੱਖ-ਵੱਖ ਦੇਸ਼ਾਂ ਵਿੱਚ ਕਿਰਤੀ ਲੋਕਾਂ ਦੇ ਪ੍ਰੋਲੇਤਾਰੀ ਸੰਘਰਸ਼ ਲਈ ਇੱਕ ਸਮਾਨ ਰਣਨੀਤੀ ਤਿਆਰ ਕੀਤੀ। ਪੈਰਿਸ ਕਮਿਊਨ (1871) ਦੇ ਪਤਨ ਤੋਂ ਬਾਅਦ-ਜਿਸ ਨੇ ਅਜਿਹਾ ਡੂੰਘਾ, ਸਪੱਸ਼ਟ, ਸ਼ਾਨਦਾਰ ਪ੍ਰਭਾਵਸ਼ਾਲੀ ਅਤੇ ਕ੍ਰਾਂਤੀਕਾਰੀ ਵਿਸ਼ਲੇਸ਼ਣ ਦਿੱਤਾ (ਫਰਾਂਸ ਵਿੱਚ ਸਿਵਲ ਵਾਰ, 1871) ਅਤੇ ਇੰਟਰਨੈਸ਼ਨਲ ਵਿੱਚ ਬਾਕੁਨਿਨ ਦੇ ਕਾਰਨ ਵਿਗਾੜ, ਬਾਅਦ ਵਾਲੀ ਸੰਸਥਾ ਹੁਣ ਯੂਰਪ ਵਿੱਚ ਮੌਜੂਦ ਨਹੀਂ ਰਹਿ ਸਕਦੀ ਹੈ। ਇੰਟਰਨੈਸ਼ਨਲ ਦੀ ਹੇਗ ਕਾਂਗਰਸ (1872) ਤੋਂ ਬਾਅਦ, ਮਾਰਕਸ ਨੇ ਇੰਟਰਨੈਸ਼ਨਲ ਦੀ ਜਨਰਲ ਕੌਂਸਲ ਨੂੰ ਨਿਊਯਾਰਕ ਤਬਦੀਲ ਕਰ ਦੇਣਾ ਸੀ, ਨੇ ਆਪਣੀ ਇਤਿਹਾਸਕ ਭੂਮਿਕਾ ਨਿਭਾਈ ਸੀ ਅਤੇ ਹੁਣ ਸੰਸਾਰ ਦੇ ਸਾਰੇ ਦੇਸ਼ਾਂ ਵਿੱਚ ਮਜ਼ਦੂਰ ਲਹਿਰ ਦੇ ਇੱਕ ਬਹੁਤ ਵੱਡੇ ਵਿਕਾਸ ਦੇ ਦੌਰ ਲਈ ਰਾਹ ਬਣਾਇਆ ਹੈ, ਇੱਕ ਦੌਰ, ਜਿਸ ਵਿੱਚ ਅੰਦੋਲਨ ਦਾ ਘੇਰਾ ਵਧਦਾ ਗਿਆ ਅਤੇ ਵਿਅਕਤੀਗਤ ਰਾਸ਼ਟਰੀ ਰਾਜਾਂ ਵਿੱਚ ਜਨਤਕ ਸਮਾਜਵਾਦੀ ਮਜ਼ਦੂਰ-ਸ਼੍ਰੇਣੀ ਪਾਰਟੀਆਂ ਦਾ ਗਠਨ ਕੀਤਾ ਗਿਆ।

ਮਾਰਕਸ ਦੀ ਸਿਹਤ ਅੰਤਰਰਾਸ਼ਟਰੀ ਵਿੱਚ ਉਸ ਦੇ ਸਖਤ ਕੰਮ ਅਤੇ ਉਸ ਦੇ ਹੋਰ ਵੀ ਸਖਤ ਸਿਧਾਂਤਕ ਕਿੱਤਿਆਂ ਦੁਆਰਾ ਕਮਜ਼ੋਰ ਹੋਈ ਸੀ। ਉਸ ਨੇ ਰਾਜਨੀਤਕ ਆਰਥਿਕਤਾ ਦੇ ਨਵੀਨੀਕਰਨ ਅਤੇ ਪੂੰਜੀ ਦੇ ਮੁਕੰਮਲ ਹੋਣ 'ਤੇ ਕੰਮ ਜਾਰੀ ਰੱਖਿਆ, ਜਿਸ ਲਈ ਉਸ ਨੇ ਨਵੀਂ ਸਮੱਗਰੀ ਦਾ ਇੱਕ ਸਮੂਹ ਇਕੱਠਾ ਕੀਤਾ ਅਤੇ ਕਈ ਭਾਸ਼ਾਵਾਂ (ਮਿਸਾਲ ਵਜੋਂ ਰੂਸੀ) ਦਾ ਅਧਿਐਨ ਕੀਤਾ। ਹਾਲਾਂਕਿ, ਖਰਾਬ ਸਿਹਤ ਨੇ ਉਸ ਨੂੰ ਪੂੰਜੀ ਨੂੰ ਪੂਰਾ ਕਰਨ ਤੋਂ ਰੋਕਿਆ।

2 ਦਸੰਬਰ, 1881 ਨੂੰ ਉਸ ਦੀ ਪਤਨੀ ਦੀ ਮੌਤ ਹੋ ਗਈ ਅਤੇ 14 ਮਾਰਚ, 1883 ਨੂੰ ਮਾਰਕਸ ਦਾ ਆਪਣੀ ਕੁਰਸੀ ਵਿੱਚ ਸ਼ਾਂਤੀ ਨਾਲ ਦੇਹਾਂਤ ਹੋ ਗਿਆ। ਉਸ ਨੂੰ ਲੰਡਨ ਦੇ ਹਾਈਗੇਟ ਕਬਰਸਤਾਨ ਵਿੱਚ ਆਪਣੀ ਪਤਨੀ ਦੇ ਕੋਲ ਦਫ਼ਨਾਇਆ ਗਿਆ। ਮਾਰਕਸ ਦੇ ਬੱਚਿਆਂ ਵਿੱਚੋਂ ਕੁਝ ਦੀ ਲੰਡਨ ਵਿੱਚ ਬਚਪਨ ਵਿੱਚ ਮੌਤ ਹੋ ਗਈ ਸੀ, ਜਦੋਂ ਪਰਵਾਰ ਬੇਸਹਾਰਾ ਹਾਲਾਤ ਵਿੱਚ ਰਹਿ ਰਿਹਾ ਸੀ। ਤਿੰਨ ਧੀਆਂ ਨੇ ਅੰਗਰੇਜ਼ੀ ਅਤੇ ਫਰਾਂਸੀਸੀ ਸਮਾਜਵਾਦੀਆਂ ਨਾਲ ਵਿਆਹ ਕੀਤਾ ਐਲੇਨੋਰ ਐਵੇਲਿੰਗ, ਲੌਰਾ ਲਾਫਾਰਗ ਅਤੇ ਜੈਨੀ ਲੌਂਗੁਏਟ। ਬਾਅਦ ਵਾਲੇ ਦਾ ਪੁੱਤਰ ਫ੍ਰੈਂਚ ਸੋਸ਼ਲਿਸਟ ਪਾਰਟੀ ਦਾ ਮੈਂਬਰ ਹੈ।

**- ਪੇਸ਼ਕਸ਼ : ਪਵਨ ਕੁਮਾਰ ਕੌਸ਼ਲ**

**# ਸੰਪਰਕ : 98550-04500**

## ਬੁੱਧ ਜੈਅੰਤੀ 'ਤੇ ਵਿਸ਼ੇਸ਼

# ਬੁੱਧ ਨੇ ਮਨੁੱਖਤਾ ਨੂੰ ਜਿਊਣ ਦਾ ਸੁਖੀ ਮਾਰਗ ਦੱਸਿਆ



ਸਿਧਾਰਥ ਗੌਤਮ ਦਾ ਜਨਮ, ਕਪਲਵਸਤੂ ਦੇ ਰਾਜਾ ਸ਼ੁਧੋਦਨ ਦੇ ਘਰ, ਰਾਣੀ ਮਹਾਂਮਾਯਾ ਦੀ ਕੁੱਖੋਂ, 563 ਈਸਾ ਪੂਰਵ, ਵਿਸਾਖ ਦੀ ਪੂਰਨਮਾਸ਼ੀ ਨੂੰ ਹੋਇਆ। ਸਿਧਾਰਥ ਅਜੇ 7 ਦਿਨ ਦਾ ਹੀ ਹੋਇਆ ਸੀ ਕਿ ਉਸ ਦੀ ਮਾਤਾ ਦਾ ਦੇਹਾਂਤ ਹੋ ਗਿਆ। ਰਾਜਾ ਸ਼ੁਧੋਦਨ ਨੇ ਮਹਾਂਮਾਯਾ ਦੀ ਛੋਟੀ ਭੈਣ ਨਾਲ ਵਿਆਹ ਕਰ ਲਿਆ। ਇਸ ਉਪਰੰਤ ਸਿਧਾਰਥ ਨੂੰ ਮਾਂ ਦਾ ਪਿਆਰ ਆਪਣੀ ਮਾਸੀ ਮਹਾਂ ਪਰਜਾਪਤੀ ਗੋਮਤੀ ਤੋਂ ਪ੍ਰਾਪਤ ਹੋਇਆ।

ਸਿਧਾਰਥ ਨੇ ਬਚਪਨ ਵਿਚ ਹੀ ਕਈ ਤਰ੍ਹਾਂ ਦੀ ਸਿੱਖਿਆ ਹਾਸਲ ਕਰਕੇ ਆਪਣੀ ਤਿੱਖੀ ਬੁੱਧੀ ਦਾ ਸਬੂਤ ਦਿੱਤਾ। ਉਹਨਾਂ ਵੇਦ, ਵੇਦਾਂਤ ਦਾ ਗੰਭੀਰ ਅਧਿਐਨ ਕੀਤਾ। ਉਸ ਨੂੰ ਸੁਯੋਗ ਸੈਨਿਕ ਸਿੱਖਿਆ ਵੀ ਦਿੱਤੀ ਗਈ। ਉਸ ਦਾ ਸੁਭਾਅ ਬਚਪਨ ਤੋਂ ਹੀ ਕੋਮਲ, ਦਿਆਲੂ ਤੇ ਮਿਹਨਤੀ ਸੀ। ਉਹ ਨਹੀਂ ਸੀ ਚਾਹੁੰਦਾ ਕਿ ਆਦਮੀ, ਆਦਮੀ ਦੀ ਅਤੇ ਪ੍ਰਾਣੀ ਦੀ ਲੁੱਟ-ਖਸੁੱਟ ਕਰੇ। ਇਸੇ ਕਰਕੇ ਉਹ ਸ਼ਿਕਾਰ ਨੂੰ ਨਾ ਜਾਂਦਾ। ਮਨੁੱਖ ਨੂੰ ਦੁਖੀ ਦੇਖ ਕੇ ਸਿਧਾਰਥ ਗੌਤਮ ਹਮੇਸ਼ਾ ਚਿੰਤਤ ਰਹਿੰਦੇ।

ਡਾ. ਅੰਬੇਡਕਰ ਆਪਣੇ ਗ੍ਰੰਥ 'ਬੁੱਧਾ ਐਂਡ ਹਿਜ ਧੱਮਾ' ਵਿੱਚ ਸਿਧਾਰਥ ਦੇ ਗ੍ਰਹਿ ਤਿਆਗ ਦੇ ਕਾਰਨਾਂ ਪ੍ਰਤੀ ਲਿਖਦੇ, "ਸ਼ਾਕਯ ਜਨਤਾ ਦੀ ਇਕ ਜਮਾਤ ਸ਼ਾਕਯ ਸੰਘ ਸੀ। ਉਸ ਸਮੇਂ ਪ੍ਰਚੱਲਤ ਪ੍ਰਥਾ ਅਨੁਸਾਰ 20 ਸਾਲ ਦੀ ਉਮਰ ਵਿਚ ਸਿਧਾਰਥ ਸ਼ਾਕਯ ਸੰਘ ਦਾ ਮੈਂਬਰ ਬਣ ਗਿਆ। ਮੈਂਬਰ ਬਣੇ ਨੂੰ ਅਜੇ ਅੱਠ ਸਾਲ ਹੀ ਬੀਤੇ ਸਨ ਕਿ ਇਕ ਦੁਖਾਂਤ ਵਾਪਰਿਆ, ਜਿਸ ਨੇ ਸਿਧਾਰਥ ਦੇ ਜੀਵਨ ਨੂੰ ਹੀ ਬਦਲ ਕੇ ਰੱਖ ਦਿੱਤਾ।

ਸ਼ਾਕਯ ਰਾਜ ਦੇ ਨਾਲ ਹੀ ਕੋਲੀਆ ਵੰਸ਼ ਦਾ ਰਾਜ ਲਗਦਾ ਸੀ। ਰੋਹਿਣੀ ਨਾਂਅ ਦੀ ਨਦੀ, ਦੋਹਾਂ ਰਾਜਾਂ ਦੇ ਵਿਚਕਾਰ ਦੀ ਵਹਿੰਦੀ ਸੀ। ਨਦੀ ਦੀ ਵੰਡ ਬਾਰੇ ਦੋਹਾਂ ਰਾਜਾਂ ਦਾ ਝਗੜਾ ਹਰ ਫਸਲ 'ਤੇ ਹੁੰਦਾ ਸੀ ਕਿ ਪਾਣੀ ਦਾ ਪਹਿਲਾਂ ਕੌਣ ਤੇ ਕਿੰਨਾ ਇਸਤੇਮਾਲ ਕਰੇਗਾ। ਇਸ ਵਾਰ ਦਾ ਇਹ ਝਗੜਾ ਗੰਭੀਰ ਹੱਦ ਤੱਕ ਵਧ ਗਿਆ। ਦੋਹਾਂ ਰਾਜਾਂ ਨੇ ਇਹ ਫੈਸਲਾ ਕਰ ਲਿਆ ਕਿ ਹਰ ਸਾਲ ਦਾ ਇਹ ਝਗੜਾ ਕਿਉਂ ਨਾ ਯੁੱਧ ਰਾਹੀਂ ਸਦਾ ਵਾਸਤੇ ਹੱਲ ਕਰ ਦਿੱਤਾ ਜਾਵੇ।

ਸ਼ਾਕਯ ਦੇ ਸੈਨਾਪਤੀ ਨੇ ਕੋਲੀਆਂ ਦੇ ਖਿਲਾਫ ਯੁੱਧ ਛੇੜਨ ਦਾ ਮਤਾ ਪਾਸ ਕਰਨ ਲਈ, ਸ਼ਾਕਯ ਸੰਘ (ਪਾਰਲੀਮੈਂਟ) ਦੀ ਇਕ ਮੀਟਿੰਗ ਬੁਲਾਈ। ਸੈਨਾਪਤੀ ਨੇ ਯੁੱਧ ਛੇੜਨ ਦੀ ਗੱਲ ਤੋਰੀ। ਸਿਧਾਰਥ ਨੇ ਵਿਰੋਧ ਕੀਤਾ ਅਤੇ ਮਾਮਲਾ ਦੋਹਾਂ ਧਿਰਾਂ ਦੁਆਰਾ ਸਲਾਹ-ਮਸ਼ਵਰੇ ਰਾਹੀਂ ਹੱਲ ਕਰਨ 'ਤੇ ਜ਼ੋਰ ਦਿੱਤਾ। ਸੈਨਾਪਤੀ ਨੇ ਕਿਹਾ ਕਿ ਕਸ਼ੱਤਰੀ ਦਾ ਧਰਮ ਯੁੱਧ ਕਰਨਾ ਹੈ, ਇਹ ਸ਼ਾਸਤਰਾਂ ਦੀ ਆਗਿਆ ਹੈ, ਪਰ ਸਿਧਾਰਥ ਦਾ ਕਹਿਣਾ ਸੀ ਕਿ ਧਰਮ ਤਾਂ ਸਗੋਂ ਇਸ ਗੱਲ ਵਿੱਚ ਹੈ ਕਿ ਵੈਰ, ਕਦੇ ਵੈਰ ਨਾਲ ਖਤਮ ਨਹੀਂ ਹੁੰਦਾ, ਇਹ ਤਾਂ ਮਿੱਤਰਤਾ ਨਾਲ ਹੀ ਖਤਮ ਹੁੰਦਾ ਹੈ।

ਸਿਧਾਰਥ ਗੌਤਮ ਨੇ ਸੁਝਾਅ ਦਿੱਤਾ ਕਿ ਇਕ ਪੰਜ ਮੈਂਬਰੀ ਪੰਚਾਇਤ ਬਣਾ ਕੇ ਕੋਲੀਆਂ ਨਾਲ ਪਾਣੀ ਦੇ ਝਗੜੇ ਦਾ ਨਿਪਟਾਰਾ ਕਰ ਲਿਆ ਜਾਵੇ, ਕਿਉਕਿ ਸ਼ਾਕਯ ਤੇ ਕੋਲੀਆਂ ਆਪਸ ਵਿਚ ਨਜ਼ਦੀਕੀ ਰਿਸ਼ਤੇਦਾਰ ਹਨ। ਇਸੀ ਲਈ ਯੁੱਧ ਕਰਕੇ ਖੂਨ-ਖਰਾਬਾ ਕਰਨਾ ਕੋਈ ਅਕਲਮੰਦੀ ਨਹੀਂ ਹੈ। ਸੈਨਾਪਤੀ ਨੇ ਡਟ ਕੇ ਸਿਧਾਰਥ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਯੁੱਧ ਵਿਚ ਕਸ਼ੱਤਰੀਆਂ ਲਈ ਕੋਈ ਆਪਣਾ ਪਰਾਇਆ ਨਹੀਂ। ਆਪਣੇ ਹੱਕ ਲਈ ਲੜਨਾ ਹੀ ਕਸ਼ੱਤਰੀਆਂ ਦਾ ਕੰਮ ਹੈ। ਇਸ ਲਈ ਯੁੱਧ ਕਰਨਾ ਹੀ ਕਸ਼ੱਤਰੀਆਂ ਦਾ ਧਰਮ ਹੈ।

ਮਤੇ ਦੇ ਪੱਖ ਅਤੇ ਵਿਰੋਧ ਵਿਚ ਵੋਟਾਂ ਪਈਆਂ। ਬਹੁ-ਗਿਣਤੀ, ਯੁੱਧ ਛੇੜਨ ਦੇ ਹੱਕ ਵਿਚ ਗਈ, ਪਰ ਸਿਧਾਰਥ ਯੁੱਧ ਵਿਰੋਧੀ ਦਲੀਲ 'ਤੇ ਅੜੇ ਸਨ। ਸੰਘ ਦੇ ਨੇਮਾਂ ਦਾ ਉਲੰਘਣ ਕਰਨ ਦੇ ਦੋਸ਼ ਵਿਚ ਸਿਧਾਰਥ ਨੂੰ ਸਜ਼ਾ ਦੇਣ ਦਾ ਸਵਾਲ ਉੱਠਿਆ। ਸੈਨਾਪਤੀ ਨੇ ਸਿਧਾਰਥ ਨੂੰ ਹੇਠ ਲਿਖੀਆਂ ਤਿੰਨ ਸਜ਼ਾਵਾਂ ਵਿੱਚੋਂ ਕੋਈ ਇਕ ਕਬੂਲ ਕਰਨ ਲਈ ਕਿਹਾ -

1. ਸਿਧਾਰਥ ਯੁੱਧ ਵਿਚ ਹਿੱਸਾ ਲੈ ਸਕਦਾ ਹੈ।
2. ਆਪਣੇ ਪਰਵਾਰ ਦੇ ਮੈਂਬਰਾਂ ਦਾ ਸਮਾਜਿਕ ਬਾਈਕਾਟ ਅਤੇ ਜਾਇਦਾਦ ਜ਼ਬਤ ਕਰਾਉਣ ਲਈ ਮੰਨ ਸਕਦਾ ਹੈ।
3. ਉਹ ਫਾਂਸੀ 'ਤੇ ਲਟਕਣਾ ਜਾਂ ਦੇਸ਼ ਨਿਕਾਲਾ ਕਬੂਲ ਕਰ ਸਕਦਾ ਹੈ।

ਪਰਵਾਰਕ ਸਬੰਧੀਆਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਉਹਨਾਂ ਦੇਸ਼ ਤੋਂ ਬਾਹਰ ਜਾਣਾ ਕਬੂਲ ਕਰ ਲਿਆ, ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਉਹਨਾਂ ਦੀ ਖਾਤਰ ਉਨ੍ਹਾਂ ਦੇ ਪਰਵਾਰ ਦਾ ਬਾਈਕਾਟ ਹੋਵੇ ਜਾਂ ਉਹਨਾਂ ਦੇ ਪਰਵਾਰ ਦੇ ਖੇਤ ਜ਼ਬਤ ਹੋਣ ਤੇ ਪਰਵਾਰ ਰੋਜ਼ੀ-ਰੋਟੀ ਤੋਂ ਜਾਂਦਾ ਰਹੇ। ਯੁੱਧ ਕਰਨ ਤੋਂ ਉਹ ਪਹਿਲਾਂ ਹੀ ਇਨਕਾਰ ਕਰ ਚੁੱਕੇ ਸਨ। ਮਰ ਗਏ ਤਾਂ ਪਰਲੋ! ਇਸ ਲਈ ਸਜ਼ਾ ਵਜੋਂ ਸਿਧਾਰਥ ਨੇ ਦੇਸ਼ ਛੱਡ ਕੇ ਜਾਣ ਨੂੰ ਸਵੀਕਾਰ ਕਰ ਲਿਆ।

ਕਪਿਲਵਸਤੂ ਨੂੰ ਅਲਵਿਦਾ ਕਹਿ ਸਿਧਾਰਥ ਨੇ ਸੱਚ ਦੀ ਖੋਜ ਵਿੱਚ ਘੋਰ ਤਪੱਸਿਆ ਕੀਤੀ। ਸੈਂਕੜੇ ਸਾਧੂ, ਸੰਤਾਂ ਨਾਲ ਉਹਨਾਂ ਦਾ ਵਿਚਾਰ-ਵਟਾਂਦਰਾ ਹੋਇਆ। ਇਹ ਸਿਲਸਿਲਾ ਲਗਾਤਾਰ 6 ਸਾਲ ਤੱਕ ਚਲਦਾ ਰਿਹਾ। ਸੁੱਕ ਕੇ ਤੀਲ੍ਹਾ ਹੋ ਗਏ ਸਿਧਾਰਥ ਨੂੰ ਲੱਗਿਆ ਕਿ ਉਸ ਦੇ ਪੱਲੇ ਕੁੱਝ ਵੀ ਨਹੀਂ ਹੈ। ਪਿੱਪਲ ਦੇ ਦਰੱਖਤ ਥੱਲੇ ਸਿਧਾਰਥ ਅਜੇ ਇਹਨਾਂ ਵਿਚਾਰਾਂ ਵਿਚ ਮਗਨ ਸੀ ਕਿ ਸੁਜਾਤਾ ਨਾਂਅ ਦੀ ਇਸਤਰੀ ਖੀਰ ਦਾ ਥਾਲ ਲੈ ਕੇ ਉਸ ਦਰੱਖਤ ਵੱਲ ਆਈ, ਜਿੱਥੇ ਸਿਧਾਰਥ ਬੈਠਾ ਸੀ। ਉਸ ਨੇ ਖੀਰ ਸਿਧਾਰਥ ਦੇ ਮੂੰਹ ਵਿਚ ਪਾਈ। ਸਿਧਾਰਥ ਨੇ ਉਹ ਭੋਜਨ ਗ੍ਰਹਿਣ ਕੀਤਾ। ਭੋਜਨ ਪਾਉਣ ਤੋਂ ਬਾਅਦ ਸਿਧਾਰਥ ਪੂਰੇ ਹੋਸ਼-ਹਵਾਸ ਵਿੱਚ ਆ ਗਏ। ਉਸ ਨੂੰ ਸਪੱਸ਼ਟ ਹੋਇਆ ਕਿ ਹੁਣ ਤੱਕ ਦੀ ਉਸ ਦੀ ਸਾਧਨਾ ਦਾ ਕੋਈ ਲਾਭ ਨਹੀਂ ਹੋਇਆ। ਸੁਜਾਤਾ ਉਸ ਦੇ ਮੂੰਹ ਵਿੱਚ ਖੁਰਾਕ ਨਾ ਪਾਉਂਦੀ ਤਾਂ ਉਸ ਮਰ ਜਾਣਾ ਸੀ ਤੇ ਆਪ ਮਰੇ ਜਗ ਪਰਲੋ ਹੋ ਜਾਣਾ ਸੀ। ਉਹਨਾਂ ਮਹਿਸੂਸ ਕੀਤਾ ਕਿ ਜਿਸ ਦੇ ਸਰੀਰ ਵਿੱਚੋਂ

ਐੱਸ ਐੱਲ ਵਿਰਦੀ ਐਡਵੋਕੇਟ

ਬਲ ਜਾਂਦਾ ਰਿਹਾ, ਜੋ ਭੁੱਖ-ਪਿਆਸ ਨਾਲ ਪਰੇਸ਼ਾਨ ਹੈ, ਜਿਸ ਦਾ ਮਨ ਥਕਾਵਟ ਕਰਕੇ ਇਕਾਗਰ ਅਤੇ ਸ਼ਾਂਤ ਨਹੀਂ ਹੈ, ਐਸੇ ਆਦਮੀ ਨੂੰ ਕਦੇ ਵੀ ਨਵਾਂ ਗਿਆਨ ਪ੍ਰਾਪਤ ਨਹੀਂ ਹੋ ਸਕਦਾ, ਕਿਉਂਕਿ ਸਰੀਰ ਨੇ ਤਾਂ ਮਨ ਦੀ ਇੱਛਾ ਅਨੁਸਾਰ ਹੀ ਚਲਣਾ ਹੁੰਦਾ ਹੈ, ਇਸ ਲਈ ਮਨ ਹੀ ਮੁੱਖ ਹੈ। ਮਨ ਹੀ ਸਭ ਕਲਪ, ਵਿਕਲਪ, ਕਾਮਨਾ, ਇੱਛਾ, ਬਣਾਉਣ, ਢਾਹੁਣ ਦਾ ਕੇਂਦਰ ਬਿੰਦੂ ਹੈ ਤੇ ਇਹ ਸਭ ਕੁਝ ਮਨ ਵਿੱਚੋਂ ਹੀ ਉਪਜਦਾ ਹੈ, ਇਸ ਲਈ ਮਨ ਦੀ ਸਾਧਨਾ ਜ਼ਰੂਰੀ ਹੈ। ਬਿਨਾਂ ਮਨ 'ਤੇ ਕਾਬੂ ਦੇ, ਮਨੁੱਖ ਦੀ ਭਟਕਣਾ (ਇੱਛਾ) ਕਦੇ ਵੀ ਖਤਮ ਨਹੀਂ ਹੋ ਸਕਦੀ, ਭਟਕਣਾ ਹੀ ਦੁੱਖ ਹੈ। ਬੱਸ ਇਹੀ ਉਹਨਾਂ ਨੂੰ ਗਿਆਨ ਪ੍ਰਾਪਤ ਹੋਇਆ ਤੇ ਗੌਤਮ ਸਿਧਾਰਥ ਤੋਂ ਬੁੱਧ ਬਣ ਗਏ।

ਬੁੱਧ ਨੇ ਦੱਸਿਆ ਕਿ ਮਨੁੱਖ ਦੁਖੀ ਕਿਉਂ ਹੈ? ਮਨੁੱਖ ਦਾ ਦੁੱਖ ਕੀ ਹੈ? ਮਨੁੱਖ ਦੇ ਦੁੱਖਾਂ ਦਾ ਕਾਰਨ ਕੀ ਹੈ? ਕਾਰਨ ਨੂੰ ਹਟਾਇਆ ਜਾ ਸਕਦਾ ਹੈ। ਇਸ ਲਈ ਦੁੱਖ ਨੂੰ ਦੂਰ ਕਰਨ ਦਾ ਮਾਰਗ ਹੈ। ਮਾਰਗ ਹੀ ਮੰਜ਼ਲ ਹੈ। ਮੰਜ਼ਲ ਮਨ ਹੈ। ਮਨ ਜੀਤੇ ਜਗੁ ਜੀਤ। ਬੁੱਧ ਨੇ ਸਪੱਸ਼ਟ ਕਿਹਾ ਕਿ ਇਹ ਦੇਵ-ਆਤਮਾ, ਵਰਣ, ਵਰਗ, ਮਜ਼ਹਬ-ਧਰਮ, ਨਸਲ-ਵੰਸ਼ ਸਭ ਮਨੁੱਖ ਦੀ ਕਲਪਨਾ ਹਨ। ਕਲਪਨਾ ਨੂੰ ਕੀਲਿਆ ਜਾ ਸਕਦਾ ਹੈ। ਮਨੁੱਖ ਇਸੇ ਸੰਸਾਰ ਵਿੱਚ ਇਸੇ ਧਰਤੀ 'ਤੇ ਅਤੇ ਇਸੇ ਜ਼ਿੰਦਗੀ ਵਿੱਚ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰ ਕੇ ਆਪਣੇ ਆਪ ਨੂੰ ਜਾਣ ਕੇ, ਆਪ ਵੀ ਸੁਖੀ ਬਣ ਸਕਦਾ ਹੈ ਅਤੇ ਸਮਾਜ ਨੂੰ ਵੀ ਸੁਖੀ ਬਣਾ ਸਕਦਾ ਹੈ। ਗੱਲ ਕੀ, ਬੁੱਧ ਦਾ ਇੱਕ ਮਾਤਰ ਟੀਚਾ ਹੈ ਮਨੁੱਖੀ ਪ੍ਰਾਣੀਆਂ ਦਾ ਸੰਪੂਰਨ ਕਲਿਆਣ, ਯਾਨੀ ਮਨੁੱਖ ਨੂੰ ਦੁੱਖ ਅਤੇ ਸ਼ੋਸ਼ਣ ਤੋਂ ਮੁਕਤ ਕਰਨਾ।

ਬੁੱਧ ਚੁੱਪ ਨਹੀਂ ਬੈਠੇ, ਸਗੋਂ ਉਨ੍ਹਾਂ ਮਨੁੱਖ ਨੂੰ ਦੁੱਖਾਂ ਵਿੱਚੋਂ ਕੱਢਣ ਦੇ ਉਪਾਅ ਵੀ ਦੱਸੇ। ਉਨ੍ਹਾਂ ਕਿਹਾ, "ਮਨੁੱਖ ਦੇ ਸਾਹਮਣੇ ਦੋ ਸਮੱਸਿਆਵਾਂ ਹਨ। ਪਹਿਲਾ ਦੁੱਖ ਅਤੇ ਦੂਜਾ ਦੁੱਖ ਤੋਂ ਛੁਟਕਾਰਾ।" ਉਨ੍ਹਾਂ ਦੱਸਿਆ ਕਿ ਜੀਵਨ ਵਿੱਚ ਦੁੱਖ ਹੀ ਦੁੱਖ ਹੈ ਅਤੇ ਸਾਰੇ ਪ੍ਰਾਣੀ ਕਿਸੇ ਨਾ ਕਿਸੇ ਤਰ੍ਹਾਂ ਦੁੱਖ ਨਾਲ ਪੀੜਤ ਹਨ। ਸੰਸਾਰ ਦਾ ਕੋਈ ਵੀ ਮਨੁੱਖ ਦੁੱਖਾਂ ਦੀ ਲਪੇਟ ਤੋਂ ਨਹੀਂ ਬਚ ਸਕਿਆ। ਜਨਮ ਤੋਂ ਲੈ ਕੇ ਮੌਤ ਤੱਕ ਮਨੁੱਖ ਦੁੱਖਾਂ ਨਾਲ ਪਰੁੰਨਿਆ ਪਿਆ ਹੈ। ਕਿਸੇ ਨੂੰ ਪਿਆਰੇ ਮਿੱਤਰ ਦੇ ਨਾ ਮਿਲਣ ਦਾ ਦੁੱਖ ਹੈ, ਕਿਸੇ ਨੂੰ ਦੁਖਿਆਰੇ, ਅਮਿੱਤਰ ਦੇ ਮਿਲ ਜਾਣ ਦਾ ਦੁੱਖ ਹੈ। ਕਿਸੇ ਨੂੰ ਇੱਛਾਵਾਂ ਪੂਰੀਆਂ ਨਾ ਹੋਣ ਦਾ ਦੁੱਖ ਹੈ ਅਤੇ ਕਿਸੇ ਨੂੰ ਅਣਸੋਚੀਆਂ ਘਟਨਾਵਾਂ ਦੇ ਵਾਪਰ ਜਾਣ ਦਾ ਦੁੱਖ ਹੈ। ਕਿਸੇ ਨੂੰ ਔਲਾਦ ਦਾ ਦੁੱਖ ਹੈ, ਕਿਸੇ ਨੂੰ ਬਾਪ ਦਾ ਦੁੱਖ ਹੈ, ਕਿਸੇ ਨੂੰ ਪਤੀ ਦਾ ਦੁੱਖ ਹੈ, ਕਿਸੇ ਨੂੰ ਪਤਨੀ ਦਾ ਦੁੱਖ ਹੈ, ਕਿਸੇ ਨੂੰ ਸਕੇ ਦਾ, ਕਿਸੇ ਨੂੰ ਸੰਬੰਧੀ ਦਾ। ਕਿਸੇ ਨੂੰ ਤਾਕਤ ਦਾ, ਕਿਸੇ ਨੂੰ ਦੌਲਤ ਦਾ। ਕਿਸੇ ਨੂੰ ਅਪਮਾਨ ਦਾ, ਕਿਸੇ ਨੂੰ ਸਨਮਾਨ ਦਾ ਦੁੱਖ ਹੈ। ਮੁੱਕਦੀ ਗੱਲ, ਜਿਧਰ ਦੇਖੋ-ਦੁੱਖ ਹੀ ਦੁੱਖ ਹੈ।

ਬੁੱਧ ਨੇ ਕਿਹਾ, ਦੁੱਖ ਦਾ ਮੂਲ ਕਾਰਨ ਅਗਿਆਨਤਾ ਤੇ ਇੱਛਾ ਹੈ। ਮਨੁੱਖ ਦੀ ਇੱਛਾ ਇਹ ਹੈ ਕਿ ਉਸ ਪਾਸ ਅਧਿਕ ਤੋਂ ਅਧਿਕ ਧਨ ਹੋਵੇ, ਕੋਠੀਆਂ, ਬੰਗਲੇ ਹੋਣ, ਬੱਚੇ ਹੋਣ, ਸਭ ਸੁੱਖ-ਸਹੂਲਤਾਂ ਹੋਣ, ਰਾਜ-ਭਾਗ ਹੋਵੇ, ਸਨਮਾਨ ਹੋਵੇ। ਗੱਲ ਕੀ, ਇੱਛਾ ਦਾ ਕੋਈ ਅੰਤ ਨਹੀਂ। ਯਾਨੀ ਅਨੇਕ ਭੌਤਿਕ ਵਸਤਾਂ ਮਿਲਣ 'ਤੇ ਵੀ ਇੱਛਾ ਸ਼ਾਂਤ ਨਹੀਂ ਹੁੰਦੀ। ਜਦ ਇੱਛਾ ਪੂਰੀ ਨਹੀਂ ਹੁੰਦੀ ਤਾਂ ਮਨੁੱਖ ਬੇਚੈਨ ਹੋ ਜਾਂਦਾ ਹੈ। ਉਸ ਦੀ ਮਾਨਸਿਕ ਦਸ਼ਾ ਡਾਵਾਂਡੋਲ ਹੋ ਜਾਂਦੀ ਹੈ। ਸਿੱਟੇ ਵਜੋਂ ਮਨੁੱਖ ਕਈ ਮਾੜੇ ਢੰਗ ਅਪਨਾ ਕੇ ਆਪਣੀ ਇੱਛਾ ਦੀ ਪੂਰਤੀ ਕਰਦਾ ਹੈ ਤਾਂ ਉਹ ਵਿਸ਼ੇ ਵਿਕਾਰਾਂ ਦਾ ਆਦਿ ਹੋ ਜਾਂਦਾ ਹੈ। ਵਿਸ਼ੇ ਵਿਕਾਰਾਂ ਦੀ ਆੜ ਵਿੱਚ ਉਹ ਅਨੈਤਿਕ ਕੰਮ ਕਰਦਾ ਹੈ, ਜਿਸ ਨਾਲ ਸਮਾਜ ਵਿੱਚ ਉਸ ਦੀ ਬਦਨਾਮੀ ਹੁੰਦੀ ਹੈ। ਸਿੱਟੇ ਵਜੋਂ ਮਨੁੱਖ ਆਪ ਵੀ ਦੁਖੀ ਹੁੰਦਾ ਹੈ ਅਤੇ ਸੰਸਾਰ ਨੂੰ ਵੀ ਦੁਖੀ ਕਰਦਾ ਹੈ। ਇਸ ਲਈ ਇੱਛਾ 'ਤੇ ਕੰਟਰੋਲ ਕਰਨਾ ਅਤਿ ਜ਼ਰੂਰੀ ਹੈ।

ਮਨੁੱਖ ਵਿੱਚ ਇੱਛਾ ਕਿਉਂ ਪਨਪਦੀ ਹੈ? ਬੁੱਧ ਕਹਿੰਦੇ, ਇਸ ਦਾ ਕਾਰਨ ਮਨ ਹੈ। ਮਨ 'ਤੇ ਜਿੱਤ ਦੁੱਖਾਂ ਤੋਂ ਛੁਟਕਾਰਾ ਹੈ। ਦੁੱਖਾਂ ਤੋਂ ਛੁਟਕਾਰਾ ਸੁੱਖ ਦੀ ਪ੍ਰਪਤੀ ਹੈ। ਇਸ ਵਾਸਤੇ ਉਨ੍ਹਾਂ ਕਾਰਨ-ਕਾਰਜ (ਪ੍ਰਤਿਤਸਮੁਤਵਾਦ) ਦਾ ਸਿਧਾਂਤ ਦਿੱਤਾ। ਇਸ ਸਿਧਾਂਤ ਅਨੁਸਾਰ ਅਸਲੀ ਬ੍ਰਹਿਮੰਡ ਵਿੱਚ ਜੋ ਕੁੱਝ ਵੀ ਵਾਪਰ ਰਿਹਾ ਹੈ। ਹਰ ਘਟਨਾ ਕਾਰਜ-ਕਾਰਨ ਦੇ ਸਿਧਾਂਤ ਤਹਿਤ ਘਟਦੀ ਹੈ। ਉਹੀ ਘਟਨਾ ਅੱਗੋਂ, ਅਗੇਰੀ ਘਟਨਾ ਦਾ ਕਾਰਨ ਬਣਦੀ ਹੈ। ਬਿਨਾਂ ਕਾਰਨ ਕੁੱਝ ਵੀ ਵਾਪਰ ਨਹੀਂ ਸਕਦਾ।

ਬੁੱਧ ਨੇ ਦੱਸਿਆ ਕਿ ਮਨੁੱਖ ਦੇ ਦੁਖੀ ਹੋਣ ਦੇ ਦੋ ਕਾਰਨ ਹਨ। ਪਹਿਲਾ ਮਨੁੱਖ ਦਾ ਆਪਣਾ ਮਾੜਾ ਵਿਹਾਰ ਹੈ ਅਤੇ ਦੂਜਾ ਇੱਕ ਮਨੁੱਖ ਦਾ ਦੂਜੇ ਮਨੁੱਖ ਪ੍ਰਤੀ ਨਾਬਰਾਬਰੀ ਦਾ ਵਤੀਰਾ, ਯਾਨੀ ਇੱਕ ਮਨੁੱਖ ਵੱਲੋਂ ਦੂਜੇ ਦਾ ਸ਼ੋਸ਼ਣ। ਮਨੁੱਖ, ਮਨੁੱਖ ਦਾ ਸ਼ੋਸ਼ਣ ਕਿਉਂ ਕਰਦਾ ਹੈ? ਇਸ ਮੂਲ ਪ੍ਰਸ਼ਨ ਦਾ ਉੱਤਰ ਇਹੀ ਹੈ ਕਿ ਮਨੁੱਖ ਨਿੱਜੀ ਜਾਇਦਾਦ ਇਕੱਠੀ ਕਰਨੀ ਚਾਹੁੰਦਾ ਹੈ। ਇਹ ਨਿੱਜੀ ਸੰਪੱਤੀ ਨੂੰ ਅਧਿਕ ਤੋਂ ਅਧਿਕ ਇਕੱਠੀ ਕਰਨ ਦੀ ਲਾਲਸਾ ਹੀ ਸੰਸਾਰ ਵਿੱਚ ਅਨੇਕਾਂ ਬੁਰਾਈਆਂ ਦੀ ਜੜ੍ਹ ਹੈ। ਇਸ ਲਈ ਮਨੁੱਖ ਦੇ ਦੁੱਖ ਨੂੰ ਦੂਰ ਕਰਨ ਲਈ ਨਿੱਜੀ ਜਾਇਦਾਦ ਦਾ ਖਾਤਮਾ ਜ਼ਰੂਰੀ ਹੈ।

ਬੁੱਧ ਨੇ ਇਸ ਦੀ ਸ਼ੁਰੂਆਤ ਖੁਦ ਤੋਂ ਕੀਤੀ। ਉਨ੍ਹਾਂ ਦੁਆਰਾ ਸਥਾਪਤ ਭਿਖਸ਼ੂ ਸੰਘ ਵਿੱਚ ਕਿਸੇ ਵੀ ਭਿਖਸ਼ੂ ਨੂੰ ਨਿੱਜੀ ਜਾਇਦਾਦ ਰੱਖਣ ਦਾ ਅਧਿਕਾਰ ਨਹੀਂ ਹੈ। ਕੋਈ ਵੀ ਭਿਖਸ਼ੂ ਸੰਘ ਵਿੱਚ ਨਿੱਜੀ ਜਾਇਦਾਦ ਨਹੀਂ ਰੱਖੇਗਾ। ਉਹ ਸਿਰਫ਼ ਆਪਣੇ ਕੋਲ ਸੱਤ ਚੀਜ਼ਾਂ ਹੀ ਰੱਖ ਸਕਦਾ ਹੈ। ਇਹ ਚੀਜ਼ਾਂ ਹਨ, ਤਿੰਨ ਚੀਵਰ (ਕੱਪੜੇ), ਇੱਕ ਪਾਣੀ ਲਈ ਬਰਤਨ, ਇੱਕ ਬਿਸਤਰਾ, ਇੱਕ ਉਸਤਰਾ, ਇੱਕ ਸੂਈ। ਇਹ ਦੌਲਤ ਵੀ ਸੰਘ ਦੀ ਹੁੰਦੀ ਹੈ, ਕਿਉਕਿ ਭਿਖਸ਼ੂ ਦੀ ਮੌਤ ਤੋਂ ਬਾਅਦ ਇਹ ਚੀਜ਼ਾਂ ਸੰਘ ਦੀਆਂ ਹੋ ਜਾਂਦੀਆ ਹਨ। ਹਰ ਭਿਖਸ਼ੂ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਦਾ ਹੈ ਅਤੇ ਤੋੜਨ 'ਤੇ ਸਜ਼ਾ ਦਿੱਤੀ ਜਾਂਦੀ ਹੈ।

ਬੁੱਧ ਖੁਦ ਇਸ ਨਿਯਮ ਦੀ ਪਾਲਣਾ ਕਰਦੇ ਸਨ। ਬੁੱਧ ਨੇ ਇਸ ਨੂੰ ਨੈਤਿਕ ਆਦਰਸ਼ ਜਾਂ ਸਦਾਚਾਰ ਦਾ ਰੂਪ ਦਿੱਤਾ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਨੂੰ ਲੋਭ, ਲਾਲਚ, ਇੱਛਾ ਤੋਂ ਦੂਰ ਰਹਿ ਕੇ ਸਹੀ ਕਮਾਈ ਦਾ ਰਸਤਾ ਅਪਨਾਉਣਾ ਚਾਹੀਦਾ ਹੈ। ਸੰਖੇਪ 'ਚ ਨਿੱਜੀ ਸੰਪਤੀ ਦੇ ਕੰਟਰੋਲ ਬਾਰੇ ਬੁੱਧ ਨੇ ਕਾਨੂੰਨ ਦਾ ਨਹੀਂ, ਸਗੋਂ ਨੈਤਿਕਤਾ, ਪ੍ਰੇਮ ਅਤੇ ਸਦਾਚਾਰ ਦਾ ਸਹਾਰਾ ਲਿਆ। ਮਨੁੱਖ ਸਦਾਚਾਰ 'ਤੇ ਚੱਲ ਕੇ ਆਪਣਾ ਜੀਵਨ ਵੀ ਸੁਖੀ ਬਣਾ ਸਕਦਾ ਹੈ ਅਤੇ ਸਮਾਜ ਨੂੰ ਵੀ ਸੁਖੀ ਬਣਾ ਸਕਦਾ ਹੈ।

ਬੁੱਧ ਕਹਿੰਦੇ, ਮਨੁੱਖੀ ਜੀਵਨ ਦੋ ਅਤਿ ਦੇ ਮਾਰਗਾਂ 'ਤੇ ਚੱਲਦਾ ਹੈ। ਇੱਕ ਅਤਿ ਨੇ ਮਨੁੱਖ ਨੂੰ ਪਦਾਰਥਾਂ ਦੇ ਪੈਰੋਕਾਰ ਬਣਾ ਦਿੱਤਾ ਹੈ ਅਤੇ ਦੂਜੇ ਅਤਿ ਨੇ ਮਨੁੱਖ ਨੂੰ ਅਧਿਆਤਮ ਦੇ ਪੈਰੋਕਾਰ ਬਣਾ ਦਿੱਤਾ ਹੈ। ਪਦਾਰਥਵਾਦੀ ਅਧਿਆਤਮ ਨੂੰ ਅਤੇ ਅਧਿਆਤਮਵਾਦੀ ਪਦਾਰਥ ਨੂੰ ਨਕਾਰਦੇ ਆ ਰਹੇ ਹਨ। ਦੋਵਾਂ ਨੇ ਦੋ ਵਿਰੋਧੀ ਕਿਨਾਰਿਆਂ ਨੂੰ ਸ਼ਕਲ ਦਿੱਤੀ ਹੋਈ ਹੈ। ਸਿੱਟੇ ਵਜੋਂ ਦੋ ਅਜਿਹੇ ਸਮਾਜ ਵਿਕਸਿਤ ਹੋ ਰਹੇ ਹਨ, ਜਿਨ੍ਹਾਂ ਵਿੱਚੋਂ ਇੱਕ ਵਿੱਚ ਮਨੁੱਖ ਨੂੰ ਹਮੇਸ਼ਾ ਪਦਾਰਥ ਤੱਕ ਹੀ ਸੀਮਿਤ ਰੱਖਣ ਦੀ ਕੋਸ਼ਿਸ਼ ਚੱਲ ਰਹੀ ਹੈ। ਦੂਜੇ ਵਿੱਚ ਅਧਿਆਤਮ ਤੱਕ ਹੀ। ਦੋਵੇਂ ਦਵੈਤ 'ਤੇ ਖੜੇ ਹਨ, ਇਸ ਸਟੇਟਸ ਕੋ (ਖਲੋਤ) ਦੀ ਸਥਿਤੀ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਨ। ਇਸ ਕਾਰਨ ਹੀ ਇੱਕ ਸ਼ਾਂਤ ਅਤੇ ਸੁਖੀ ਸਮਾਜ ਵਜੋਂ ਤਰੱਕੀ ਰੁਕੀ ਹੋਈ ਹੈ।

ਇਹ ਦੋਵੇਂ ਅਤਿ ਜੋ ਵਿਰੋਧੀ ਦਿਖਾਈ ਦੇ ਰਹੇ ਹਨ, ਅਸਲ ਵਿੱਚ ਵਿਰੋਧੀ ਨਹੀਂ, ਸਗੋਂ ਇੱਕ-ਦੂਜੇ ਦੇ ਸਹਿਯੋਗੀ ਹਨ। ਜੇਕਰ ਪਦਾਰਥਵਾਦੀ, ਅਧਿਆਤਮ ਦੀ ਚੰਗਿਆਈ ਨੂੰ ਅਤੇ ਅਧਿਆਤਮਵਾਦੀ, ਪਦਾਰਥ ਦੀ ਚੰਗਿਆਈ ਨੂੰ ਅਪਣਾ ਲੈਣ ਜਾਂ ਆਪਸ ਵਿੱਚ ਸੁਮੇਲ ਮਾਰਗ ਵੱਲ ਵਧਣ ਤਾਂ ਕਮਾਲ ਦੀ ਤਰੱਕੀ ਰਾਹੀਂ ਇੱਕ ਅਜਿਹਾ ਸਮਾਜ ਸਥਾਪਤ ਹੋਵੇਗਾ, ਜਿਸ ਵਿੱਚ ਮਨੁੱਖ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਹੋਵੇਗਾ। ਇਨ੍ਹਾਂ ਦੋ ਅੱਤਾਂ ਦੇ ਮੇਲ ਨੂੰ ਹੀ ਬੁੱਧ "ਸੁਮੇਲ ਮਾਰਗ" ਜਾਂ "ਮਧਿਅਮ ਮਾਰਗ" (ਵਿਚਲਾ ਰਾਹ) ਕਹਿੰਦੇ ਹਨ।

ਬੁੱਧ ਦਾ "ਮਧਿਅਮ ਮਾਰਗ" ਕੋਈ ਈਸ਼ਵਰ ਅਤੇ ਮਨੁੱਖ ਦੇ ਵਿੱਚ ਕਿਸੇ ਪ੍ਰਕਾਰ ਦਾ ਸੰਬੰਧ ਸਥਾਪਤ ਕਰਨਾ ਨਹੀਂ ਸੀ, ਸਗੋਂ ਉਨ੍ਹਾਂ ਦਾ ਸਪੱਸ਼ਟ ਅਤੇ ਵਿਸ਼ੇਸ਼ ਟੀਚਾ ਮਨੁੱਖ-ਮਨੁੱਖ ਦੇ ਵਿੱਚ ਅਜਿਹੇ ਸੰਬੰਧਾਂ ਨੂੰ ਉਤਸ਼ਾਹ ਦੇਣਾ ਸੀ, ਜਿਸ ਨਾਲ ਦੁੱਖ ਅਤੇ ਸ਼ੋਸ਼ਣ ਦਾ ਪੂਰਨ ਅੰਤ ਹੋ ਸਕੇ। ਬੁੱਧ ਨੇ ਆਪ ਆਪਣੇ ਜੀਵਨ ਦਾ ਬਹੁਤਾ ਹਿੱਸਾ ਦੁਖੀ ਅਤੇ ਗਰੀਬਾਂ ਦੀ ਸੇਵਾ ਵਿੱਚ ਬਿਤਾਇਆ। ਮਾਨਵ ਸੁਭਾਅ ਪ੍ਰਤੀ ਸੱਚਾਈ ਪ੍ਰਗਟ ਕਰਦੇ ਹੋਏ ਬੁੱਧ ਨੇ ਜਾਤ-ਮਜ਼ਹਬ ਦੇ ਸਾਰੇ ਬੰਧਨਾਂ ਨੂੰ ਤੋੜ ਕੇ ਸਭ ਲੋਕਾਂ ਨੂੰ ਬਰਾਬਰੀ ਦਾ ਸੁਨੇਹਾ ਦਿੱਤਾ।

**# ਸੰਪਰਕ : 98145-17499**

5-MAY-PAGE-5.qxd 5/4/2023 10:16 PM Page 1



# ਅੰਤਮ ਅਰਦਾਸ ਮੌਕੇ ਪ੍ਰਕਾਸ਼ ਸਿੰਘ ਬਾਦਲ ਨੂੰ ਭਾਵਭਿਨੀ ਸ਼ਰਧਾਂਜਲੀ

## ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਅਮਿਤ ਸ਼ਾਹ ਤੋਂ ਕੀਤੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ



ਸ਼ਰਧਾਂਜਲੀ ਸਮਾਰੋਹ 'ਚ ਹਾਜ਼ਰ ਲੋਕ ਸਭਾ ਸਪੀਕਰ ਓਮ ਬਿਰਲਾ, ਗ੍ਰਹਿ ਮੰਤਰੀ ਅਮਿਤ ਸ਼ਾਹ, ਸੁਖਬੀਰ ਸਿੰਘ ਬਾਦਲ ਤੇ ਬਾਬਾ ਗੁਰਿੰਦਰ ਸਿੰਘ ਢਿੱਲੋਂ।

**ਮਲੋਟ/ਲੰਬੀ/ਮੁਕਤਸਰ/ਬਠਿੰਡਾ (ਗੁਰਮੀਤ ਸਿੰਘ ਮੱਕੜ/ਸ਼ਮਿੰਦਰ, ਪੂਜਾ/ਪਰਵਿੰਦਰਜੀਤ ਸਿੰਘ)**

ਪਿੰਡ ਬਾਦਲ ਦੇ ਮਾਤਾ ਜਸਵੰਤ ਕੌਰ ਮੈਮੋਰੀਅਲ ਸਕੂਲ ਵਿੱਚ ਸਾਬਕਾ ਮੁੱਖ ਮੰਤਰੀ ਸਵ. ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਅੰਤਿਮ ਅਰਦਾਸ ਮੌਕੇ ਵੱਖ ਵੱਖ ਸ਼ਖਸੀਅਤਾਂ ਵੱਲੋਂ ਸ੍ਰ. ਬਾਦਲ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਉਨ੍ਹਾਂ ਦੀ ਅੰਤਿਮ ਅਰਦਾਸ ਮੌਕੇ ਲੋਕ ਸਭਾ ਦੇ ਸਪੀਕਰ ਓਮ ਬਿਰਲਾ, ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਆਗੂ ਤਰੁਣ ਚੁੱਘ, ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ, ਸੀ.ਪੀ.ਆਈ. ਤੋਂ ਸੁਖਵਿੰਦਰ ਸੁੱਖੀ, ਭਾਜਪਾ ਆਗੂ ਅਵਿਨਾਸ਼ ਖੰਨਾ, ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ, ਰਾਧਾ ਸੁਆਮੀ ਡੇਰਾ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ, ਮਨਪ੍ਰੀਤ ਸਿੰਘ ਬਾਦਲ ਆਦਿ ਵੱਖ ਵੱਖ ਸ਼ਖਸੀਅਤਾਂ ਨੇ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਮੌਕੇ ਸੰਬੋਧਨ ਕਰਦੇ ਹੋਏ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਦੇਸ਼ ਤੋਂ ਇੱਕ ਸੱਚਾ ਦੇਸ਼ ਭਗਤ ਤੇ ਕਿਸਾਨਾਂ ਦਾ ਹਮਦਰਦ ਅੱਜ ਸਾਡੇ ਕੋਲੋਂ ਵਿੱਛੜ ਗਿਆ ਹੈ। ਉਨ੍ਹਾ ਕਿਹਾ ਕਿ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਜਾਣ ਨਾਲ ਪਰਿਵਾਰ ਨੂੰ ਹੀ ਨਹੀਂ, ਪੰਜਾਬ ਨੂੰ ਹੀ ਨਹੀਂ, ਬਲਕਿ ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਉਨ੍ਹਾ ਕਿਹਾ ਕਿ ਸ੍ਰ. ਪ੍ਰਕਾਸ਼ ਸਿੰਘ ਬਾਦਲ ਹੀ ਸਨ, ਜਿਨ੍ਹਾਂ ਨੇ ਹਰ ਵਰਗ ਦਾ ਦੁੱਖ ਸਮਝਿਆ ਤੇ ਆਪਣੀ ਮਿਨਹਤ ਅਤੇ ਲਗਨ ਨਾਲ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲਿਆਂਦਾ ਹੈ ਅਤੇ ਜਦੋਂ ਵੀ ਉਨ੍ਹਾ ਦੇ 70 ਸਾਲ ਦੇ ਸਿਆਸੀ ਜੀਵਨਕਾਲ ਵਿੱਚ ਦੇਸ਼ ਨੂੰ ਉਨ੍ਹਾਂ ਤੋਂ ਸੰਘਰਸ਼ ਦੀ ਜ਼ਰੂਰਤ ਪਈ ਤਾਂ ਉਹ ਪਿੱਛੇ ਨਹੀਂ ਹਟੇ। ਉਨ੍ਹਾ ਕਿਹਾ ਕਿ ਜੇਕਰ ਸ੍ਰ. ਬਾਦਲ ਵਰਗਾ ਨੇਕਦਿਲ ਸਿਆਸਤਦਾਨ ਅੱਜ ਦੇ ਸਮੇਂ ਵਿੱਚ ਲੱਭਿਆ ਜਾਵੇਗਾ ਤਾਂ ਕੋਈ ਨਹੀਂ ਮਿਲੇਗਾ, ਇਸ ਲਈ ਉਨ੍ਹਾ ਦਾ ਜਾਣਾ ਇੱਕ ਬਹੁਤ ਵੱਡਾ ਘਾਟਾ ਹੈ, ਜੋ ਕਦੇ ਪੂਰਾ ਨਹੀਂ ਹੋ ਸਕਦਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਆਪਣੇ ਸੰਬੋਧਨ ਵਿੱਚ ਸ੍ਰ. ਬਾਦਲ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਗਈ। ਉਨ੍ਹਾ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਵਿਚਾਰ ਚਰਚਾ ਹੀ ਸ੍ਰ. ਬਾਦਲ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਸੀ.ਪੀ.ਆਈ. ਤੋਂ ਸੁਖਵਿੰਦਰ ਸੁੱਖੀ ਨੇ ਕਿਹਾ ਕਿ ਗੋਦੀ ਮੀਡੀਆ ਵੱਲੋਂ ਪੰਜਾਬ ਦਾ ਮਾਹੌਲ ਖਰਾਬ ਕਰਨ ਦਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ, ਉਸ 'ਤੇ ਵਿਚਾਰ ਚਰਚਾ ਹੋਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਪੰਜਾਬ ਤੇ ਪੰਜਾਬੀਅਤ ਨੂੰ ਬਚਾਉਣ ਲਈ ਸਾਨੂੰ ਸਭ ਨੂੰ ਇਕੱਠੇ ਹੋ ਕੇ ਹੰਭਲਾ ਮਾਰਨਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਪੰਜਾਬ ਤੇ ਪੰਜਾਬੀਅਤ ਨੂੰ ਬਚਾ ਸਕੀਏ। ਇਸ ਮੌਕੇ ਪੰਜਾਬ, ਹਰਿਆਣਾ ਦੇ ਸਿਆਸੀ ਪਾਰਟੀਆਂ ਦੇ ਵੱਖ ਵੱਖ ਆਗੂਆਂ ਨੇ ਬਾਦਲ ਸਾਹਿਬ ਦੀ ਵਿਰਾਸਤ ਨੂੰ ਸੰਭਾਲਣ ਲਈ ਸੁਖਬੀਰ ਸਿੰਘ ਬਾਦਲ ਤੇ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਅਪੀਲ ਕੀਤੀ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ ਨੇ ਬਾਖੂਬੀ ਨਿਭਾਈ ਅਤੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਸ਼ੋਕ ਸੰਦੇਸ਼ ਪੜ੍ਹ ਕੇ ਸੁਣਾਏ। ਸਵ. ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਅੰਤਿਮ ਅਰਦਾਸ ਮੌਕੇ ਲੱਖਾਂ ਲੋਕਾਂ ਨੇ ਹਾਜ਼ਰੀ ਲਵਾਈ ਤੇ ਸੁਰੱਖਿਆ ਦੇ ਭਾਰੀ ਪ੍ਰਬੰਧ ਕੀਤੇ ਗਏ।

# ਮੁੱਖ ਮੰਤਰੀ ਵੱਲੋਂ ਵਾਰ-ਵਾਰ ਮੀਟਿੰਗ ਦਾ ਸਮਾਂ ਦੇ ਕੇ ਨਾ ਮਿਲਣ 'ਤੇ ਆਂਗਣਵਾੜੀ ਵਰਕਰਾਂ 'ਚ ਭਾਰੀ ਰੋਸ

## ਪੰਜਾਬ ਭਰ 'ਚ ਰੋਸ ਵਜੋਂ ਮਾਨ ਸਰਕਾਰ ਦੇ ਪੁਤਲੇ ਫੂਕ ਪ੍ਰਦਰਸ਼ਨ ਅੱਜ

**ਮਾਨਸਾ (ਆਤਮਾ ਸਿੰਘ ਪਮਾਰ)**-ਇੱਥੇ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਜ਼ਿਲ੍ਹਾ ਮਾਨਸਾ ਦੀ ਪ੍ਰਧਾਨ ਰਣਜੀਤ ਕੌਰ ਬਰੇਟਾ, ਸਕੱਤਰ ਪਰਵਿੰਦਰ ਕੌਰ, ਤੇਜਿੰਦਰ ਵਾਲੀਆ, ਪ੍ਰੈੱਸ ਸਕੱਤਰ ਮਨਜੀਤ ਕੌਰ ਬੀਰੋਕੇ ਤੇ ਖਜ਼ਾਨਚੀ ਡੇਜ਼ੀ ਗੁਪਤਾ ਨੇ ਪੰਜਾਬ ਸਰਕਾਰ ਵੱਲੋਂ ਜਥੇਬੰਦੀ ਨੂੰ ਸਮਾਂ ਦੇ ਕੇ ਮੀਟਿੰਗ ਨਾ ਕਰਨ ਦੇ ਰੋਸ ਵਜੋਂ ਪੰਜਾਬ ਪੱਧਰੀ ਫੈਸਲੇ ਤਹਿਤ 5 ਮਈ ਨੂੰ ਮਾਨਸਾ ਜ਼ਿਲ੍ਹੇ ਵਿੱਚ ਵੀ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਜਾਣਗੇ। ਉਕਤ ਆਗੂਆਂ ਨੇ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਇਹ ਫੈਸਲਾ ਜਥੇਬੰਦੀ ਦੀ ਸੂਬਾਈ ਮੀਟਿੰਗ ਵਿੱਚ ਲਿਆ ਗਿਆ ਹੈ। ਇਸ ਮੀਟਿੰਗ ਵਿੱਚ ਆਲ ਇੰਡੀਆ ਫੈਡਰੇਸ਼ਨ ਦੇ ਕੌਮੀ ਸਕੱਤਰ ਏ. ਆਰ. ਸੰਧੂ ਤੇ ਕੌਮੀ ਪ੍ਰਧਾਨ ਊਸ਼ਾ ਰਾਣੀ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਕਤ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਮੀਟਿੰਗ ਦੇ ਨਾਮ 'ਤੇ ਚੁਸਤ-ਚਲਾਕੀਆਂ ਕੀਤੀਆਂ ਜਾ ਰਹੀਆਂ ਹਨ। ਜਥੇਬੰਦੀ ਨੂੰ ਪਹਿਲਾਂ 15 ਦਸੰਬਰ ਨੂੰ ਮੀਟਿੰਗ ਦਾ ਸਮਾਂ ਦਿੱਤਾ ਗਿਆ ਸੀ, ਪਰ ਮੁੱਖ ਮੰਤਰੀ ਪੰਜਾਬ ਨੇ ਇਹ ਮੀਟਿੰਗ ਵੀ ਨਹੀਂ ਕੀਤੀ। ਇਸ ਤੋਂ ਬਾਅਦ ਹੁਣ ਫਿਰ 3 ਮਈ ਦੀ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਨਾ ਕਰਨ ਕਰਕੇ ਵਰਕਰਾਂ ਤੇ ਹੈਲਪਰਾਂ ਵਿੱਚ ਤਿੱਖਾ ਰੋਸ ਅਤੇ ਸਰਕਾਰ ਦੇ ਰਵੱਈਏ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ, ਜਿਸ ਕਾਰਨ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਹੈ ਕਿ ਜੇਕਰ 4 ਮਈ ਨੂੰ ਵੀ ਮੀਟਿੰਗ ਨਹੀਂ ਹੁੰਦੀ ਤਾਂ ਪੰਜਾਬ ਭਰ ਵਿੱਚ ਰੋਸ ਪ੍ਰਦਰਸ਼ਨ ਕਰਦੇ ਹੋਏ 5 ਮਈ ਨੂੰ ਸੂਬੇ ਭਰ ਵਿੱਚ ਪੰਜਾਬ ਸਰਕਾਰ ਦੇ ਪੁਤਲੇ ਫੂਕ ਕੇ ਐੱਮ. ਐੱਲ. ਏ. ਰਾਹੀਂ ਮੰਗ ਪੱਤਰ ਭੇਜੇ ਜਾਣਗੇ। ਉਕਤ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਪੰਜਾਬ ਸਰਕਾਰ ਦਾ ਆਂਗਣਵਾੜੀ ਮੁਲਾਜ਼ਮਾਂ ਪ੍ਰਤੀ ਰਵੱਈਆ ਇਸੇ ਤਰ੍ਹਾਂ ਅੱਖੜ ਤੇ ਟਰਕਾਓ ਵਾਲਾ ਰਿਹਾ ਤਾਂ ਪੰਜਾਬ ਦੀਆਂ ਹਜ਼ਾਰਾਂ ਆਂਗਣਵਾੜੀ ਵਰਕਰ ਤੇ ਹੈਲਪਰ ਤਿੱਖੇ ਸੰਘਰਸ਼ ਵਿੱਢ ਕੇ ਸਰਕਾਰ ਦੀ ਨੀਂਦ ਹਰਾਮ ਕਰ ਦੇਣਗੀਆਂ।

# ਏਟਕ ਵੱਲੋਂ ਮਈ ਦਿਵਸ ਮੌਕੇ ਚੰਡੀਗੜ੍ਹ 'ਚ ਵਿਸ਼ਾਲ ਰੈਲੀ



**ਚੰਡੀਗੜ੍ਹ (ਪੱਤਰ ਪ੍ਰੇਰਕ)**-ਏਟਕ ਚੰਡੀਗੜ੍ਹ ਵੱਲੋਂ ਮਈ ਦਿਵਸ ਮੌਕੇ ਕਾਮਿਆਂ ਦੇ ਦਿਹਾੜੇ ਮਈ ਦਿਵਸ ਨੂੰ ਸਮਰਪਤ ਵਿਸ਼ਾਲ ਰੈਲੀ ਕੀਤੀ ਗਈ। ਰੈਲੀ ਨੂੰ ਏਟਕ ਨਾਲ ਸਬੰਧਤ ਯੂਨੀਅਨਾਂ ਦੇ ਨੇਤਾ ਸਰਬਸ਼੍ਰੀ ਰਾਜ ਕੁਮਾਰ (ਪ੍ਰਧਾਨ-ਏਟਕ), ਦੇਵੀ ਦਿਆਲ ਸ਼ਰਮਾ, ਪ੍ਰੀਤਮ ਸਿੰਘ ਹੁੰਦਲ, ਅੰਮ੍ਰਿਤ ਲਾਲ, ਸੱਤਿਆਵੀਰ, ਦਿਲਦਾਰ ਸਿੰਘ, ਦਰਸ਼ਨ ਸਿੰਘ ਬਾਗੜੀ ਤੇ ਸੇਵਕ ਸਿੰਘ (ਏਟਕ ਕਾਰਜਕਾਰਨੀ ਮੈਂਬਰ), ਰਣਜੀਤ ਸਿੰਘ ਹੰਸ (ਪ੍ਰਧਾਨ ਯੂ. ਟੀ. ਸ. ਸ. ਫ਼ੈਡਰੇਸ਼ਨ), ਸਤਪ੍ਰਕਾਸ਼ ਸ਼ਰਮਾ (ਪ੍ਰਧਾਨ, ਯੂ. ਟੀ. ਬਿਲਡਿੰਗ ਮੈਂਟੀਨੈਂਸ ਪੈਨਸ਼ਨਰ ਐਸੋਸੀਏਸ਼ਨ), ਦਲੀਪ ਸਿੰਘ ਤੇ ਮਹਿੰਦਰ ਸਿੰਘ (ਹੋਟਲ ਵਰਕਰਜ਼ ਯੂਨੀਅਨ), ਵਿਪਨਸ਼ੇਰ ਸਿੰਘ (ਚੇਅਰਮੈਨ) ਤੇ ਅਸ਼ੋਕ ਕੁਮਾਰ (ਪ੍ਰਧਾਨ, ਆਲ ਕੰਟਰੈਕਚੁਅਲ ਕਰਮਚਾਰੀ ਸੰਘ), ਸਾਹਿਲ ਕਾਹਲੋਂ (ਨੌਨ-ਟੀਚਿੰਗ ਮੁਲਾਜ਼ਮ ਨੇਤਾ) ਅਤੇ ਅਜੀਤ ਸਿੰਘ ਕਾਹਲੋਂ (ਅਧਿਆਪਕ ਨੇਤਾ) ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹੋਏ ਅਜੋਕੇ ਸਮੇਂ ਵਿੱਚ ਕਿਰਤੀਆਂ ਨੂੰ ਇਸ ਤੋਂ ਪ੍ਰੇਰਣਾ ਲੈ ਕੇ ਆਪਣੇ ਹੱਕਾਂ ਦੀ ਰਾਖੀ ਕਰਨ ਦੀ ਨਸੀਹਤ ਦਿੱਤੀ। ਬੁਲਾਰਿਆਂ ਨੇ ਚੰਡੀਗੜ੍ਹ ਪ੍ਰਸ਼ਾਸਨ ਤੇ ਕੇਂਦਰ ਸਰਕਾਰ ਵੱਲੋਂ ਕਿਰਤੀਆਂ ਦੇ ਹੱਕਾਂ ਉੱਤੇ ਡਾਕੇ ਮਾਰਨ ਨੂੰ ਮੰਦਭਾਗਾ ਕਿਹਾ। ਕਾਰਪੋਰੇਟਜ਼ ਪੱਖੀ ਸਰਕਾਰਾਂ ਵੱਲੋਂ ਨਵੇਂ ਕਿਰਤ ਕਨੂੰਨਾਂ ਦੀ ਆੜ੍ਹ ਵਿੱਚ ਕਿਰਤੀਆਂ ਦੇ ਉਜਾੜੇ, ਬੋਨਸ, ਵਰਦੀਆਂ ਤੇ ਪੈਨਸ਼ਨ ਆਦਿ ਸਹੂਲਤਾਂ ਉੱਤੇ ਕੱਟ ਲਾਉਣ ਨੂੰ ਕਾਮਿਆਂ ਦੇ ਹੱਕਾਂ 'ਤੇ ਡਾਕੇ ਮਾਰਨਾ ਕਿਹਾ। ਉਨ੍ਹਾਂ ਮੰਗ ਕੀਤੀ ਕਿ ਖ਼ਤਰਨਾਕ ਹਾਲਤਾਂ ਵਿੱਚ ਕੰਮ ਕਰਦੇ ਕਾਮਿਆਂ ਨੂੰ ਨੌਕਰੀ ਦੌਰਾਨ ਢੁੱਕਵੇਂ ਸੁਰੱਖਿਆ ਉਪਕਰਣ ਮੁਹੱਈਆ ਕਰਾਏ ਜਾਣ ਤਾਂ ਕਿ ਕਿਰਤੀਆਂ ਦੀਆਂ ਕੀਮਤੀ ਜਾਨਾਂ ਬਚਾਈਆਂ ਜਾਂ ਸਕਣ। ਉਨ੍ਹਾਂ ਕਿਹਾ ਕਿ ਮਹਿੰਗਾਈ, ਬੇਰੁਜ਼ਗਾਰੀ ਤੇ ਨਸ਼ਿਆਂ ਦਾ ਕੋਹੜ ਸਮਾਜ ਲਈ ਬਹੁਤ ਘਾਤਕ ਹੈ, ਜਿਸ ਕਾਰਨ ਅਨੇਕਾਂ ਹੋਣਹਾਰ ਨਾਗਰਿਕ ਮੌਤ ਦੇ ਮੂੰਹ ਜਾਂ ਰਹੇ ਹਨ, ਪਰ ਸਰਕਾਰਾਂ ਇਸ ਦੀ ਰੋਕਥਾਮ ਲਈ ਅਸਰਦਾਰ ਤੇ ਢੁੱਕਵੇ ਉਪਰਾਲੇ ਕਰਨ ਦੀ ਥਾਂ ਸੁੱਤੀਆਂ ਹਨ। ਉਪਰੋਕਤ ਤੋਂ ਇਲਾਵਾ ਮੁਹੰਮਦ ਸਲੀਮ, ਸ਼ਿਵ ਮੂਰਤ, ਰਿਸ਼ੀ ਕੁਮਾਰ, ਬਬਲੂ ਬਿਰਲਾ, ਵਿਨੋਧ ਜੋਸ਼ੀ, ਲਖਨ ਸਿੰਘ, ਤੇਜਭਾਨ, ਸੁਧੀਰ ਕੁਮਾਰ, ਮੋਹਿਤ ਕੁਮਾਰ, ਗੁਰਦਿਆਲ ਸਿੰਘ, ਜੋਗਿੰਦਰ ਸ਼ਰਮਾ, ਐੱਸ. ਐੱਸ. ਕਾਲੀਰਮਨਾ, ਕ੍ਰਿਸ਼ਨ ਚੰਦ, ਜੈ ਸਿੰਘ, ਅਵਤਾਰ ਸਿੰਘ, ਟੇਕ ਸਿੰਘ ਤੇ ਦੀਵਾਂਕਰ ਤਿਵਾੜੀ ਆਦਿ ਤੋਂ ਇਲਾਵਾ ਭਾਰੀ ਗਿਣਤੀ 'ਚ ਕਾਮਿਆਂ ਨੇ ਸ਼ਮੂਲੀਅਤ ਕੀਤੀ। ਰੈਲੀ ਦੀ ਕਾਰਵਾਈ ਕਰਮ ਸਿੰਘ ਵਕੀਲ ਨੇ ਬਾਖੂਬੀ ਚਲਾਈ। ਅੰਤ ਵਿੱਚ ਮਈ ਦਿਵਸ ਦੇ ਸ਼ਹੀਦਾਂ ਨੂੰ ਲਾਲ ਸਲਾਮ, ਮੁਲਾਜ਼ਮ-ਮਜ਼ਦੂਰ ਏਕਤਾ ਜ਼ਿੰਦਾਬਾਦ ਤੇ ਇਨਕਲਾਬ ਜ਼ਿੰਦਾਬਾਦ! ਅਕਾਸ਼ ਗੁੰਜਾਊ ਨਾਅਰਿਆਂ ਨਾਲ ਰੈਲੀ ਦੀ ਸਮਾਪਤੀ ਹੋਈ।

## ਕਾਤਰਾਂ

### ਰਾਸ਼ਟਰੀ ਲੋਕ ਅਦਾਲਤ 13 ਨੂੰ

**ਜਗਰਾਓਂ (ਨਛੱਤਰ ਸੰਧੂ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਵੱਲੋਂ 13 ਮਈ 2023 ਨੂੰ ਜ਼ਿਲ੍ਹਾ ਕਚਹਿਰੀਆਂ ਲੁਧਿਆਣਾ ਤੇ ਸਿਵਲ ਕੋਰਟਸ ਜਗਰਾਓਂ, ਖੰਨਾ, ਸਮਰਾਲਾ ਤੇ ਪਾਇਲ ਵਿਖੇ ਵੱਖ-ਵੱਖ ਨਿਆਂਇਕ ਅਦਾਲਤਾਂ 'ਚ ਲੰਬਤ ਮਾਮਲਿਆਂ ਦਾ ਨਿਪਟਾਰਾ ਧਿਰਾਂ ਦੀ ਆਪਸੀ ਸਹਿਮਤੀ ਨਾਲ ਕਰਵਾਉਣ ਦੇ ਮੰਤਵ ਨੂੰ ਮੁੱਖ ਰੱਖਦੇ ਹੋਏ 'ਨੈਸ਼ਨਲ ਲੋਕ ਅਦਾਲਤ' ਦਾ ਆਯੋਜਨ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਸਕੱਤਰ ਸ੍ਰੀ ਰਮਨ ਸ਼ਰਮਾ ਨੇ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਸਿਵਲ ਕੇਸਾਂ ਦੀ ਸੁਣਵਾਈ ਸਿਵਲ ਜੱਜਾਂ ਜਾਂ ਜੁਡੀਸ਼ੀਅਲ ਮੈਜਿਸਟਰੇਟਾਂ ਦੁਆਰਾ ਲੋਕ ਅਦਾਲਤ ਵਿੱਚ ਕੀਤੀ ਜਾਵੇਗੀ।

### ਚੰਗੇ ਵਿਚਾਰਾਂ ਨਾਲ ਮਿਲਦੀ ਹੈ ਸ਼ਾਂਤੀ : ਬੀ ਕੇ ਸ਼ਿਵਾਨੀ



**ਜੈਤੋ (ਸਤੀਸ਼ ਕੁਮਾਰ ਭੀਰੀ)**-ਮਾਊਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਦੇ ਵਿਹੜੇ ਵਿੱਚ ਰਾਸ਼ਟਰੀ ਮੀਡੀਆ ਕਾਨਫਰੰਸ ਦੀਆਂ ਤਿਆਰੀਆਂ ਮੌਕੇ ਬ੍ਰਹਮਾ ਕੁਮਾਰੀ ਭੈਣਾਂ ਤੇ ਵੀਰਾਂ ਨਾਲ ਵਾਰਤਾ ਦੌਰਾਨ ਇੰਟਰਨੈਸ਼ਨਲ ਮੋਟੀਵੇਸ਼ਨਲ ਸਪੀਕਰ ਬੀ ਕੇ ਸ਼ਿਵਾਨੀ ਦੀਦੀ ਨੇ ਕਿਹਾ ਕਿ ਸਿਰਫ਼ ਵੱਡੇ-ਵੱਡੇ ਗ੍ਰੰਥ ਪੜ੍ਹਨ ਨਾਲ ਜਾਂ 108 ਵਾਰ ਮਾਲਾ ਜਪਣ ਨਾਲ ਮਨ ਨੂੰ ਸ਼ਾਂਤੀ ਨਹੀਂ ਮਿਲਦੀ, ਬਲਕਿ ਚੰਗੇ ਕੰਮ ਤੇ ਚੰਗੇ ਵਿਚਾਰਾਂ ਨਾਲ ਹੀ ਸਾਨੂੰ ਸੁੱਖ ਤੇ ਸ਼ਾਂਤੀ ਮਿਲਦੀ ਹੈ। ਜਦੋਂ ਲੱਗੇ ਕਿ ਚਾਰੇ ਪਾਸਿਓਂ ਸਮੱਸਿਆਵਾਂ ਨੇ ਘੇਰ ਲਿਆ ਹੈ, ਪ੍ਰਮਾਤਮਾ ਵੀ ਪ੍ਰੀਖਿਆ ਲੈ ਰਹੇ ਹਨ ਤਾਂ ਮਾੜੇ ਸਮੇਂ ਵਿੱਚ ਕਰਮਾਂ ਨੂੰ ਨਿੰਦੇ ਬਿਨਾਂ ਮੁਸਕਰਾ ਕੇ ਅੱਗੇ ਵਧਣ ਦੀ ਜੇਕਰ ਤੁਹਾਡੇ ਕੋਲ ਹਿੰਮਤ ਆ ਜਾਏ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਤੁਸੀਂ ਸਾਧਾਰਣ ਮਨੁੱਖ ਨਹੀਂ ਹੋ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਮਾਫ਼ ਕਰਦੇ ਹੋਏ ਅੱਗੇ ਵਧੋ। ਸ਼ਿਵਾਨੀ ਦੀਦੀ ਨੇ ਭੈਣਾਂ ਤੇ ਵੀਰਾਂ ਨੂੰ ਅੱਗੇ ਕਿਹਾ ਕਿ ਜੇਕਰ ਕਿਸੇ ਦੇ ਘਰ ਵਾਰ-ਵਾਰ ਜਾਈਏ ਤਾਂ ਇੱਜ਼ਤ ਘਟਦੀ ਹੈ, ਸਿਰਫ਼ ਪਰਮਾਤਮਾ ਦਾ ਘਰ ਹੀ ਹੈ, ਜਿੱਥੇ ਵਾਰ-ਵਾਰ ਜਾਣ ਨਾਲ ਇੱਜ਼ਤ ਵਧ ਜਾਂਦੀ ਹੈ।

### ਸਬ-ਇੰਸਪੈਕਟਰ ਗੋਬਿੰਦ ਸਿੰਘ ਨੇ ਚਾਰਜ ਸੰਭਾਲਿਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਬਠਿੰਡਾ ਜ਼ਿਲ੍ਹੇ 'ਚ ਪੈਂਦੇ ਕਸਬਾ ਚਾਉਕੇ ਦੀ ਚੌਂਕੀ ਦਾ ਚਾਰਜ ਸਬ ਇੰਸਪੈਕਟਰ ਗੋਬਿੰਦ ਸਿੰਘ ਨੇ ਸੰਭਾਲ ਲਿਆ ਹੈ। ਉਨ੍ਹਾਂ ਆਪਣਾ ਅਹੁਦਾ ਸੰਭਾਲਣ ਉਪਰੰਤ ਕਿਹਾ ਕਿ ਥਾਣੇ ਅਧੀਨ ਆਉਂਦੇ ਇਲਾਕੇ ਦੇ ਪੰਚ, ਸਰਪੰਚ, ਮੋਹਤਬਰ ਤੇ ਆਮ ਜਨਤਾ ਆਪਣੇ ਖੇਤਰ ਅੰਦਰ ਗ਼ਲਤ ਅਨਸਰਾਂ ਦੇ ਹੋਣ ਬਾਰੇ ਪੁਲਸ ਨੂੰ ਜਾਣਕਾਰੀ ਜ਼ਰੂਰ ਦੇਣ ਤਾਂ ਜੁ ਇਲਾਕੇ ਅੰਦਰ ਅਮਨ ਸ਼ਾਂਤੀ ਨੂੰ ਕਾਇਮ ਰੱਖਿਆ ਜਾ ਸਕੇ। ਜੇਕਰ ਇਲਾਕੇ ਅੰਦਰ ਚਿੱਟਾ, ਹੈਰੋਇਨ, ਸਮੈਕ, ਮੈਡੀਕਲ ਜਾਂ ਹੋਰ ਨਸ਼ੇ ਵੇਚਣ ਵਾਲਿਆਂ ਨੇ ਆਪਣਾ ਧੰਦਾ ਬੰਦ ਨਾ ਕੀਤਾ ਤਾਂ ਉਹ ਕਾਨੂੰਨ ਦੇ ਸ਼ਿਕੰਜੇ ਵਿੱਚ ਫਸ ਕੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਜਾਣ ਨੂੰ ਤਿਆਰ ਰਹਿਣ। ਇਸ ਨਾਲ ਅਣਹੋਣੀਆਂ ਘਟਨਾਵਾਂ ਤੋਂ ਵੀ ਨਿਜ਼ਾਤ ਮਿਲੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਾਨੂੰਨ ਮੁਤਾਬਕ ਬਣਦੀ ਕਾਰਵਾਈ ਕੀਤੀ ਜਾਵੇਗੀ।

# ਛੱਪੜ ਦੀ ਸਫਾਈ ਦੇ ਮਸਲੇ 'ਤੇ ਬੈਰੀਅਰ ਚੌਕ 'ਚ ਧਰਨਾ

## ਐੱਸ ਡੀ ਐੱਮ ਵੱਲੋਂ ਧਰਨੇ 'ਚ ਪਹੁੰਚ ਕੇ ਦਿੱਤੇ ਭਰੋਸੇ ਤੋਂ ਮਗਰੋਂ ਧਰਨਾ ਕੀਤਾ ਖਤਮ



**ਮੂਨਕ (ਰਾਜਪਾਲ ਸਿੰਗਲਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮੂਨਕ ਤੇ ਛੱਪੜ ਸਫਾਈ ਸੰਘਰਸ਼ ਕਮੇਟੀ ਨੇ ਪਿਛਲੇ ਕਈ ਦਿਨਾਂ ਤੋਂ ਲੱਗੇ ਪੱਕੇ ਮੋਰਚੇ ਤੋਂ ਬਾਅਦ ਅੱਜ ਮੂਨਕ ਦੇ ਬੈਰੀਅਰ ਚੌਕ ਵਿੱਚ ਧਰਨਾ ਲਗਾ ਦਿੱਤਾ। ਇਸ ਧਰਨੇ ਦੌਰਾਨ ਜਥੇਬੰਦੀਆਂ ਵੱਲੋਂ ਦਿੱਤੇ ਸੱਦੇ ਅਨੁਸਾਰ ਮੂਨਕ ਦੁਕਾਨਦਾਰਾਂ ਵੱਲੋਂ ਬਜ਼ਾਰ ਬੰਦ ਕਰਨ ਦਾ ਸਹਿਯੋਗ ਮਿਲਿਆ, ਜਿਸ ਤੋਂ ਮਜਬੂਰਨ ਪ੍ਰਸ਼ਾਸਨ ਨੂੰ ਲੋਕਾਂ ਦੇ ਸੰਘਰਸ਼ ਅੱਗੇ ਝੁਕਣਾ ਪਿਆ ਤੇ ਐੱਸ ਡੀ ਐੱਮ ਵੱਲੋਂ ਧਰਨੇ ਵਾਲੀ ਥਾਂ ਪਹੁੰਚ ਕੇ ਲੋਕਾਂ ਨੂੰ ਸਮੱਸਿਆ ਦਾ ਹੱਲ 1 ਜੂਨ ਤੱਕ ਕਰਨ ਦਾ ਵਿਸ਼ਵਾਸ ਦਿਵਾ ਕੇ ਧਰਨੇ ਨੂੰ ਖਤਮ ਕੀਤਾ ਗਿਆ।

ਅੱਜ ਦੇ ਇਸ ਪ੍ਰੋਗਰਾਮ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਉਨ੍ਹਾਂ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਪ੍ਰਸ਼ਾਸਨ ਵੱਲੋਂ ਹੁਣ ਵੀ ਛੱਪੜ ਦੀ ਸਫਾਈ ਦੇ ਮਸਲੇ 'ਤੇ ਢਿੱਲ ਮੱਠ ਕੀਤੀ ਜਾਂਦੀ ਹੈ ਤਾਂ ਜਥੇਬੰਦੀ ਵੱਲੋਂ ਜ਼ਿਲ੍ਹਾ ਪੱਧਰੀ ਵੱਡਾ ਐਕਸ਼ਨ ਦਿੱਤਾ ਜਾਵੇਗਾ ਤੇ ਕੱਲ੍ਹ ਜਥੇਬੰਦੀ ਵੱਲੋਂ ਜ਼ਿਲ੍ਹਾ ਸੰਗਰੂਰ ਦੇ ਜੋਲੀਆਂ ਪਿੰਡ ਵਿੱਚ ਵੱਡਾ ਇਕੱਠ ਕੀਤਾ ਜਾ ਰਿਹਾ ਹੈ, ਜਿਸ ਵਿੱਚ ਬਲਾਕ ਮੂਨਕ ਦੇ ਸਾਰੀਆਂ ਪਿੰਡ ਇਕਾਈਆਂ ਦੇ ਕਿਸਾਨਾਂ ਨੂੰ ਵੱਡੀ ਗਿਣਤੀ 'ਚ ਪਹੁੰਚਣ ਦੀ ਅਪੀਲ ਕੀਤੀ। ਬਲਾਕ ਮੂਨਕ ਦੇ ਪ੍ਰਧਾਨ ਸੁਖਦੇਵ ਸਿੰਘ ਕੜੈਲ, ਜਰਨਲ ਸਕੱਤਰ ਰਿੰਕੂ ਮੂਨਕ, ਲਹਿਰਾਗਾਗਾ ਦੇ ਬਲਾਕ ਪ੍ਰਧਾਨ ਧਰਮਿੰਦਰ ਸਿੰਘ ਪਿਸ਼ੌਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਹਰਭਗਵਾਨ ਸਿੰਘ, ਪੰਜਾਬ ਸਟੂਡੈਂਟ ਯੂਨੀਅਨ ਦੇ ਸੂਬਾ ਆਗੂ ਹੁਸ਼ਿਆਰ ਸਿੰਘ ਸਲੇਮਗੜ੍ਹ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਬਲਾਕ ਆਗੂ ਰੋਸ਼ਨ ਮੂਨਕ, ਬੰਟੀ ਢੀਂਡਸਾ, ਮਿੱਠੂ ਹਾਂਡਾ, ਕੁਲਦੀਪ ਗੁਲਾੜੀ, ਜ਼ਿਲ੍ਹਾ ਆਗੂ ਬਹਾਲ ਸਿੰਘ ਢੀਂਡਸਾ, ਕਮੇਟੀ ਮੈਂਬਰ ਸੋਹਨ ਸਿੰਘ, ਬਲਵੀਰ ਸਿੰਘ, ਨੋਰੀਆ ਸੈਣੀ, ਸੋਨੂੰ ਸੈਣੀ, ਦੇਬਾ ਸੈਣੀ ਆਦਿ ਹਾਜ਼ਰ ਸਨ।

# ਮੋਟਰਸਾਈਕਲ ਤੇ ਟਰੱਕ ਦੀ ਟੱਕਰ 'ਚ ਇਕ ਦੀ ਮੌਤ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਬੀਤੀ ਰਾਤ ਖੰਨਾ-ਸਮਰਾਲਾ ਰੋਡ ਬੱਸ ਅੱਡਾ ਬਰਧਾਲਾ ਵਿਖੇ ਮੋਟਰਸਾਈਕਲ ਤੇ ਟਰੱਕਾਂ ਦੀ ਹੋਈ ਆਹਮੋ-ਸਾਹਮਣੇ ਟੱਕਰ ਵਿੱਚ ਮੋਟਰ ਸਵਾਰ ਦੀ ਮੌਤ ਹੋ ਗਈ। ਮ੍ਰਿਤਕ ਦੇ ਪਿਤਾ ਭਾਗ ਸਿੰਘ ਪੁੱਤਰ ਕੇਸਰ ਸਿੰਘ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਮੇਰਾ ਇਕਲੌਤਾ ਪੁੱਤਰ ਹਰਵਿੰਦਰ ਸਿੰਘ 27 ਸਾਲ ਆਪਣੇ ਪਲਟੀਨਾ ਮੋਟਰਸਾਈਕਲ ਨੰਬਰ ਪੀ ਬੀ 43 ਈ 5616 ਉੱਪਰ ਸਵਾਰ ਹੋ ਕੇ ਦਿੱਲੀ ਤੋਂ ਆ ਰਹੇ ਆਪਣੇ ਭਰਾ ਨੂੰ ਖੰਨੇ ਤੋਂ ਲੈਣ ਜਾ ਰਿਹਾ ਸੀ। ਜਦੋਂ ਮੇਰਾ ਪੁੱਤਰ ਖੰਨਾ-ਸਮਰਾਲਾ ਰੋਡ ਬੱਸ ਅੱਡਾ ਬਰਧਾਲਾ ਪਹੁੰਚਿਆ ਤਾਂ ਖੰਨੇ ਵੱਲ ਤੋਂ ਆ ਰਹੇ ਤੇਜ਼ ਰਫਤਾਰ ਟਰੱਕ ਨੰਬਰ ਪੀ ਬੀ 11 ਏ ਐੱਸ 8701, ਜਿਹੜਾ ਕਿ ਲੋਹੇ ਨਾਲ ਲੋਡ ਸੀ, ਦੇ ਡਰਾਈਵਰ ਨੇ ਲਾਪ੍ਰਵਾਹੀ ਨਾਲ ਮੇਰੇ ਪੁੱਤਰ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਅੱਖੀਂ ਦੇਖਣ ਵਾਲਿਆਂ ਅਨੁਸਾਰ ਇਹ ਹਾਦਸਾ ਬਹੁਤ ਭਿਆਨਕ ਸੀ। ਟਰੱਕ ਡਰਾਈਵਰ ਟਰੱਕ ਵਿੱਚ ਫਸੇ ਮੋਟਰਸਾਈਕਲ ਨੂੰ ਕੁਝ ਦੂਰੀ ਤੱਕ ਘੜੀਸਦਾ ਲੈ ਗਿਆ। ਜਦੋਂ ਟਰੱਕ ਚੱਲਣ ਤੋਂ ਅਸਮਰੱਥ ਹੋ ਗਿਆ ਤਾਂ ਟਰੱਕ ਡਰਾਈਵਰ ਟਰੱਕ ਛੱਡ ਕੇ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਚੌਕੀ ਬਰਧਾਲਾ ਦੇ ਇੰਚਾਰਜ ਥਾਣੇਦਾਰ ਪਵਿੱਤਰ ਸਿੰਘ ਗਰੇਵਾਲ ਆਪਣੀ ਪੁਲਸ ਪਾਰਟੀ ਸਮੇਤ ਘਟਨਾ ਸਥਾਨ 'ਤੇ ਪਹੁੰਚ ਕੇ ਟਰੱਕ ਵਿੱਚ ਫਸੇ ਮੋਟਰਸਾਈਕਲ ਤੇ ਚਾਲਕ ਨੂੰ ਬਾਹਰ ਕੱਢਿਆ ਤਾਂ ਮੋਟਰਸਾਈਕਲ ਸਵਾਰ ਦੀ ਮੌਕੇ 'ਤੇ ਹੀ ਮੌਤ ਹੋ ਚੁੱਕੀ ਸੀ। ਪੁਲਸ ਚੌਕੀ ਬਰਧਾਲਾ ਦੇ ਇੰਚਾਰਜ ਥਾਣੇਦਾਰ ਪਵਿੱਤਰ ਸਿੰਘ ਗਰੇਵਾਲ ਨਾਲ ਗੱਲ ਕਰਨ 'ਤੇ ਉਨ੍ਹਾ ਦੱਸਿਆ ਕਿ ਟਰੱਕ ਡਰਾਈਵਰ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਮ੍ਰਿਤਕ ਹਰਵਿੰਦਰ ਸਿੰਘ ਦੀ ਮ੍ਰਿਤਕ ਦੇਹ ਦਾ ਸਮਰਾਲਾ ਦੇ ਸਿਵਲ ਹਸਪਤਾਲ ਵਿਖੇ ਪੋਸਟ ਮਾਰਟਮ ਕਰਵਾ ਕੇ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ। ਪੁਲਸ ਵੱਲੋਂ ਅਗਲੀ ਕਾਰਵਾਈ ਆਰੰਭ ਦਿੱਤੀ ਗਈ ਹੈ।

# ਬਿਜਲੀ ਕਾਮੇ 17 ਨੂੰ ਮੰਤਰੀ ਦੀ ਰਿਹਾਇਸ਼ ਵਿਖੇ ਸੂਬਾ ਪੱਧਰੀ ਧਰਨਾ ਦੇ ਕੇ ਕਰਨਗੇ ਰੋਸ ਪ੍ਰਗਟ

**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਦੇ ਸਮੁੱਚੇ ਬਿਜਲੀ ਕਾਮੇ 17 ਮਈ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਜੰਡਿਆਲਾ ਗੁਰੂ ਵਿਖੇ ਸੂਬਾ ਪੱਧਰੀ ਵਿਸ਼ਾਲ ਸੂਬਾਈ ਰੋਸ ਧਰਨਾ ਦੇਣਗੇ। ਇਹ ਫੈਸਲਾ ਸਾਥੀ ਰਤਨ ਸਿੰਘ ਮਜਾਰੀ ਦੀ ਪ੍ਰਧਾਨਗੀ ਹੇਠ ਹੋਈ, ਪੀ.ਐੱਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਦੀ ਮੀਟਿੰਗ ਵਿੱਚ ਕੀਤਾ ਗਿਆ। ਮੀਟਿੰਗ ਵਿੱਚ ਸ਼ਾਮਲ ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਟੈਕਨੀਕਲ ਸਰਵਿਸਜ਼ ਯੂਨੀਅਨ, ਪੀ.ਐੱਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ ਇੰਪਲਾਈਜ਼ ਫੈਡਰੇਸ਼ਨ (ਸੁਰਿੰਦਰ ਸਿੰਘ), ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ, ਵਰਕਰਜ਼ ਫੈਡਰੇਸ਼ਨ (ਇੰਟਕ), ਇੰਪਲਾਈਜ਼ ਫੈਡਰੇਸ਼ਨ (ਫਲਜੀਤ ਸਿੰਘ), ਥਰਮਲਜ਼ ਇੰਪਲਾਈਜ਼ ਕੁਆਰਡੀਨੇਸ਼ਨ ਕਮੇਟੀ, ਮਨਿਸਟੀਰੀਅਲ ਸਰਵਿਸਜ਼ ਯੂਨੀਅਨ, ਹੈੱਡ ਆਫਿਸ ਇੰਪਲਾਈਜ਼ ਫੈਡਰੇਸ਼ਨ ਤੇ ਸਬ ਸਟੇਸ਼ਨ ਸਟਾਫ ਵੈੱਲਫੇਅਰ ਐਸੋਸੀਏਸ਼ਨ ਦੇ ਆਗੂਆਂ ਸਰਬ ਸਾਥੀ ਕਰਮ ਚੰਦ ਭਾਰਦਵਾਜ, ਰਤਨ ਸਿੰਘ ਮਜਾਰੀ, ਕੁਲਵਿੰਦਰ ਸਿੰਘ ਢਿੱਲੋਂ, ਬਲਵਿੰਦਰ ਸਿੰਘ ਸੰਧੂ, ਬਲਦੇਵ ਸਿੰਘ ਮਢਾਲੀ, ਜਗਰੂਪ ਸਿੰਘ ਮਹਿਮਦਪੁਰ, ਰਵੇਲ ਸਿੰਘ ਸਹਾਏਪੁਰ, ਹਰਪਾਲ ਸਿੰਘ, ਅਵਤਾਰ ਸਿੰਘ ਕੈਂਥ, ਜਗਜੀਤ ਸਿੰਘ ਕੋਟਲੀ, ਰਘਵੀਰ ਸਿੰਘ, ਕੌਰ ਸਿੰਘ ਸੋਹੀ, ਲਖਵਿੰਦਰ ਸਿੰਘ, ਸਿਕੰਦਰ ਨਾਥ, ਸੁਖਵਿੰਦਰ ਸਿੰਘ ਦੁੱਮਨਾ, ਲਖਵੰਤ ਸਿੰਘ ਦਿਓਲ, ਸੁਖਵਿੰਦਰ ਸਿੰਘ ਚਾਹਲ ਤੇ ਗੁਰਦਿੱਤ ਸਿੰਘ ਸਿੱਧੂ ਨੇ ਦੱਸਿਆ ਕਿ ਪਾਵਕਾਮ ਤੇ ਟਰਾਂਸਕੋ ਦੀਆਂ ਮੈਨੇਜਮੈਂਟਾਂ ਮੁਲਾਜ਼ਮ ਜਥੇਬੰਦੀਆਂ ਨਾਲ ਕੀਤੇ ਸਮਝੌਤੇ ਤੇ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਲਗਾਤਾਰ ਟਾਲ ਮਟੋਲ ਕਰ ਰਹੀਆਂ ਹਨ। ਮੈਨੇਜਮੈਂਟ ਨੇ 28 ਅਪ੍ਰੈਲ ਨੂੰ ਜੁਆਇੰਟ ਫੋਰਮ ਨੂੰ ਮੁਲਾਜ਼ਮ ਮਸਲਿਆਂ ਸਬੰਧੀ ਦਿੱਤੀ ਮੀਟਿੰਗ ਰੱਦ ਕਰ ਦਿੱਤੀ ਹੈ। ਮੁਲਾਜ਼ਮ ਮਸਲੇ ਜਿਵੇਂ ਪੇ ਕਮਿਸ਼ਨ ਵੱਲੋਂ ਮੁਲਾਜ਼ਮਾਂ ਨੂੰ ਸੋਧੇ ਪੇਅ ਸਕੇਲ ਦੇਣ, ਤਨਖਾਹਾਂ ਸਕੇਲਾਂ ਦੀਆਂ ਅਨਾਮਲੀਜ਼ ਦੂਰ ਕਰਨ, ਵੇਜ ਫਾਰਮੂਲੇਸ਼ਨ ਕਮੇਟੀ ਵਿੱਚ ਜਥੇਬੰਦੀ ਨੂੰ ਨੁਮਾਇੰਦਗੀ ਦੇਣ, ਪਰਖ ਕਾਲ ਸਮਾਂ ਪੂਰਾ ਕਰ ਚੁੱਕੇ ਮੁਲਾਜ਼ਮਾਂ ਨੂੰ ਪੂਰਾ ਤਨਖਾਹ ਸਕੇਲ ਦੇਣ, ਸੀ.ਆਰ.ਏ. 259/19 ਰਾਹੀਂ ਭਰਤੀ ਸਹਾਇਕ ਲਾਈਨਮੈਨਾਂ ਖਿਲਾਫ ਦਰਜ ਕੇਸ ਵਾਪਸ ਲੈਣ, ਉਨ੍ਹਾਂ ਨੂੰ ਇਨਕੁਆਰੀ ਦੇ ਨਾਮ 'ਤੇ ਤੰਗ ਪ੍ਰੇਸ਼ਾਨ ਕਰਨ, ਡੀ.ਏ. ਦੀਆਂ ਕਿਸ਼ਤਾਂ ਸਮੇਤ ਬਕਾਇਆ ਦੇਣ, ਰਹਿੰਦੇ ਭੱਤਿਆਂ ਵਿੱਚ ਯੋਗ ਵਾਧਾ ਕਰਨ, ਧੱਕੇ ਨਾਲ ਮੋਬਾਇਲ ਅਲਾਊਂਸ ਬੰਦ ਕਰਕੇ ਜੀਓ ਦੇ ਸਿੰਮ ਦੇਣਾ, ਕੱਚੇ ਕਾਮੇ, ਪੀ.ਟੀ.ਐੱਸ., ਮੀਟਰ ਰੀਡਰ, ਬਿਲ ਵੰਡਕ, ਸੀ.ਐੱਚ.ਵੀ. ਆਦਿ ਪੱਕੇ ਕਰਨ ਸਮੇਤ ਮੰਨੀਆਂ ਮੰਗਾਂ ਲਾਗੂ ਕਰਨ ਦੀ ਮੰਗ ਕੀਤੀ।

ਮੀਟਿੰਗ ਨੇ ਮੈਨੇਜਮੈਂਟ ਦੀ ਮੁਲਾਜ਼ਮ ਵਿਰੋਧੀ ਨੀਤੀ ਦੀ ਸਖਤ ਨਿੰਦਾ ਕਰਦਿਆਂ ਕਿਹਾ ਕਿ ਮੈਨੇਜਮੈਂਟਾਂ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਦੀ ਥਾਂ ਮੁਲਾਜ਼ਮਾਂ ਤੋਂ ਅਣਉਚਿਤ ਡਿਊਟੀਆਂ ਲੈ ਕੇ ਵਿੱਤੀ ਲਾਭ ਦੇਣ ਤੋਂ ਇਨਕਾਰੀ ਹਨ। ਗਰਿਡ ਸਬ ਸਟੇਸ਼ਨਾਂ ਤੇ ਮੁਲਾਜ਼ਮਾਂ ਦੀ ਸੁਰੱਖਿਆ ਕਰਨ 'ਚ ਕੁਤਾਹੀ ਕਰ ਰਹੀਆਂ ਹਨ। ਰਹਿੰਦੀਆਂ ਕੈਟੇਗਰੀਆਂ ਓ.ਸੀ., ਆਰ.ਟੀ.ਐੱਮ. ਆਦਿ ਨੂੰ ਪੇ ਬੈਂਡ ਵਿੱਚ ਵਾਧਾ ਦੇਣ ਤੇ ਸੇਵਾ ਮੁਕਤ ਮੁਲਾਜ਼ਮਾਂ ਸਮੇਤ ਰੈਗੂਲਰ ਮੁਲਾਜ਼ਮਾਂ ਦੇ ਬਣਦੇ ਲਾਭ ਦੇਣ ਤੋਂ ਆਨਾਕਾਨੀ ਕਰ ਰਹੀਆਂ ਹਨ। ਆਗੂਆਂ ਨੇ ਮੰਗ ਕੀਤੀ ਕਿ 50 ਨੁਕਾਤੀ ਮੰਗ ਪੱਤਰ ਅਨੁਸਾਰ ਮੁਲਾਜ਼ਮਾਂ ਦੀਆਂ ਮੰਗਾਂ ਮੰਨ ਕੇ ਲਾਗੂ ਕੀਤੀਆਂ ਜਾਣ। ਮੁਲਾਜ਼ਮਾਂ ਤੋਂ ਵਾਧੂ ਡਿਊਟੀਆਂ ਲਈਆਂ ਜਾ ਰਹੀਆਂ ਹਨ, ਜਿਸ ਕਰਕੇ ਬਿਜਲੀ ਕਾਮਿਆਂ ਵਿੱਚ ਸਖਤ ਰੋਸ ਹੈ ਤੇ ਉਹ ਸੰਘਰਸ਼ ਦੇ ਰਾਹ 'ਤੇ ਹਨ। ਜਿਵੇਂ 152023 ਤੋਂ 31052023 ਦੋਨੋ ਕਾਰਪੋਰੇਸ਼ਨ ਦੇ ਚੇਅਰਮੈਨਾਂ ਤੇ ਡਾਇਰੈਕਟਰਜ਼ ਵਿਰੁੱਧ ਫੀਲਡ ਵਿੱਚ ਦੌਰਿਆਂ ਸਮੇਂ ਕਾਲੇ ਝੰਡਿਆਂ ਨਾਲ ਰੋਸ ਵਿਖਾਵੇ ਕੀਤੇ ਜਾਣਗੇ। ਜੂਨ 2023 ਵਿੱਚ ਪੈਡੀ ਸੀਜ਼ਨ ਸ਼ੁਰੂ ਹੋਣ ਵਾਲੇ ਦਿਨ ਸੂਬਾ ਪੱਧਰ 'ਤੇ ਇੱਕ ਰੋਜ਼ਾ ਹੜਤਾਲ ਕੀਤੀ ਜਾਵੇਗੀ। 17 ਮਈ ਨੂੰ ਬਿਜਲੀ ਮੰਤਰੀ ਪੰਜਾਬ ਦੀ ਰਿਹਾਇਸ਼ ਅੱਗੇ ਜੰਡਿਆਲਾ ਗੁਰੂ ਵਿਖੇ ਸੂਬਾ ਪੱਧਰੀ ਰੋਸ ਧਰਨਾ ਦਿੱਤਾ ਜਾਵੇਗਾ। ਮੁੱਖ ਮੰਤਰੀ ਪੰਜਾਬ ਦੇ ਨਾਂ ਵਿਧਾਇਕਾਂ ਤੇ ਮੰਤਰੀਆਂ ਰਾਹੀਂ ਮੈਮੋਰੰਡਮ ਦਿੱਤੇ ਜਾਣਗੇ।

# ਕੈਂਸਰ ਪੀੜਤ ਬੱਚੇ ਦੇ ਇਲਾਜ ਲਈ ਮਾਪਿਆਂ ਨੇ ਮਦਦ ਦੀ ਕੀਤੀ ਅਪੀਲ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਚੁੰਨੀ ਕਲਾਂ ਵਿਖੇ ਰਹਿ ਰਹੇ ਇੱਕ ਗ਼ਰੀਬ ਪਰਵਾਰ ਵੱਲੋਂ ਬਲੱਡ ਕੈਂਸਰ ਦੀ ਬਿਮਾਰੀ ਨਾਲ ਜੂਝ ਰਹੇ ਆਪਣੇ 8 ਸਾਲਾ ਪੁੱਤਰ ਦੇ ਇਲਾਜ ਲਈ ਸਰਕਾਰ, ਸਮਾਜ ਸੇਵੀ ਜਥੇਬੰਦੀਆਂ ਤੇ ਦਾਨੀ ਸੱਜਣਾਂ ਨੂੰ ਮੱਦਦ ਦੀ ਗੁਹਾਰ ਲਾਈ ਹੈ। ਮਜ਼ਦੂਰੀ ਕਰਕੇ ਪਰਵਾਰ ਦਾ ਢਿੱਡ ਪਾਲ ਰਹੇ ਗੁਰਨੂਰ ਦੇ ਪਿਤਾ ਗੁਰਦੀਪ ਸਿੰਘ ਤੇ ਮਾਤਾ ਰਮਨਜੀਤ ਕੌਰ ਨੇ ਦੱਸਿਆ ਕਿ ਗਰੀਬੀ ਨਾਲ ਜੂਝ ਰਹੇ ਉਨਾਂ ਦੇ ਪਰਵਾਰ 'ਤੇ ਦੁੱਖਾਂ ਦਾ ਪਹਾੜ ਉਦੋਂ ਟੁੱਟ ਪਿਆ, ਜਦੋਂ ਵਾਰ-ਵਾਰ ਬੁਖਾਰ ਦੀ ਸ਼ਿਕਾਇਤ ਹੋਣ 'ਤੇ ਕਰੀਬ ਇੱਕ ਮਹੀਨਾ ਪਹਿਲਾਂ ਪੀ.ਜੀ.ਆਈ. ਚੰਡੀਗੜ੍ਹ ਵਿਖੇ ਗੁਰਨੂਰ ਦਾ ਟੈਸਟ ਕਰਾਇਆ ਗਿਆ, ਜਿੱਥੇ ਡਾਕਟਰਾਂ ਨੇ ਦੱਸਿਆ ਕਿ ਗੁਰਨੂਰ ਬਲੱਡ ਕੈਂਸਰ ਦੀ ਬਿਮਾਰੀ ਤੋਂ ਪੀੜਤ ਹੈ। ਉਨ੍ਹਾਂ ਦੱਸਿਆ ਕਿ ਕੁਝ ਲੋਕਾਂ ਨੇ ਮੱਦਦ ਕਰਕੇ ਗੁਰਨੂਰ ਦੇ 40 ਹਜ਼ਾਰ ਰੁਪਏ ਦਾ ਇੱਕ ਟੀਕਾ ਲਵਾਇਆ ਵੀ ਗਿਆ, ਪਰ ਪੈਸੇ ਨਾ ਹੋਣ ਕਾਰਨ ਉਹ ਅੱਗੇ ਇਲਾਜ ਕਰਾਉਣ ਤੋਂ ਅਸਮਰਥ ਹਨ। ਮੌਕੇ 'ਤੇ ਮੌਜੂਦ ਪਿੰਡ ਵਾਸੀਆਂ ਤੇ ਡਾਕਟਰ ਜਰਨੈਲ ਸਿੰਘ ਨੇ ਦੱਸਿਆ ਕਿ ਇਸ ਗਰੀਬ ਪਰਵਾਰ ਦਾ ਆਟਾ ਦਾਲ ਸਕੀਮ ਕਾਰਡ, ਨੀਲਾ ਕਾਰਡ ਤੇ ਸਿਹਤ ਬੀਮਾ ਕਾਰਡ ਵੀ ਨਹੀਂ ਬਣਿਆ ਹੋਇਆ।

# ਦੇਸ਼ ਭਗਤ 'ਵਰਸਿਟੀ ਵੱਲੋਂ ਚਲਾਈ ਗਈ ਪਲਾਸਟਿਕ ਦੀ ਵਰਤੋਂ ਵਿਰੁੱਧ ਜਾਗਰੂਕਤਾ ਮੁਹਿੰਮ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਦੇ ਐਨ.ਐਸ.ਐਸ ਵਿੰਗ ਵੱਲੋਂ ਕੈਂਪਸ ਵਿੱਚ ਸਫ਼ਾਈ ਮੁਹਿੰਮ ਦੇ ਨਾਲ-ਨਾਲ ਪਲਾਸਟਿਕ ਦੀ ਵਰਤੋਂ ਵਿਰੁੱਧ ਜਾਗਰੂਕਤਾ ਮੁਹਿੰਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਜੇ.ਕੇ ਸ਼ਰਮਾ, ਡਾਇਰੈਕਟਰ, ਆਈ.ਈ.ਡੀ.ਸੀ ਤੇ ਕੋਆਰਡੀਨੇਟਰ, ਐਨ.ਐਸ.ਐਸ ਵਿੰਗ ਨੇ ਡਾ. ਜ਼ੋਰਾ ਸਿੰਘ, ਚਾਂਸਲਰ, ਦੇਸ਼ ਭਗਤ ਯੂਨੀਵਰਸਿਟੀ ਦਾ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ 'ਤੇ ਜੀ ਆਇਆਂ ਆਖਿਆ। ਡਾ. ਜ਼ੋਰਾ ਸਿੰਘ, ਚਾਂਸਲਰ, ਦੇਸ਼ ਭਗਤ ਯੂਨੀਵਰਸਿਟੀ ਨੇ ਕੈਂਪਸ ਵਿੱਚ ਅਜਿਹੀ ਜਾਗਰੂਕਤਾ ਮੁਹਿੰਮ ਦਾ ਆਯੋਜਨ ਕਰਨ ਲਈ ਯੂਨੀਵਰਸਿਟੀ ਦੇ ਐਨ.ਐਸ.ਐਸ ਵਿੰਗ ਨੂੰ ਵਧਾਈ ਦਿੱਤੀ। ਡਾ. ਜ਼ੋਰਾ ਸਿੰਘ ਨੇ ਦੱਸਿਆ ਕਿ ਕਿਸ ਤਰ੍ਹਾਂ ਪਲਾਸਟਿਕ ਸਾਡੀ ਸਿਹਤ ਅਤੇ ਵਾਤਾਵਰਣ 'ਤੇ ਬਹੁਤ ਮਾੜੇ ਪ੍ਰਭਾਵ ਪਾਉਂਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪਲਾਸਟਿਕ ਮੁਕਤ ਕੈਂਪਸ ਦੇ ਲਾਭਾਂ ਬਾਰੇ ਜਾਗਰੂਕ ਕੀਤਾ ਤੇ ਦੱਸਿਆ ਕਿ ਕਿਵੇਂ ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖਣਾ ਚਾਹੀਦਾ ਹੈ ਅਤੇ ਪਲਾਸਟਿਕ ਦੇ ਕੂੜੇ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣਾ ਚਾਹਿਦਾ ਹੈ। ਡਾ. ਜੇ.ਕੇ.ਸ਼ਰਮਾ, ਡਾਇਰੈਕਟਰ ਆਈ.ਈ.ਡੀ.ਸੀ. ਅਤੇ ਕੋਆਰਡੀਨੇਟਰ, ਐੱਨ.ਐੱਸ.ਐੱਸ. ਵਿੰਗ ਨੇ ਸਫ਼ਾਈ ਦੀ ਲੋੜ ਅਤੇ ਵਾਤਾਵਰਣ ਤੇ ਪਲਾਸਟਿਕ ਦੇ ਖਤਰਨਾਕ ਪ੍ਰਭਾਵਾਂ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਡਿਸਪੋਜ਼ੇਬਲ ਪਲਾਸਟਿਕ ਵਾਤਾਵਰਣ ਵਿੱਚ ਜ਼ਹਿਰੀਲੇ ਰਸਾਇਣ ਵੀ ਛੱਡਦਾ ਹੈ ਤੇ ਜੀਵ ਨੂੰ ਭੌਤਿਕ, ਰਸਾਇਣਕ ਨੁਕਸਾਨ ਤੇ ਜੈਵਿਕ ਨੁਕਸਾਨ ਪੁਚਾਉਂਦਾ ਹੈ। ਉਨ੍ਹਾਂ ਦੱਸਿਆ ਕਿ ਕਿਵੇਂ ਪਲਾਸਟਿਕ ਦੇ ਥੈਲੇ ਸਾਡੇ ਜੀਵਨ ਚੱਕਰ ਦੇ ਸ਼ੁਰੂ ਤੋਂ ਅੰਤ ਤੱਕ ਕੁਦਰਤੀ ਵਾਤਾਵਰਣ ਨੂੰ ਲਗਾਤਾਰ ਨੁਕਸਾਨ ਪਹੁੰਚਾ ਰਹੇ ਹਨ। ਇਸ ਲਈ ਸਾਨੂੰ ਇਨ੍ਹਾਂ ਦੀ ਵਰਤੋਂ ਬੰਦ ਕਰਨੀ ਚਾਹੀਦੀ ਹੈ। ਡਾ. ਜੇ.ਕੇ. ਸ਼ਰਮਾ ਨੇ ਦੱਸਿਆ ਕਿ ਇਹ ਮੁਹਿੰਮ ਯੂਨੀਵਰਸਿਟੀ ਦੀ ਐਨ.ਐਸ.ਐਸ ਟੀਮ ਦੁਆਰਾ ਸਾਂਝੇ ਤੌਰ 'ਤੇ ਚਲਾਈ ਗਈ ਸੀ, ਜਿਸ ਵਿੱਚ ਸਮਾਜਿਕ ਵਿਗਿਆਨ, ਫਾਰਮੇਸੀ, ਖੇਤੀਬਾੜੀ, ਆਯੁਰਵੇਦ ਵਿਭਾਗ ਦੇ ਫੈਕਲਟੀ ਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਵਿਦਿਆਰਥੀਆਂ ਨੇ ਇਸ ਗਤੀਵਿਧੀ ਦਾ ਭਰਪੂਰ ਆਨੰਦ ਲਿਆ। ਇਸ ਸਫਾਈ ਮੁਹਿੰਮ ਵਿੱਚ ਡਾ. ਦਵਿੰਦਰ ਸ਼ਰਮਾ, ਡਾਇਰੈਕਟਰ ਸਕੂਲ ਆਫ਼ ਸੋਸ਼ਲ ਸਾਇੰਸਿਜ਼, ਪ੍ਰੋ. ਧਰਮਿੰਦਰ, ਡਾ. ਰਮਨਜੀਤ ਕੌਰ, ਡਾ. ਅਰਸ਼ਦੀਪ ਸਿੰਘ, ਡੀਨ ਵਿਦਿਆਰਥੀ ਭਲਾਈ ਵਿਭਾਗ, ਓਸ਼ੀਨਾ, ਸਕੂਲ ਆਫ਼ ਫਾਰਮੇਸੀ, ਗਗਨਦੀਪ ਕੌਰ ਤੇ ਪੁਨੀਤ ਗਿੱਲ, ਲਾਲ ਸਿੰਘ ਸਕੂਲ ਆਫ਼ ਨਰਸਿੰਗ ਤੇ ਰਵਿੰਦਰ ਸਿੰਘ, ਸਕੂਲ ਆਫ਼ ਐਗਰੀਕਲਚਰ ਵੀ ਹਾਜ਼ਰ ਸਨ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਧੂਮ-ਧਾਮ ਨਾਲ ਮਨਾਇਆ ਜਾਵੇਗਾ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਠੇਕੇਦਾਰ ਅੰਗਰੇਜ਼ ਸਿੰਘ ਪ੍ਰਧਾਨ ਰਾਮਗੜ੍ਹੀਆ ਸਭਾ ਨੇ ਦੱਸਿਆ ਕਿ ਸਿੱਖ ਕੌਮ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਤਿੰਨ ਸੌ ਸਾਲਾ ਜਨਮ ਦਿਹਾੜਾ 5 ਮਈ ਨੂੰ ਧਰਮਸ਼ਾਲਾ ਰਾਮਗੜ੍ਹੀਆ ਸਭਾ ਵਿਖੇ ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ।



ਉਨ੍ਹਾਂ ਕਿਹਾ ਕਿ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਕੌਮ ਦਾ ਉਹ ਜਰਨੈਲ ਹਨ, ਜਿਸਨੇ ਸਿੱਖਾਂ ਦੀ ਖਿਲਰੀ ਤਾਕਤ ਨੂੰ ਇਕਮੁੱਠ ਕਰਕੇ ਸਿੱਖ ਕੌਮ ਵਿੱਚ ਜੋਸ਼ ਭਰ ਕੇ ਪੰਜਾਬ ਤੇ ਦਿੱਲੀ ਦੀ ਧਰਤੀ 'ਤੇ ਖਾਲਸਾਈ ਝੰਡੇ ਝੁਲਾ ਕੇ ਆਪਣੀ ਸਿੱਖ ਰਾਜ ਦੀ ਨੀਂਹ ਸਥਾਪਤ ਕੀਤੀ। ਸਿੱਖ ਕੌਮ ਦੇ ਮਹਾਨ ਜਰਨੈਲ ਤੇ ਰਾਮਗੜ੍ਹੀਆ ਮਿਸਲ ਦੇ ਬਾਨੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ 5 ਮਈ 1723 ਈ. ਨੂੰ ਲਾਹੌਰ ਜ਼ਿਲ੍ਹੇ ਦੇ (ਈਚੋਗਿਲ) ਪਿੰਡ ਵਿੱਚ ਗਿਆਨੀ ਭਗਵਾਨ ਸਿੰਘ ਦੇ ਘਰ ਹੋਇਆ। ਇਸ ਦੇ ਦਾਦਾ ਹਰਦਾਸ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਲਈ ਸੀ ਅਤੇ ਬੰਦਾ ਬਹਾਦਰ ਦੀਆਂ ਮੁਗ਼ਲਾਂ ਨਾਲ ਹੋਈਆਂ ਲੜਾਈਆਂ ਵਿਚ ਹਿੱਸਾ ਲਿਆ। ਆਪ ਦੇ ਪਿਤਾ ਭਗਵਾਨ ਸਿੰਘ ਇਕ ਬਹਾਦਰ ਯੋਧਾ ਹੋਣ ਦੇ ਨਾਲ-ਨਾਲ ਸੰਤ ਸੁਭਾਅ ਵਾਲੇ ਵਿਅਕਤੀ ਸਨ ਤੇ ਉਘੇ ਧਾਰਮਿਕ ਪ੍ਰਚਾਰਕ ਵੀ ਸਨ। ਉਨ੍ਹਾਂ ਦੱਸਿਆ ਕਿ ਜੱਸਾ ਸਿੰਘ ਰਾਮਗੜ੍ਹੀਆ ਨੇ ਸਿੱਖ ਕੌਮ ਦੀ ਆਨ ਤੇ ਸ਼ਾਨ ਲਈ ਕਈ ਲੜਾਈਆਂ ਲੜੀਆਂ ਅਤੇ ਸਿੱਖ ਮਾਰਗ ਮਰਿਆਦਾ ਨੂੰ ਕਾਇਮ ਰੱਖਿਆ। ਉਨ੍ਹਾਂ ਦੇ ਜਨਮ ਦਿਹਾੜੇ ਮੌਕੇ ਵੱਡੇ ਪੱਧਰ 'ਤੇ ਧਾਰਮਿਕ ਪ੍ਰੋਗਰਾਮ ਕਰਾਇਆ ਜਾ ਰਿਹਾ ਹੈ, ਜਿਸ ਵਿਚ ਰਾਗੀ ਤੇ ਪ੍ਰਚਾਰਕ ਉਨ੍ਹਾਂ ਦੇ ਜੀਵਨ ਤੇ ਵਿਸਥਾਰ ਪੂਰਵਕ ਚਾਨਣਾ ਪਾਉਣਗੇ।

# ਅੱਠਵੀਂ ਦੇ ਨਤੀਜਿਆਂ 'ਚ ਹਰਸਿਮਰਨ ਪਬਲਿਕ ਸਕੂਲ ਦੇ ਵਿਦਿਆਰਥੀ ਛਾਏ

## ਬਲਾਕ ਮਾਛੀਵਾੜਾ 'ਚੋਂ ਮੱਲਿਆ ਪਹਿਲਾ ਸਥਾਨ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸੈਂਕੀ ਸ਼ਰਮਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਰਸਿਮਰਨ ਪਬਲਿਕ ਸਕੂਲ ਮਾਛੀਵਾੜਾ ਖਾਮ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ ਜਮਾਤ ਦੇ ਨਤੀਜੇ ਵਿੱਚੋਂ ਮੱਲਾਂ ਮਾਰਦਿਆਂ ਸੰਸਥਾ ਤੇ ਆਪਣੇ ਮਾਤਾ-ਪਿਤਾ ਦਾ ਨਾਂ ਰੌਸ਼ਨ ਕਰਦਿਆਂ 100% ਨਤੀਜਾ ਪ੍ਰਾਪਤ ਕੀਤਾ। ਜ਼ਿਕਰਯੋਗ ਹੈ ਕਿ ਇਹ ਸੰਸਥਾ ਦੇ ਵਿਦਿਆਰਥੀ ਹਰ ਸਾਲ ਚੰਗੇ ਨਤੀਜੇ ਪ੍ਰਾਪਤ ਕਰ ਸੰਸਥਾ ਦਾ ਸਿਰ ਉੱਚਾ ਕਰ ਰਹੇ ਹਨ। ਸੰਸਥਾ ਦੇ ਪ੍ਰਿੰਸੀਪਲ ਸ੍ਰ. ਜਸਦੇਵ ਸਿੰਘ ਨੇ ਦੱਸਿਆ ਕਿ ਅੱਠਵੀਂ ਜਮਾਤ ਵਿੱਚ ਹਰਮਨਪ੍ਰੀਤ ਕੌਰ ਨੇ 586/600 (97.66 ਫੀਸਦੀ) ਅੰਕ ਪ੍ਰਾਪਤ ਕਰਕੇ ਬਲਾਕ ਮਾਛੀਵਾੜਾ ਵਿੱਚੋਂ ਪਹਿਲਾ ਤੇ ਤਹਿਸੀਲ ਸਮਰਾਲਾ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ। ਤਰਨਪ੍ਰੀਤ ਕੌਰ ਨੇ 583/600 (97.16 ਫੀਸਦੀ) ਅੰਕ ਪ੍ਰਾਪਤ ਕਰਕੇ ਜਮਾਤ ਵਿੱਚੋਂ ਦੂਸਰਾ ਤੇ ਜਸਮੀਤ ਕੌਰ ਨੇ 582/600 (97 ਫੀਸਦੀ) ਅੰਕ ਪ੍ਰਾਪਤ ਕਰਕੇ ਜਮਾਤ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ। ਅੱਠਵੀਂ ਜਮਾਤ ਦੇ ਬਾਕੀ ਸਾਰੇ ਵਿਦਿਆਰਥੀਆਂ ਨੇ ਫਸਟ ਡਵੀਜ਼ਨ ਵਿੱਚ ਪ੍ਰੀਖਿਆ ਪਾਸ ਕੀਤੀ। ਉਨ੍ਹਾਂ ਚੰਗੇ ਅੰਕ ਲੈ ਕੇ ਪਾਸ ਹੋਣ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਵਿਦਿਆਰਥੀਆਂ ਨੂੰ ਅੱਗੇ ਵੀ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਸਾਹਿਬ ਨੇ ਆਪਣੇ ਮਿਹਨਤੀ ਅਧਿਆਪਕਾਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੀ ਮਿਹਨਤ ਤੇ ਸੁਚੱਜੀ ਸੇਧ ਸਦਕਾ ਸੰਸਥਾ ਦਾ ਨਤੀਜਾ ਸੌ ਫੀਸਦੀ ਰਿਹਾ। ਸਕੂਲ ਦੇ ਸਮੂਹ ਸਟਾਫ ਵੱਲੋਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ।

# ਸਰਕਾਰ ਪਿਛਲੇ ਲੰਮੇ ਸਮੇਂ ਤੋਂ ਬੰਦ ਪਈ ਰਜਿਸਟ੍ਰੇਸ਼ਨ ਖੋਲ੍ਹੇ : ਮੈਡੀਕਲ ਪ੍ਰੈਕਟੀਸ਼ਨਰਜ਼



**ਜ਼ੀਰਾ (ਨਰਿੰਦਰ ਅਨੇਜਾ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਬਲਾਕ ਜ਼ੀਰਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਦੀ ਪ੍ਰਧਾਨਗੀ ਤੇ ਸਰਪ੍ਰਸਤ ਡਾਕਟਰ ਆਤਮਾ ਤੇ ਸੀਨੀਅਰ ਆਗੂ ਡਾਕਟਰ ਕੁਲਬੀਰ ਸਿੰਘ ਦੀ ਅਗਵਾਈ ਹੇਠ ਗੁਰਦੁਆਰਾ ਸਿੰਘ ਸਭਾ ਜ਼ੀਰਾ ਵਿਖੇ ਹੋਈ, ਜਿਸ ਵਿੱਚ ਪਿੰਡਾਂ ਤੇ ਸ਼ਹਿਰਾਂ ਦੇ ਸਲੱਮ ਏਰੀਆ ਵਿੱਚ ਕੰਮ ਕਰਦੇ ਪ੍ਰੈਕਟੀਸ਼ਨਰਾਂ ਨੂੰ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰਾਂ ਕੀਤੀਆਂ ਗਈਆਂ ਤੇ ਉਨ੍ਹਾਂ ਦੇ ਹੱਲ ਸੁਲਝਾਏ ਗਏ। ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਨੇ ਮੀਟਿੰਗ 'ਚ ਬੋਲਦਿਆਂ ਵੱਖ ਵੱਖ ਪਿੰਡਾਂ ਤੇ ਸ਼ਹਿਰਾਂ ਦੇ ਸਲੱਮ ਏਰੀਆ ਵਿੱਚ ਕੰਮ ਕਰਦੇ ਪ੍ਰੈਕਟੀਸ਼ਨਰਾਂ ਦੀ ਪੁਰਾਣੀ ਮੰਗ ਨੂੰ ਦੁਹਰਾਉਂਦਿਆਂ ਸਰਕਾਰ ਕੋਲੋਂ ਮੰਗ ਕੀਤੀ ਕਿ ਸਰਕਾਰ ਪਿਛਲੇ ਲੰਮੇ ਸਮੇਂ ਤੋਂ ਬੰਦ ਪਈ ਰਜਿਸਟ੍ਰੇਸ਼ਨ ਖੋਲ੍ਹੇ ਜਾਂ ਕੋਈ ਸ਼ਾਰਟ ਟਰਮ ਕੋਰਸ ਕਰਵਾ ਕੇ ਬੇਖੌਫ ਕੰਮ ਕਰਨ ਦਾ ਅਧਿਕਾਰ ਦੇਵੇ, ਕਿਉਂਕਿ ਪਿੰਡਾਂ ਵਿੱਚ ਕੰਮ ਕਰਦੇ ਪ੍ਰੈਕਟੀਸ਼ਨਰ ਲੋਕਾਂ ਨੂੰ ਰਾਤ ਦਿਨ ਨਗਦ ਉਧਾਰ ਲੋਕਾਂ ਦੀ ਸੇਵਾ ਕਰਦੇ ਹਨ ਤੇ ਸਰਕਾਰੀ ਹਸਪਤਾਲਾਂ ਵੱਲੋਂ ਉਲੀਕੇ ਗਏ ਜਾਗਰੂਕਤਾ ਕੈਂਪਾਂ 'ਚ ਪੂਰਾ ਸਹਿਯੋਗ ਕਰਦੇ ਹਨ, ਸੋ ਸਰਕਾਰ ਸਾਡੀ ਮੰਗ ਨੂੰ ਪੂਰਾ ਕਰੇ। ਸਰਪ੍ਰਸਤ ਡਾਕਟਰ ਆਤਮਾ ਸਿੰਘ ਨੇ ਮਜ਼ਦੂਰ ਦਿਹਾੜੇ 'ਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੀ ਇਸ ਸ਼ਹੀਦੀ 'ਤੇ ਵਿਸਥਾਰ ਸਹਿਤ ਚਾਨਣਾ ਪਾਉਂਦਿਆਂ ਪ੍ਰਣਾਮ ਕੀਤਾ। ਸੀਨੀਅਰ ਮੀਤ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ, ਡਾਕਟਰ ਅਜਮੇਰ ਸਿੰਘ ਤੇ ਡਾਕਟਰ ਬੋਹੜ ਸਿੰਘ ਆਦਿ ਨੇ ਕਿਹਾ ਸਾਰੇ ਮੈਂਬਰ ਸਾਫ ਸੁਥਰੀ ਪ੍ਰੈਕਟਿਸ ਕਰਨ ਤੇ ਪੰਜਾਬ 'ਚ ਵਗ ਰਹੇ ਨਸ਼ਿਆਂ ਦੇ ਛੇਵੇਂ ਦਰਿਆ ਦਾ ਸ਼ਿਕਾਰ ਹੋ ਚੁੱਕੇ ਪੀੜਤਾਂ ਨੂੰ ਜਾਗਰੂਕ ਕਰਨ ਤਾਂ ਕਿ ਉਹ ਨਸ਼ੇ ਛੱਡ ਕੇ ਉਹ ਤੇ ਉਨ੍ਹਾਂ ਦਾ ਪਰਿਵਾਰ ਸੁਖੀ ਜੀਵਨ ਜੀਅ ਸਕਣ। ਪੰਜਾਬ ਵਿੱਚ ਪਿਛਲੇ ਕੁੱਝ ਸਮੇਂ ਤੋਂ ਨਸ਼ਿਆਂ ਦੇ ਕਾਰਨ ਹੋ ਰਹੀਆਂ ਮੌਤਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਸਰਕਾਰ ਨੂੰ ਅਪੀਲ ਕੀਤੀ ਕਿ ਸਰਕਾਰ ਇਸ 'ਤੇ ਵਿਸ਼ੇਸ਼ ਧਿਆਨ ਦੇਵੇ ਤਾਂ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਕਾਰਨ ਮੌਤ ਦੇ ਮੂੰਹ ਵਿੱਚ ਜਾਣ ਤੋਂ ਬਚਾਇਆ ਜਾ ਸਕੇ। ਅਖੀਰ 'ਚ ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

ਮੀਟਿੰਗ ਵਿੱਚ ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਪ੍ਰੈਕਟੀਸ਼ਨਰਜ਼, ਜਨਰਲ ਸਕੱਤਰ ਹਰਵਿੰਦਰ ਸਿੰਘ, ਵਾਈਸ ਜਨਰਲ ਸਕੱਤਰ ਜਗਮੀਤ ਸਿੰਘ, ਚੇਅਰਮੈਨ ਜਰਨੈਲ ਸਿੰਘ, ਵਾਈਸ ਚੇਅਰਮੈਨ ਧਰਮਿੰਦਰ ਸਿੰਘ, ਵਾਈਸ ਕੈਸ਼ੀਅਰ ਗੁਰਪ੍ਰੀਤ ਸਿੰਘ, ਸੋਸ਼ਲ ਮੀਡੀਆ ਇੰਚਾਰਜ ਰਾਜਵਿੰਦਰ ਸਿੰਘ ਤੇ ਰਮਨਦੀਪ ਸਿੰਘ, ਪ੍ਰੈੱਸ ਸਕੱਤਰ ਵਰਿੰਦਰ ਸਿੰਘ ਤੇ ਬਚਿੱਤਰ ਸਿੰਘ, ਸਟੇਜ ਸਕੱਤਰ ਸੰਤੋਖ ਸਿੰਘ ਤੇ ਗੁਰਜੀਤ ਸਿੰਘ ਪੰਡੋਰੀ, ਸਲਾਹਕਾਰ ਸੁਰਜੀਤ ਸਿੰਘ, ਪੂਰਨ ਸਿੰਘ, ਹਰਬੰਸ ਸਿੰਘ, ਸੀਨੀਅਰ ਆਗੂ ਬਲਜੀਤ ਸਿੰਘ, ਧਰਮਿੰਦਰ ਸਿੰਘ ਬਲਖੰਡੀ, ਵਿਜੇ ਕੁਮਾਰ, ਤਰਸੇਮ ਸਿੰਘ, ਹਰਜਿੰਦਰ ਸਿੰਘ, ਮਨਪ੍ਰੀਤ ਸਿੰਘ ਜ਼ੀਰਾ, ਮਨਪ੍ਰੀਤ ਸਿੰਘ ਚੂਚਕ ਵਿੰਡ, ਗੁਰਭੇਜ ਸਿੰਘ, ਗੁਰਵਿੰਦਰ ਸਿੰਘ ਚੋਹਲਾ, ਗੁਰਵਿੰਦਰ ਸਿੰਘ ਲਹੁਕੇ, ਬਲਵਿੰਦਰ ਸਿੰਘ, ਸਰਬਜੀਤ, ਗਗਨਦੀਪ, ਨਛੱਤਰ ਸਿੰਘ, ਲਵਲੀ ਸਿੰਘ, ਸੋਨੂੰ, ਪਵਨਵੀਰ, ਹਰਦੀਪ ਸਿੰਘ, ਲਖਵਿੰਦਰ ਸਿੰਘ, ਗੁਰਮੀਤ ਸਿੰਘ, ਸੁਖਦੀਪ ਸ਼ਰਮਾ, ਜਸਕਰਨ ਸਿੰਘ, ਗੁਰਬਖਸ਼ ਸਿੰਘ, ਸੰਦੀਪ ਸਿੰਘ, ਕੁਲਵੰਤ ਸਿੰਘ, ਸੁਰਜੀਤ ਸਿੰਘ, ਮਨਜੀਤ ਸਿੰਘ ਸ਼ਾਮਲ ਹੋਏ।

# ਡੀ ਟੀ ਐੱਫ ਵੱਲੋਂ 7 ਨੂੰ ਸ਼ਾਹਕੋਟ ਤੋਂ ਜਲੰਧਰ ਤੱਕ ਵਿਸ਼ਾਲ ਝੰਡਾ ਮਾਰਚ : ਦਿਗਵਿਜੇ, ਲੌਂਗੋਵਾਲ

## ਸਰਕਾਰ ਦੀਆਂ ਸਿੱਖਿਆ ਵਿਰੋਧੀ ਨੀਤੀਆਂ ਦਾ ਕੀਤਾ ਜਾਵੇਗਾ ਪਰਦਾ ਫਾਸ਼



**ਮੋਗਾ (ਅਮਰਜੀਤ ਬੱਬਰੀ)**-ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਨੇ ਨਵੀਂ ਪੈਨਸ਼ਨ ਸਕੀਮ ਤੇ ਹੋਰ ਮੌਜੂਦਾ ਪੈਨਸ਼ਨ ਸਕੀਮਾਂ ਰੱਦ ਕਰਵਾ ਕੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣ, ਕੱਚੇ ਅਧਿਆਪਕ ਪੱਕੇ ਕਰਵਾਉਣ, ਕੰਪਿਊਟਰ ਅਧਿਆਪਕਾਂ ਨੂੰ ਪੂਰੇ ਲਾਭਾਂ ਸਮੇਤ ਸਿੱਖਿਆ ਵਿਭਾਗ ਵਿੱਚ ਮਰਜ ਕਰਵਾਉਣ, ਐੱਨ.ਐੱਸ.ਕਿਊ.ਐੱਫ. ਅਧਿਆਪਕਾਂ ਨੂੰ ਸਿੱਖਿਆ ਵਿੱਚ ਮਰਜ ਕਰਵਾਉਣ, ਪੇਂਡੂ ਭੱਤੇ, ਸਾਇੰਸ ਭੱਤੇ, ਬਾਰਡਰ ਭੱਤੇ ਸਮੇਤ 37 ਕਿਸਮ ਦੇ ਭੱਤੇ ਬਹਾਲ ਕਰਵਾਉਣ, ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਦੇ ਹੋਏ ਸਾਰੇ ਕਾਡਰਾਂ ਨੂੰ 2.72 ਦਾ ਗੁਣਾਂਕ ਦਿਵਾਉਣ, ਪੇਅ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਵਧੀਆਂ ਹੋਈਆਂ ਤਨਖਾਹਾਂ ਦਾ ਬਕਾਇਆ ਤੁਰੰਤ ਜਾਰੀ ਕਰਵਾਉਣ, ਡੀ.ਏ. ਦੀਆਂ ਬਕਾਇਆ ਕਿਸ਼ਤਾਂ ਤੁਰੰਤ ਜਾਰੀ ਕਰਵਾਉਣ ਲਈ, ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 15-1-2015 ਦੇ ਨੋਟੀਫਿਕੇਸ਼ਨ ਨੂੰ ਰੱਦ ਕਰਨ ਦੇ ਫੈਸਲੇ ਨੂੰ ਜਨਰਲਾਈਜ਼ ਕਰਵਾਉਣ ਲਈ 7 ਮਈ ਨੂੰ ਲੋਕ ਸਭਾ ਹਲਕਾ ਜਲੰਧਰ ਵਿੱਚ ਸ਼ਾਹਕੋਟ ਤੋਂ ਜਲੰਧਰ ਤੱਕ ਵਿਸ਼ਾਲ ਝੰਡਾ ਮਾਰਚ ਕਰਕੇ ਪੰਜਾਬ ਸਰਕਾਰ ਦੀਆਂ ਸਿੱਖਿਆ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕੀਤਾ ਜਾਵੇਗਾ। ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਨੇ ਕਿਹਾ ਕਿ ਇਹ ਝੰਡਾ ਮਾਰਚ ਸਿੱਖਿਆ ਨੀਤੀ 2020 ਨੂੰ ਪੰਜਾਬ ਵਿਧਾਨ ਸਭਾ ਵਿੱਚ ਮਤਾ ਪਾ ਕੇ ਰੱਦ ਕਰਵਾਉਣ, 180 ਈ.ਟੀ.ਟੀ. ਅਧਿਆਪਕਾਂ 'ਤੇ ਜਬਰੀ ਲਾਗੂ ਕੀਤੇ 7ਵੇਂ ਕੇਂਦਰੀ ਪੇ ਕਮਿਸ਼ਨ ਨੂੰ ਵਾਪਸ ਕਰਵਾਉਣ ਤੇ ਪੰਜਾਬ ਦੇ ਪੇਅ ਸਕਲ ਲਾਗੂ ਕਰਵਾਉਣ, ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 8886 ਅਧਿਆਪਕਾਂ ਦੀ ਜਬਰੀ ਤਨਖਾਹ ਕਟੌਤੀ ਦੇ ਫੈਸਲੇ ਨੂੰ ਰੱਦ ਕਰਨ ਦੇ ਫੈਸਲੇ ਨੂੰ ਜਨਰਲਾਈਜ਼ ਕਰਵਾ ਕੇ 1-4-2018 ਤੋਂ ਪੂਰੀ ਤਨਖਾਹ ਤੇ ਭੱਤਿਆਂ ਦਾ ਬਕਾਇਆ ਤੁਰੰਤ ਜਾਰੀ ਕਰਵਾਉਣ, 4161 ਅਧਿਆਪਕਾਂ ਨੂੰ ਤੁਰੰਤ ਨਿਯੁਕਤੀ ਪੱਤਰ ਜਾਰੀ ਕਰਵਾਉਣ, ਵਿਦਿਆਰਥੀਆਂ ਤੋਂ ਵਸੂਲੀਆਂ ਜਾਣ ਵਾਲੀਆਂ ਬੋਰਡ ਪ੍ਰੀਖਿਆ ਫੀਸਾਂ ਤੇ ਸਰਟੀਫਿਕੇਟ ਫੀਸਾਂ ਤੋਂ ਛੋਟ ਦਿਵਾਉਣ ਲਈ ਇਹ ਵਿਸ਼ਾਲ ਝੰਡਾ ਮਾਰਚ ਕੀਤਾ ਜਾ ਰਿਹਾ ਹੈ। ਸੂਬਾ ਸੀਨੀਅਰ ਮੀਤ ਪ੍ਰਧਾਨ ਸਰਵਨ ਸਿੰਘ ਔਜਲਾ, ਸੂਬਾ ਜਥੇਬੰਦਕ ਸਕੱਤਰ ਕਰਨੈਲ ਸਿੰਘ ਚਿੱਟੀ, ਸੂਬਾ ਮੀਤ ਪ੍ਰਧਾਨ ਸੁਖਵਿੰਦਰ ਸੁੱਖੀ, ਵਿੱਤ ਸਕੱਤਰ ਜਸਵਿੰਦਰ ਬਠਿੰਡਾ ਤੇ ਪ੍ਰੈੱਸ ਸਕੱਤਰ ਗੁਰਮੀਤ ਕੋਟਲੀ ਨੇ ਕਿਹਾ ਕਿ ਪੈਂਡਿੰਗ ਬਕਾਏ ਤੁਰੰਤ ਜਾਰੀ ਕਰਵਾਉਣ ਤੇ ਹੋਰ ਅਧਿਆਪਕ ਮੰਗਾਂ ਸਰਕਾਰ ਤੋਂ ਮਨਵਾਉਣ ਲਈ ਵੱਡੇ ਪੱਧਰ 'ਤੇ ਅਧਿਆਪਕਾਂ ਦੀ ਝੰਡਾ ਮਾਰਚ ਲਈ ਲਾਮਬੰਦੀ ਕੀਤੀ ਜਾ ਰਹੀ ਹੈ।

# ਮਾਊਂਟ ਲਿਟਰਾ ਜ਼ੀ ਸਕੂਲ ਜੂਨੀਅਰਜ਼ ਦੇ ਵਿਦਿਆਰਥੀਆਂ ਵੱਲੋਂ ਰੇਲਵੇ ਸਟੇਸ਼ਨ ਦਾ ਦੌਰਾ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**

ਮਾਊਂਟ ਲਿਟਰਾ ਜੀ ਸਕੂਲ ਜੂਨੀਅਰਜ ਨਿਊ (ਮੇਨ) ਕੈਂਟ ਰੋਡ ਵਿਖੇ ਸਥਿਤ ਹੈ। ਸਕੂਲ ਦੇ ਚੇਅਰਮੈਨ ਸ੍ਰੀ ਚਮਨ ਲਾਲ ਗੁਲਾਟੀ ਤੇ ਪ੍ਰਿੰਸੀਪਲ ਸ੍ਰੀਮਤੀ ਸੀਮਾ ਗੁਲਾਟੀ ਨੇ ਦੱਸਿਆ ਕਿ ਸਕੂਲ ਦੇ ਨਿੱਕੇ-ਨਿੱਕੇ ਵਿਦਿਆਰਥੀਆਂ ਨੂੰ ਰੇਲਵੇ ਸਟੇਸ਼ਨ ਦਾ ਦੌਰਾ ਕਰਾਇਆ ਗਿਆ। ਇਸ ਗਤੀਵਿਧੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਇਨ੍ਹਾਂ ਸਥਾਨਾਂ ਬਾਰੇ ਸਿੱਧੇ ਤੌਰ 'ਤੇ ਜਾਣੂ ਕਰਾਉਣਾ ਸੀ ਤਾਂ ਜੁ ਵਿਦਿਆਰਥੀਆਂ ਦਾ ਬੌਧਿਕ ਵਿਕਾਸ ਹੋ ਸਕੇ। ਵਿਦਿਆਰਥੀਆਂ ਨੂੰ ਸਭ ਤੋਂ ਪਹਿਲਾਂ ਰੇਲਵੇ ਸਟੇਸ਼ਨ 'ਤੇ ਟਿਕਟ ਕਾਊਂਟਰ ਦਿਖਾਇਆ ਗਿਆ ਤੇ ਉਨ੍ਹਾਂ ਨੂੰ ਟਿਕਟ ਸੰਬੰਧੀ ਜਾਣਕਾਰੀ ਦਿੱਤੀ ਗਈ। ਇਸ ਤੋਂ ਬਾਅਦ ਉਨ੍ਹਾਂ ਨੂੰ ਰੇਲਵੇ ਪਲੇਟਫਾਰਮ, ਪਲੇਟਫਾਰਮ 'ਤੇ ਯਾਤਰੀਆਂ ਦੀ ਭੀੜ ਆਦਿ ਦਿਖਾਈ ਗਈ। ਬੱਚਿਆਂ ਨੂੰ ਉੱਥੇ ਮੌਜੂਦ ਪੁਲਸ ਮੁਲਾਜ਼ਮਾਂ ਨਾਲ ਮਿਲਣ ਦਾ ਪ੍ਰਬੰਧ ਕੀਤਾ ਗਿਆ। ਇਹ ਸਾਰਾ ਨਜ਼ਾਰਾ ਦੇਖ ਕੇ ਬੱਚੇ ਬਹੁਤ ਉਤਸੁਕ ਹੋ ਰਹੇ ਸਨ ਅਤੇ ਆਨੰਦ ਲੈ ਰਹੇ ਸਨ। ਵਿਦਿਆਰਥੀਆਂ ਲਈ ਇਹ ਸੈਰ-ਸਪਾਟਾ ਬਹੁਤ ਹੀ ਯਾਦਗਾਰੀ ਰਿਹਾ। ਸਕੂਲ ਪਰਤਣ ਤੋਂ ਬਾਅਦ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਨੂੰ ਆਪਣੇ ਸਬਦਾਂ ਵਿੱਚ ਆਪਣੇ ਤਜਰਬੇ ਸੁਣਾਏ। ਅੰਤ ਵਿੱਚ ਸਕੂਲ ਪ੍ਰਿੰਸੀਪਲ ਨੇ ਦੱਸਿਆ ਕਿ ਵਿਦਿਆਰਥੀਆਂ ਲਈ ਇਹ ਸੈਰ ਸੱਚਮੁੱਚ ਹੀ ਵਿਲੱਖਣ ਸੀ। ਛੋਟੇ ਬੱਚੇ ਇਸ ਸੈਰ ਸਪਾਟੇ ਰਾਹੀਂ ਰੇਲ ਗੱਡੀਆਂ ਨੂੰ ਦੇਖ ਕੇ ਬਹੁਤ ਖੁਸ ਹੋਏ। ਇਸ ਤਰ੍ਹਾਂ ਸਿੱਧੇ ਤੌਰ 'ਤੇ ਦਿੱਤੀ ਗਈ ਜਾਣਕਾਰੀ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਸਕੂਲ ਹਮੇਸਾ ਇਸ ਤਰ੍ਹਾਂ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰਦਾ ਰਹੇਗਾ ਤਾਂ ਜੁ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੋ ਸਕੇ। ਮਾਪਿਆਂ ਵੱਲੋਂ ਇਸ ਗਤੀਵਿਧੀ ਦੀ ਬਹੁਤ ਸ਼ਲਾਘਾ ਕੀਤੀ ਗਈ।

CMYK

## ਪਾਵਰਕਾਮ ਤੇ ਟ੍ਰਾਂਸਕੋ ਪੈਨਸ਼ਨਰਜ਼ ਵੱਲੋਂ ਮਾਨ ਸਰਕਾਰ ਵਿਰੁੱਧ ਨਾਅਰੇਬਾਜ਼ੀ



ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)

ਪਾਵਰਕਾਮ ਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਸਬ-ਡਵੀਜ਼ਨ ਮਹਿਲ ਕਲਾਂ ਤੇ ਸਬ-ਡਵੀਜ਼ਨ ਠੁੱਲੀਵਾਲ ਦੀ ਅਹਿਮ ਮੀਟਿੰਗ ਆਗੂ ਦਰਸ਼ਨ ਸਿੰਘ ਕਲਾਲ ਮਾਜਰਾ ਦੀ ਪ੍ਰਧਾਨਗੀ ਹੇਠ ਅਨਾਜ ਮੰਡੀ ਮਹਿਲ ਕਲਾਂ (ਬਰਨਾਲਾ) ਵਿਖੇ ਹੋਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਵਿੱਤ ਸਕੱਤਰ ਸੁਖਜੰਟ ਸਿੰਘ, ਸ਼ਹਿਰੀ/ਦਿਹਾਤੀ ਮੰਡਲ ਬਰਨਾਲ ਦੇ ਪ੍ਰਧਾਨ ਕੇਵਲ ਸਿੰਘ ਧਾਲੀਵਾਲ, ਸਕੱਤਰ ਸੁਖਦੇਵ ਸਿੰਘ ਜਲੂਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਜ਼ ਦੀਆਂ ਮੰਗਾਂ ਨੂੰ ਮੰਨਣ 'ਚ ਟਾਲ-ਮਟੋਲ ਕੀਤਾ ਜਾ ਰਿਹਾ ਹੈ। ਆਗੂਆਂ ਨੇ ਚੇਤਾਵਨੀ ਸੁਰ 'ਚ ਕਿਹਾ ਕਿ ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਤੇ ਸਰਕਾਰ ਨੇ ਜਥੇਬੰਦੀ ਨੂੰ ਮੀਟਿੰਗ ਨਾ ਦਿੱਤੀ ਤਾਂ 17 ਮਈ ਨੂੰ ਪਟਿਆਲਾ ਵਿਖੇ ਮੁੱਖ ਦਫਤਰ ਦਾ ਘਿਰਾਓ ਕਰਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਤੇ ਪਾਵਰਕਾਮ, ਟ੍ਰਾਂਸਕੋ ਦੀ ਮੈਨੇਜਮੈਂਟ ਹੋਵੇਗੀ। ਆਗੂ ਸਾਧੂ ਸਿੰਘ ਬੜ੍ਹੀ ਨੇ ਕਿਹਾ ਕਿ 7 ਮਈ ਨੂੰ ਜਲੰਧਰ ਜ਼ਿਮਨੀ ਚੋਣ ਦੌਰਾਨ ਪੰਜਾਬ/ਯੂ.ਟੀ. ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਸਰਕਾਰ ਖਿਲਾਫ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਜਵੇਗਾ, ਜਿਸ ਦੌਰਾਨ ਪਾਵਰਕਾਮ ਟ੍ਰਾਂਸਕੋ ਦੇ ਪੈਨਸ਼ਨਰਜ਼ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਕੇ ਸਰਕਾਰ ਵਿਰੁੱਧ ਆਪਣਾ ਰੋਸ ਪ੍ਰਗਟ ਕਰਨਗੇ। ਉਨ੍ਹਾਂ ਪਾਵਰਕਾਮ ਦੇ ਸਮੂਹ ਸੇਵਾਮੁਕਤ ਕਰਮਚਾਰੀਆਂ ਨੂੰ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸਰਕਾਰ ਵਿਰੁੱਧ ਇਕਜੁੱਟ ਹੋ ਕੇ ਸੰਘਰਸ਼ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਜਗਦੇਵ ਸਿੰਘ ਕੁਰੜ, ਦਰਸ਼ਨ ਸਿੰਘ ਜੌਹਲਾਂ, ਬਿੱਕਰ ਸਿੰਘ ਛੀਨੀਵਾਲ, ਜਸਮੇਲ ਸਿੰਘ ਛੀਨੀਵਾਲ, ਸੀਤਾ ਸਿੰਘ ਖਿਆਲੀ, ਸਮਸ਼ੇਰ ਸਿੰਘ ਹਮੀਦੀ ਆਦਿ ਹਾਜ਼ਰ ਸਨ। ਇਸ ਮੌਕੇ ਸੇਵਾ ਮੁਕਤ ਕਰਮਚਾਰੀਆਂ ਵੱਲੋਂ ਭਗਵੰਤ ਮਾਨ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

## ਨੌਜਵਾਨ ਭਾਰਤ ਸਭਾ ਵੱਲੋਂ ਮਹਿਲਾ ਪਹਿਲਵਾਨਾਂ ਦੇ ਘੋਲ ਦੀ ਹਮਾਇਤ ਦਾ ਐਲਾਨ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਮਹਿਲਾ ਪਹਿਲਵਾਨਾਂ ਵੱਲੋਂ ਇਨਸਾਫ ਲੈਣ ਲਈ ਜੰਤਰ ਮੰਤਰ 'ਤੇ ਦਿੱਤੇ ਜਾ ਰਹੇ ਧਰਨੇ ਦੀ ਹਮਾਇਤ ਕਰਦਿਆਂ ਨੌਜਵਾਨ ਭਾਰਤ ਸਭਾ ਨੇ ਜਿਨਸੀ ਸ਼ੋਸ਼ਣ ਦੇ ਕਥਿਤ ਦੋਸ਼ੀ ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਕਰਕੇ ਸਖਤ ਸਜ਼ਾਵਾਂ ਦੇਣ ਤੇ ਉਸ ਨੂੰ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਅਹੁਦੇ ਤੋਂ ਬਰਖਾਸਤ ਕਰਨ ਦੀ ਮੰਗ ਕੀਤੀ ਹੈ। ਪ੍ਰੈੱਸ ਦੇ ਨਾਮ 'ਤੇ ਬਿਆਨ ਜਾਰੀ ਕਰਦਿਆਂ ਨੌਜਵਾਨ ਭਾਰਤ ਸਭਾ ਦੇ ਸੂਬਾ ਕਮੇਟੀ ਮੈਂਬਰ ਅਸ਼ਵਨੀ ਘੁੱਦਾ ਨੇ ਕਿਹਾ ਕਿ ਮਹਿਲਾ ਪਹਿਲਵਾਨ ਆਪਣੇ ਨਾਲ ਹੋਏ ਜਿਨਸੀ ਸ਼ੋਸ਼ਣ ਦਾ ਇਨਸਾਫ ਲੈਣ ਲਈ ਜੰਤਰ-ਮੰਤਰ 'ਤੇ ਸੰਘਰਸ਼ ਕਰ ਰਹੇ ਹਨ, ਪਰ ਭਾਜਪਾ ਸਰਕਾਰ ਇਨ੍ਹਾਂ ਦੀ ਗੱਲ ਨੂੰ ਅਣਸੁਣਿਆਂ ਕਰ ਰਹੀ ਹੈ ਤੇ ਮੁਲਜ਼ਮ ਉੱਪਰ ਬਣਦੀ ਕਾਰਵਾਈ ਕਰਨ ਦੀ ਥਾਂ ਸੰਘਰਸ਼ ਕਰ ਰਹੇ ਖਿਡਾਰੀਆਂ ਨੂੰ ਧਰਨਾ ਚੁੱਕਣ ਦੀਆਂ ਨਸੀਹਤਾਂ ਦਿੱਤੀਆਂ ਜਾ ਰਹੀਆਂ ਨੇ। ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਪੀੜਤਾਂ ਦੀ ਸੁਣਵਾਈ ਨਾ ਕਰਕੇ ਮੁਲਜ਼ਮ ਦੇ ਹੱਕ ਵਿੱਚ ਭੁਗਤਿਆ ਜਾ ਰਿਹਾ ਹੈ ਅਤੇ ਮੁਲਜ਼ਮ 'ਤੇ ਐੱਫ.ਆਈ.ਆਰ. ਕਰਨ ਵਿੱਚ ਵੀ ਢਿੱਲ ਦਿਖਾਈ ਗਈ। ਉਨ੍ਹਾ ਕਿਹਾ ਕਿ ਖਿਡਾਰੀਆਂ ਦੇ ਸੰਘਰਸ਼ 'ਤੇ ਸੁਪਰੀਮ ਕੋਰਟ ਦੇ ਦਖਲ ਤੋਂ ਬਾਅਦ ਭਾਵੇਂ ਐੱਫ.ਆਈ.ਆਰ. ਤਾਂ ਦਰਜ ਕੀਤੀ ਗਈ, ਪਰ ਮੁਲਜ਼ਮ ਨੂੰ ਅਜੇ ਤੱਕ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ, ਜਦੋਂ ਕਿ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਮਹਿਲਾ ਪਹਿਲਵਾਨਾਂ ਵਿੱਚ ਇੱਕ ਨਾਬਾਲਗ ਵੀ ਸ਼ਾਮਲ ਹੈ, ਜਿਸ ਕਰਕੇ ਗੈਰ-ਜਮਾਨਤੀ ਪੋਕਸੋ ਐਕਟ ਵੀ ਲਾਇਆ ਗਿਆ ਹੈ। ਇਸ ਸਭ ਕੁਝ ਦੇ ਮੁਲਜ਼ਮ ਪਹਿਲਾਂ ਦੀ ਤਰ੍ਹਾਂ ਹੀ ਸਮਾਜਿਕ ਕੰਮਾਂ 'ਚ ਵਿਚਰ ਰਿਹਾ ਹੈ ਤੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਦੇ ਅਹੁਦੇ 'ਤੇ ਬਿਰਾਜ਼ਮਾਨ ਹੈ। ਉਨ੍ਹਾ ਕਿਹਾ ਕਿ ਭਾਜਪਾ ਹਕੂਮਤ ਦਾ ਪਹਿਲਾਂ ਵੀ ਕਈ ਕੇਸਾਂ ਵਿੱਚ ਔਰਤ ਵਿਰੋਧੀ ਚਿਹਰਾ ਨੰਗਾ ਹੋਇਆ ਹੈ। ਬਿਲਕੀਸ ਬਾਨੋ ਕੇਸ ਵਿੱਚ ਸਮੂਹਕ ਰੇਪ ਤੇ ਕਤਲ ਦੇ ਦੋਸ਼ੀਆਂ ਨੂੰ ਸਜ਼ਾ ਮੁਆਫ ਕਰਕੇ ਰਿਹਾਅ ਕਰਨਾ ਭਾਜਪਾ ਦਾ ਔਰਤ ਵਿਰੋਧੀ ਹੋਣ ਦੀ ਹਕੀਕਤ ਨੂੰ ਦਰਸਾਉਂਦਾ ਹੈ। ਉਨ੍ਹਾ ਕਿਹਾ ਕਿ ਸਾਰੇ ਇਨਸਾਫ ਪਸੰਦ ਤੇ ਜਮਹੂਰੀਅਤ ਪਸੰਦ, ਜਥੇਬੰਦਕ ਲੋਕਾਂ ਤੇ ਜਥੇਬੰਦੀਆਂ ਨੂੰ ਮਹਿਲਾ ਪਹਿਲਵਾਨਾਂ ਦੇ ਸੰਘਰਸ਼ ਦੀ ਹਮਾਇਤ ਕਰਨੀ ਚਾਹੀਦੀ ਹੈ ਤੇ ਮੁਲਜ਼ਮ ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਕਰਨ ਤੇ ਪ੍ਰਧਾਨਗੀ ਦੇ ਅਹੁਦੇ ਤੋਂ ਬਰਖਾਸਤ ਕਰਨ ਦੀ ਮੰਗ ਜ਼ੋਰ ਨਾਲ ਉਠਾਉਣੀ ਚਾਹੀਦੀ ਹੈ।

## 12 ਸਾਲਾਂ ਬਾਅਦ ਵੀ ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਲਾਭ ਲੈਣ ਤੋਂ ਵਾਂਝੇ ਗ਼ਰੀਬ ਪਰਵਾਰ

ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)



ਕੇਂਦਰ ਸਰਕਾਰ ਵੱਲੋਂ ਹਰ ਗਰੀਬ ਪਰਵਾਰ ਨੂੰ ਪੱਕਾ ਮਕਾਨ ਮੁਹੱਈਆ ਕਰਾਉਣ ਲਈ ਪ੍ਰਧਾਨ ਮੰਤਰੀ ਆਵਾਸ ਯੋਜਨਾ ਚਲਾਈ ਗਈ ਹੈ। ਇਸ ਯੋਜਨਾ ਤਹਿਤ ਸਰਕਾਰ ਵੱਲੋਂ ਗ਼ਰੀਬ ਲੋਕਾਂ ਨੂੰ ਪੱਕਾ ਮਕਾਨ ਬਣਵਾਉਣ ਲਈ ਆਰਥਿਕ ਮੱਦਦ ਮੁਹੱਈਆ ਕਰਵਾਈ ਜਾਂਦੀ ਹੈ। ਪਰ ਅੱਜ ਵੀ ਬਹੁਤੇ ਗ਼ਰੀਬ ਲੋਕ ਇਸ ਯੋਜਨਾ ਦਾ ਲਾਭ ਲੈਣ ਤੋਂ ਵਾਂਝੇ ਰਹਿ ਰਹੇ ਹਨ, ਜਿਸ ਕਾਰਨ ਉਹ ਸਰਕਾਰੀ ਬਾਬੂਆਂ ਦੇ ਦਫ਼ਤਰਾਂ ਦੇ ਚੱਕਰ ਕੱਟਣ ਲਈ ਮਜਬੂਰ ਹੋ ਰਹੇ ਹਨ। ਇਸੇ ਤਰ੍ਹਾਂ ਹੀ ਕਈ ਪਿੰਡਾਂ ਦੇ ਲੋਕ ਅੱਜ ਵੀ ਇਸ ਯੋਜਨਾ ਦਾ ਲਾਭ ਲੈਣ ਤੋਂ ਵਾਂਝੇ ਰਹਿ ਰਹੇ ਹਨ। ਪਹਿਲਾਂ ਤੋਂ ਹੀ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਸਰਹੱਦੀ ਪਿੰਡਾਂ ਦੇ ਲੋਕ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਜਾਰੀ ਹੋਈ ਸੂਚੀ ਵਿੱਚ ਨਾਂਅ ਆਉਣ ਤੋਂ 12 ਸਾਲਾਂ ਬਾਅਦ ਵੀ ਇਸ ਯੋਜਨਾ ਦਾ ਲਾਭ ਲੈਣ ਤੋਂ ਵਾਂਝੇ ਰਹਿ ਰਹੇ ਹਨ, ਜਿਸ ਕਾਰਨ ਬਹੁਤੇ ਲਾਭਪਾਤਰੀ ਕੱਚੇ ਅਤੇ ਖਸਤਾ ਹਾਲਤ ਵਿੱਚ ਖੜੇ ਮਕਾਨਾਂ ਵਿੱਚ ਰਹਿਣ ਲਈ ਮਜਬੂਰ ਹੋ ਰਹੇ ਹਨ। ਇਸੇ ਤਰ੍ਹਾਂ ਪਿੰਡ ਮੁਹਾਰ ਜਮਸ਼ੇਰ 'ਚ ਇਸ ਯੋਜਨਾ ਦੇ ਲਾਭਪਾਤਰੀ ਅੱਜ ਵੀ ਕੱਚੇ ਤੇ ਖਸਤਾ ਹਾਲ ਮਕਾਨਾਂ ਵਿੱਚ ਰਹਿਣ ਲਈ ਮਜਬੂਰ ਹੋ ਰਹੇ ਹਨ।

ਯੋਜਨਾ ਦਾ ਲਾਭ ਲੈਣ ਤੋਂ ਵਾਂਝੇ ਰਹਿ ਰਹੇ ਸ਼ਿੰਦਰ ਸਿੰਘ, ਭਜਨ ਸਿੰਘ ਤੇ ਹੋਰ ਲਾਭਪਾਤਰੀਆਂ ਨੇ ਦੱਸਿਆ ਉਨ੍ਹਾਂ ਦਾ ਨਾਂਅ ਸਾਲ 2011 ਵਿੱਚ ਜਾਰੀ ਹੋਈ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੀ ਸੂਚੀ ਵਿੱਚ ਆਇਆ ਸੀ। ਜਿਸ ਤੋਂ ਬਾਅਦ ਉਨ੍ਹਾਂ ਨੂੰ ਪੱਕਾ ਮਕਾਨ ਬਣਾਉਣ ਦੀ ਆਰਥਿਕ ਮਦਦ ਮਿਲਣ ਦੀ ਥੋੜ੍ਹੀ ਉਮੀਦ ਨਜ਼ਰ ਆਈ। ਪਰ ਉਨ੍ਹਾਂ ਨਾਂਅ ਸੂਚੀ ਵਿੱਚ ਆਉਣ ਤੋਂ 12 ਸਾਲਾਂ ਤੋਂ ਵੀ ਵੱਧ ਸਮਾਂ ਬੀਤ ਜਾਣ 'ਤੇ ਵੀ ਉਹ ਕੱਚੇ ਮਕਾਨਾਂ ਵਿੱਚ ਰਹਿਣ ਲਈ ਮਜਬੂਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਪਿੰਡ ਦੇ ਸਰਪੰਚ ਸਮੇਤ ਸੰਬੰਧਤ ਅਧਿਕਾਰੀਆਂ ਨੂੰ ਮਿਲ ਕੇ ਉਨ੍ਹਾਂ ਨੂੰ ਪੱਕਾ ਮਕਾਨ ਬਣਾਉਣ ਲਈ ਆਰਥਿਕ ਮਦਦ ਮੁਹੱਈਆ ਕਰਾਉਣ ਦੀ ਬੇਨਤੀ ਕੀਤੀ ਗਈ, ਜਦੋਂ ਉਹ ਬੀਡੀਪੀਓ ਦਫਤਰ ਵਿਖੇ ਜਾ ਕੇ ਸੰਬੰਧਤ ਅਧਿਕਾਰੀਆਂ ਨੂੰ ਮਿਲੇ ਤਾਂ ਉਨ੍ਹਾਂ ਵੱਲੋਂ ਸਾਰੀ ਕਾਗ਼ਜ਼ੀ ਕਾਰਵਾਈ ਪੂਰੀ ਕਰਨ ਲਈ ਕਿਹਾ ਗਿਆ। ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਆਪਣੀ ਸਾਰੀ ਕਾਗ਼ਜ਼ੀ ਕਾਰਵਾਈ ਪੂਰੀ ਕਰਕੇ ਉਸਦੀ ਇਕ ਫਾਈਲ ਬਣਵਾ ਕੇ ਬੀਡੀਪੀਓ ਦਫਤਰ ਵਿਚ ਦਿੱਤੀ ਗਈ। ਇਸ ਤੋਂ ਬਾਅਦ ਵੀ ਉਹ ਕਈ ਵਾਰੀ ਦਫ਼ਤਰਾਂ ਦੇ ਚੱਕਰ ਕੱਟਦੇ ਰਹੇ ਅਤੇ ਹੌਲੀ ਹੌਲੀ ਕਰਦਿਆਂ ਉਨ੍ਹਾਂ ਨੂੰ 12 ਸਾਲ ਤੋਂ ਵੀ ਵੱਧ ਸਮਾਂ ਬੀਤ ਗਿਆ, ਪਰ ਅੱਜ ਤੱਕ ਉਨ੍ਹਾਂ ਨੂੰ ਇਸ ਯੋਜਨਾ ਦਾ ਲਾਭ ਨਹੀਂ ਮਿਲ ਸਕਿਆ।

ਪਿੰਡ ਦੇ ਸਰਪੰਚ ਹੰਸ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪਿੰਡ ਬਿਲਕੁਲ ਜ਼ੀਰੋ ਲਾਈਨ 'ਤੇ ਸਥਿਤ ਹੋਣ ਕਾਰਨ ਇੱਥੇ ਦੇ ਲੋਕ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਸੂਚੀ ਜਾਰੀ ਹੋਣ ਤੋਂ 12 ਸਾਲ ਬੀਤ ਜਾਣ 'ਤੇ ਵੀ ਕਈ ਪਿੰਡ ਵਾਸੀ ਇਸ ਯੋਜਨਾ ਦਾ ਲਾਭ ਲੈਣ ਤੋਂ ਵਾਂਝੇ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿੰਡ ਦੇ ਬਹੁਤੇ ਲੋਕ ਬਹੁਤ ਗ਼ਰੀਬ ਹਨ ਤੇ ਮਿਹਨਤ ਮਜ਼ਦੂਰੀ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ, ਜਿਸ ਕਾਰਨ ਉਹ ਮਕਾਨ ਬਨਾਉਣ ਵਿੱਚ ਅਸਮਰੱਥ ਹਨ। ਇਸ ਯੋਜਨਾ ਦਾ ਲਾਭ ਨਾ ਮਿਲਣ ਕਾਰਨ ਕੁੱਝ ਲੋਕਾਂ ਦੇ ਮਕਾਨ ਡਿੱਗਣ ਕਿਨਾਰੇ ਖੜੇ ਹਨ ਤੇ ਕਦੇ ਵੀ ਡਿੱਗ ਕੇ ਕਿਸੇ ਕਿਸਮ ਦੇ ਵੱਡੇ ਹਾਦਸੇ ਦਾ ਕਾਰਨ ਬਣ ਸਕਦੇ ਹਨ। ਜਦੋਂ ਇਸ ਬਾਰੇ ਏਡੀਸੀ ਵਿਕਾਸ ਫ਼ਾਜ਼ਿਲਕਾ ਸੰਦੀਪ ਕੁਮਾਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਯੋਗ ਲਾਭਪਾਤਰੀਆਂ ਨੂੰ ਆਰਥਿਕ ਮਦਦ ਮੁਹੱਈਆ ਕਰਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਕੇਂਦਰ ਸਰਕਾਰ ਦੀ ਯੋਜਨਾ ਹੈ ਤੇ ਕੇਂਦਰ ਸਰਕਾਰ ਵੱਲੋਂ ਦਿੱਤੇ ਗਏ ਟਾਰਗੇਟ ਦੇ ਤਹਿਤ ਲਾਭਪਾਤਰੀਆਂ ਦੀ ਵੈਰੀਫਿਕੇਸ਼ਨ ਕਰਾ ਕੇ ਉਨ੍ਹਾਂ ਨੂੰ ਬਣਦਾ ਲਾਭ ਮੁਹੱਈਆ ਕਰਾਇਆ ਜਾ ਰਿਹਾ ਹੈ।

## ਕਾਤਰਾਂ

### ਹਸਪਤਾਲ 'ਚ ਕਿਸੇ ਚੀਜ਼ ਦੀ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ : ਪੰਡੋਰੀ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਡਾਕਟਰਾਂ ਦੀ ਘਾਟ ਕਾਰਨ ਚਰਚਾ 'ਚ ਆਏ ਕਮਿਊਨਿਟੀ ਹੈਲਥ ਸੈਂਟਰ ਦਾ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵੱਲੋਂ ਆਪਣੀ ਟੀਮ ਸਮੇਤ ਦੌਰਾ ਕੀਤਾ ਗਿਆ। ਹਸਪਤਾਲ ਦਾ ਜਾਇਜ਼ਾ ਲੈਣ ਉਪਰੰਤ ਵਿਧਾਇਕ ਪੰਡੋਰੀ ਨੇ ਸੀਨੀਅਰ ਮੈਡੀਕਲ ਅਫਸਰ ਗੁਰਤੇਜਿੰਦਰ ਕੌਰ ਕੋਲੋਂ ਹਸਪਤਾਲ ਸਬੰਧੀ ਪੂਰੀ ਰਿਪੋਰਟ ਹਾਸਲ ਕੀਤੀ। ਪੰਡੋਰੀ ਨੇ ਕਿਹਾ ਕਿ ਹਸਪਤਾਲ 'ਚ ਦੋ ਡਾਕਟਰ ਭੇਜੇ ਗਏ ਹਨ ਤੇ ਆਉਣ ਵਾਲੇ ਦਿਨਾਂ 'ਚ ਹੋਰ ਡਾਕਟਰ ਵੀ ਇਥੇ ਲਿਆਂਦੇ ਜਾਣਗੇ। ਉਨ੍ਹਾਂ ਪੂਰਨ ਯਕੀਨ ਦੁਆਇਆ ਕਿ ਇਸ ਹਸਪਤਾਲ 'ਚ ਡਾਕਟਰਾਂ ਸਮੇਤ ਕਿਸੇ ਵੀ ਚੀਜ਼ ਦੀ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾਂ ਹਸਪਤਾਲ 'ਚ ਦਵਾਈ ਲੈਣ ਆਏ ਮਰੀਜ਼ਾਂ ਦਾ ਹਾਲ-ਚਾਲ ਵੀ ਪੁੱਛਿਆ। ਇਸ ਮੌਕੇ ਬਲਾਕ ਐਜੂਕੇਟਰ ਕੁਲਜੀਤ ਸਿੰਘ ਵਜੀਦਕੇ, 'ਆਪ' ਦੇ ਆਗੂ ਗੁਰਦੀਪ ਸਿੰਘ ਸੋਢਾ, ਗੁਲਵੰਤ ਸਿੰਘ ਔਲਖ, ਬੇਅੰਤ ਸਿੰਘ ਮਿੱਠੂ, ਸੁਖਵਿੰਦਰ ਦਾਸ ਕੁਰੜ, ਮੋਹਿਤ ਕੁਮਾਰ ਗਰਗ, ਮਨਜੀਤ ਸਿੰਘ ਸਹਿਜੜਾ, ਪ੍ਰਗਟ ਸਿੰਘ ਮਹਿਲ ਖੁਰਦ, ਰਛਪਾਲ ਸਿੰਘ, ਹਾਕਮ ਸਿੰਘ ਛੀਨੀਵਾਲ, ਹਰੀ ਸਿੰਘ ਪੰਡੋਰੀ, ਜਗਦੇਵ ਸਿੰਘ ਪੰਡੋਰੀ ਆਦਿ ਵੀ ਹਾਜ਼ਰ ਸਨ।

### ਸੀਨੀਅਰ ਸਿਟੀਜ਼ਨਜ਼ ਵੱਲੋਂ ਧਰਨਾ ਅੱਜ

**ਧੂਰੀ (ਸੁਖਦੇਵ ਧੂਰੀ)**-ਸੀਨੀਅਰ ਸਿਟੀਜ਼ਨਜ਼ ਵੈੱਲਫੇਅਰ ਐਸੋਸੀਏਸ਼ਨ ਤਹਿਸੀਲ ਧੂਰੀ ਦੀ ਇੱਕ ਵਿਸ਼ੇਸ਼ ਮੀਟਿੰਗ ਵਿੱਚ ਹੋਏ ਫੈਸਲੇ ਅਨੁਸਾਰ ਧੂਰੀ ਦੇ ਸਿਟੀ ਪਾਰਕ ਦੇ ਵਿਕਾਸ ਤੇ ਸਾਂਭ ਸੰਭਾਲ ਦੇ ਕੰਮ ਵਿੱਚ ਨਗਰ ਕੌਂਸਲ ਧੂਰੀ ਵੱਲੋਂ ਕੀਤੀ ਜਾ ਰਹੀ ਅਣਦੇਖੀ ਕਰਨ ਅੱਜ ਨਗਰ ਕੌਂਸਲ ਧੂਰੀ ਦੇ ਦਫਤਰ ਮੂਹਰੇ ਇੱਕ ਵਿਸ਼ਾਲ ਧਰਨਾ ਲਾਇਆ ਜਾਵੇਗਾ। ਇਹ ਜਾਣਕਾਰੀ ਜਥੇਬੰਦੀ ਦੇ ਪ੍ਰਧਾਨ ਜਗਦੀਸ਼ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਸਿੰਘ ਢੀਂਡਸਾ, ਚਰਨਜੀਤ ਸਿੰਘ, ਗਿਰਧਾਰੀ ਲਾਲ ਤੇ ਹੰਸ ਰਾਜ ਕਹੇਰੂ ਨੇ ਦਿੱਤੀ।

### ਮੁਕਤਸਰ-ਜਲਾਲਾਬਾਦ ਰੋਡ 'ਤੇ ਰੇਲਵੇ ਲਾਈਨ ਦੇ ਹੇਠਾਂ ਅੰਡਰਪਾਸ ਬਣਾਉਣ ਦੀ ਮੰਗ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੁਕਤਸਰ ਜਲਾਲਾਬਾਦ ਰੋਡ ਉਪਰ ਰੇਲਵੇ ਫਾਟਕ ਬੀ-30 ਤੇ ਉਸਾਰੀ ਅਧੀਨ ਫਲਾਈਓਵਰ ਮੁਕੰਮਲ ਹੋ ਚੁੱਕਾ ਹੈ। ਨਿਯਮਾਂ ਅਨੁਸਾਰ ਰੋਡ ਓਵਰਬ੍ਰਿਜ ਦੇ ਨਾਲ ਰੋਡ ਅੰਡਰਬ੍ਰਿਜ ਜਾਂ ਅੰਡਰਪਾਸ ਬਣਨਾ ਜ਼ਰੂਰੀ ਹੁੰਦਾ ਹੈ ਪਰ ਜਗ੍ਹਾ ਦੀ ਘਾਟ ਕਾਰਨ ਇਹ ਨਹੀਂ ਬਣ ਸਕਿਆ। ਫਾਟਕ ਪੱਕੇ ਤੌਰ 'ਤੇ ਬੰਦ ਹੋਣ ਕਾਰਨ ਫਾਟਕ ਦੇ ਦੋਨਾਂ ਪਾਸਿਆਂ ਦੇ ਨਿਵਾਸੀ ਤੇ ਦੁਕਾਨਦਾਰ ਬਹੁਤ ਪਰੇਸ਼ਾਨ ਹਨ ਤੇ ਮਜਬੂਰੀ ਵਿੱਚ ਰੇਲਵੇ ਲਾਈਨ ਨੂੰ ਪਾਰ ਕਰਕੇ ਲੰਘਦੇ ਹਨ, ਜਿਸ ਕਾਰਨ ਕਦੇ ਵੀ ਕੋਈ ਵੀ ਹਾਦਸਾ ਹੋ ਸਕਦਾ ਹੈ। ਰੇਲਵੇ ਮੰਡਲ ਫਿਰੋਜ਼ਪੁਰ ਦੇ ਉਪਭੋਗਤਾ ਸਲਾਹਕਾਰ ਕਮੇਟੀ ਦੇ ਮੈਂਬਰ ਸ਼ਾਮ ਲਾਲ ਗੋਇਲ ਨੇ ਰੇਲਵੇ ਮੰਤਰੀ ਭਾਰਤ ਸਰਕਾਰ, ਜਨਰਲ ਰੇਲਵੇ ਮੈਨੇਜਰ, ਉਤਰੀ ਰੇਲਵੇ, ਨਵੀਂ ਦਿੱਲੀ, ਮੰਡਲ ਰੇਲਵੇ ਮੈਨੇਜਰ, ਉਤਰੀ ਰੇਲਵੇ ਫਿਰੋਜ਼ਪੁਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਪੁਲ ਦੇ ਨਾਲ ਕੋਟਕਪੂਰਾ ਫਾਜ਼ਿਲਕਾ ਰੇਲ ਸੈਕਸ਼ਨ ਦੇ ਕਿਲੋਮੀਟਰ 32.20 ਤੋਂ 32.30 ਦੇ ਵਿਚਕਾਰ 2 ਮੀਟਰ 2 ਮੀਟਰ ਦਾ ਆਰ.ਸੀ.ਸੀ. ਬਾਕਸ (ਸਿੰਗਲ) ਰੇਲਵੇ ਟਰੈਕ ਦੇ ਹੇਠ ਦੀ ਬਣਾਇਆ ਜਾਵੇ ਤਾਂ ਜੋ ਰਿਹਾਇਸ਼ੀ ਤੇ ਦੁਕਾਨਦਾਰ ਰੇਲਵੇ ਲਾਈਨ ਦੇ ਉਪਰੋਂ ਲੰਘਣ ਦੀ ਬਜਾਏ ਟਰੈਕ ਦੇ ਹੇਠਾਂ ਦੀ ਪੈਦਲ ਰਸਤੇ ਰਾਹੀਂ ਆ ਜਾ ਸਕਣ।

### ਜੰਗਲਾਤ ਵਰਕਰਾਂ ਵੱਲੋਂ ਸੂਬਾ ਪੱਧਰੀ ਰੈਲੀ ਭਲਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਵਰਕਰਾਂ ਦੀਆਂ ਮੰਗਾਂ ਦੇ ਸਬੰਧ ਵਿੱਚ ਸੂਬਾ ਪੱਧਰੀ ਰੈਲੀ 6 ਮਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਜਾਵੇਗੀ।ਉਪਰੰਤ ਜਲੰਧਰ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ ਜਾਵੇਗਾ।ਨਿਸ਼ਾਨ ਸਿੰਘ ਜ਼ਿਲ੍ਹਾ ਪ੍ਰਧਾਨ, ਮੇਹਰ ਸਿੰਘ ਸਕੱਤਰ, ਬਲਬੀਰ ਸਿੰਘ ਗੋਖੀਵਾਲਾ ਸੀਨੀਅਰ ਮੀਤ ਪ੍ਰਧਾਨ, ਗੁਰਬੀਰ ਸਿੰਘ ਰਾਣਾ ਸਰਕਲ ਸਕੱਤਰ, ਮਹਿਲ ਸਿੰਘ ਸੂਬਾ ਪ੍ਰਧਾਨ ਵਣ ਵਿਭਾਗ ਡਰਾਈਵਰ ਯੂਨੀਅਨ, ਮਨਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਣ ਵਿਭਾਗ ਵਿੱਚ ਕੰਮ ਕਰਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ।ਇਸ ਸਬੰਧੀ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਕਈ ਵਾਰ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ, ਵਿਭਾਗ ਦੇ ਉੱਚ ਅਧਿਕਾਰੀ ਵਰਕਰਾਂ ਦੀ ਸੀਨੀਆਰਤਾ ਸੂਚੀ ਬਣਾਉਣ ਤੋਂ ਆਨਾਕਾਨੀ ਕਰ ਰਹੇ ਹਨ।

## ਪੂਨਮ ਕਾਂਗੜਾ ਨੇ ਐੱਸ ਸੀ ਪਰਵਾਰਾਂ ਦੀਆਂ ਸੁਣੀਆਂ ਮੁਸ਼ਕਲਾਂ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਠੁੱਲੇਵਾਲ ਦੇ ਐੱਸ ਸੀ ਪਰਿਵਾਰਾਂ ਵੱਲੋਂ ਦਿੱਤੀ ਸ਼ਿਕਾਇਤ ਦੇ ਆਧਾਰ 'ਤੇ ਐੱਸ ਸੀ ਕਮਿਸ਼ਨ ਮੈਂਬਰ ਮੈਡਮ ਪੂਨਮ ਕਾਂਗੜਾ ਵੱਖ ਵੱਖ ਅਧਿਕਾਰੀਆਂ ਸਮੇਤ ਪਿੰਡ ਠੁੱਲੇਵਾਲ ਪਹੁੰਚੇ, ਜਿੱਥੇ ਉਨ੍ਹਾਂ ਵੱਲੋਂ ਵਿਵਾਦਪੂਰਨ ਥਾਂ ਤੇ ਸਥਿਤੀ ਦਾ ਜਾਇਜ਼ਾ ਲਿਆ ਤੇ ਐੱਸ ਸੀ ਵਰਗ ਦੇ ਪੀੜਤ ਪਰਿਵਾਰਾਂ ਦੀਆਂ ਮੁਸ਼ਕਲਾਂ ਸੁਣੀਆਂ। ਇਸ ਮੌਕੇ ਪੀੜਤ ਪਰਿਵਾਰਾਂ ਨੇ ਮੈਡਮ ਕਾਂਗੜਾ ਨੂੰ ਲੋੜੀਂਦੇ ਕਾਗਜ਼ਾਤ ਵਿਖਾਉਂਦੇ ਹੋਏ ਦੱਸਿਆ ਕਿ ਉਨ੍ਹਾਂ ਨੂੰ ਇਹ ਥਾਂ 1973 'ਚ ਉਸ ਸਮੇਂ ਦੀ ਸਰਕਾਰ ਵੱਲੋਂ ਅਲਾਟ ਕੀਤੀ ਗਈ ਸੀ, ਜਿਸ ਦੇ ਉਹ ਕਾਨੂੰਨੀ ਤੌਰ 'ਤੇ ਮਾਲਕ ਹਨ, ਪ੍ਰੰਤੂ ਕੁੱਝ ਲੋਕਾਂ ਵੱਲੋਂ ਇਥੇ ਉਸਾਰੀ ਕਰਨ 'ਚ ਅੜਿੱਕਾ ਡਾਹ ਕੇ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਸਰਪੰਚ ਸਰਦਾਰਾ ਸਿੰਘ ਨੇ ਇਸ ਸਬੰਧੀ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਬੇਸ਼ੱਕ ਸਰਕਾਰ ਵੱਲੋਂ 50 ਸਾਲ ਪਹਿਲਾਂ ਐੱਸ ਸੀ ਪਰਿਵਾਰਾਂ ਨੂੰ ਇਹ ਥਾਂ ਅਲਾਟ ਕੀਤੀ ਗਈ ਸੀ, ਪ੍ਰੰਤੂ ਇਨ੍ਹਾਂ ਪਰਿਵਾਰਾਂ ਨੇ ਨਿਯਮਾਂ ਅਨੁਸਾਰ ਇਥੇ ਸਮੇਂ ਸਿਰ ਉਸਾਰੀ ਨਹੀਂ ਕੀਤੀ, ਜਿਸ ਕਰਕੇ ਪੰਚਾਇਤੀ ਐਕਟ ਅਨੁਸਾਰ ਇਹ ਥਾਂ ਮੁੜ ਪੰਚਾਇਤ ਦੀ ਹੀ ਮਾਲਕੀਅਤ ਹੈ। ਮੈਡਮ ਕਾਂਗੜਾ ਨੇ ਮੌਕੇ 'ਤੇ ਹਾਜ਼ਰ ਐੱਸ ਡੀ ਐੱਮ ਬਰਨਾਲਾ ਨੂੰ ਹਦਾਇਤ ਕੀਤੀ ਕਿ ਉਹ ਇਸ ਮਾਮਲੇ ਸਬੰਧੀ ਰਿਪੋਰਟ 15 ਦਿਨਾਂ ਦੇ ਅੰਦਰ ਖੁਦ ਨਿੱਜੀ ਤੌਰ 'ਤੇ ਦਫਤਰ ਹਾਜ਼ਰ ਹੋ ਕੇ ਪੇਸ਼ ਕਰਨ। ਮੈਡਮ ਪੂਨਮ ਕਾਂਗੜਾ ਨੇ ਕਿਹਾ ਕਿ ਐੱਸ ਸੀ ਵਰਗ ਨੂੰ ਇਨਸਾਫ ਦਿਵਾਉਣ ਲਈ ਐੱਸ ਸੀ ਕਮਿਸ਼ਨ ਪੰਜਾਬ 24 ਘੰਟੇ ਯਤਨਸ਼ੀਲ ਹੈ।

ਇਸ ਮੌਕੇ ਐੱਸ ਡੀ ਐੱਮ ਬਰਨਾਲਾ ਗੋਪਾਲ ਸਿੰਘ, ਤਹਿਸੀਲਦਾਰ ਦਿਵਿਆ ਸਿੰਗਲਾ, ਡੀ ਐੱਸ ਪੀ ਗਮਦੂਰ ਸਿੰਘ ਚਹਿਲ, ਜ਼ਿਲ੍ਹਾ ਭਲਾਈ ਅਫਸਰ ਗੁਰਿੰਦਰ ਸਿੰਘ, ਸ਼ਿੰਗਾਰਾ ਸਿੰਘ ਠੁੱਲੇਵਾਲ, ਮਜ਼ਦੂਰ ਆਗੂ ਬੀਬੀ ਪਰਮਜੀਤ ਕੌਰ ਗੁੰਮਟੀ, ਰਾਜਵਿੰਦਰ ਸਿੰਘ, ਗੁਰਦੇਵ ਸਿੰਘ ਤੇ ਬਲਦੇਵ ਸਿੰਘ, ਗੁਰਮੀਤ ਸਿੰਘ ਦੂਲੋਂ ਆਦਿ ਹਾਜ਼ਰ ਸਨ।

## 45000 ਨਸ਼ੇ ਦੀਆਂ ਗੋਲੀਆਂ ਸਮੇਤ ਦੋ ਗ੍ਰਿਫਤਾਰ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸਰਹਿੰਦ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਭਾਰੀ ਮਾਤਰਾ 'ਚ ਨਸ਼ੇ ਲਈ ਵਰਤੀਆਂ ਜਾਣ ਵਾਲੀਆਂ ਪਾਬੰਦੀਸ਼ੁਦਾ ਗੋਲੀਆਂ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਥਾਣਾ ਸਰਹਿੰਦ ਦੀ ਇੱਕ ਪੁਲਸ ਪਾਰਟੀ ਵੱਲੋਂ ਸਰਹਿੰਦ ਦੇ ਮਾਧੋਪੁਰ ਚੌਕ 'ਚ ਰਾਤ ਨੂੰ ਨਾਕਾਬੰਦੀ ਕਰਕੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਰਾਤ ਕਰੀਬ 12.30 ਵਜੇ ਸਕੂਟਰੀ 'ਤੇ ਆ ਰਹੇ ਦੋ ਮੋਨੇ ਵਿਅਕਤੀ ਪੁਲਸ ਨੂੰ ਦੇਖ ਕੇ ਘਬਰਾ ਗਏ ਤੇ ਜਦੋਂ ਉਨ੍ਹਾਂ ਜਲਦਬਾਜ਼ੀ 'ਚ ਸਕੂਟਰੀ ਪਿੱਛੇ ਮੋੜਨ ਦੀ ਕੋਸ਼ਿਸ਼ ਕੀਤੀ ਤਾਂ ਸਕੂਟਰੀ ਬੰਦ ਹੋ ਗਈ, ਜਿਨ੍ਹਾਂ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਉਨ੍ਹਾਂ 'ਚੋਂ ਇੱਕ ਨੇ ਆਪਣੀ ਪਹਿਚਾਣ ਤਰਲੋਕ ਚੰਦ ਵਾਸੀ ਮੁਹੱਲਾ ਬਹਿਲਾਂ ਸਰਹਿੰਦ ਵਜੋਂ ਤੇ ਦੂਸਰੇ ਨੇ ਆਪਣੀ ਪਹਿਚਾਣ ਮੋਹਨ ਸਿੰਘ ਵਾਸੀ ਨੇੜੇ ਨਵਾਂ ਬੱਸ ਅੱਡਾ ਜੀ. ਟੀ. ਰੋਡ ਸਰਹਿੰਦ ਵਜੋਂ ਦੱਸੀ। ਉਪਰੰਤ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਨੇ ਸਕੂਟਰੀ 'ਤੇ ਰੱਖੇ ਥੈਲੇ ਦੀ ਤਲਾਸ਼ੀ ਕੀਤੀ ਤਾਂ ਉਸ ਵਿੱਚੋਂ 45,000 ਗੋਲੀਆਂ ਮਾਰਕਾ ਲੋਮੋਟਿਲ ਬਰਾਮਦ ਹੋਈਆਂ, ਜਿਸ 'ਤੇ ਦੋਵਾਂ ਨੂੰ ਗ੍ਰਿਫਤਾਰ ਕਰਦਿਆਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

## ਕਿਰਤੀ ਧਿਰਾਂ ਨੂੰ ਇੱਕਜੁੱਟ ਕਰਕੇ ਵਿਸ਼ਾਲ ਸਮਾਜਕ ਏਕਤਾ ਦੀ ਲਹਿਰ ਖੜੀ ਕਰਾਂਗੇ : ਸਮਾਓਂ

### ਪੱਕਾ ਮੋਰਚਾ 279ਵੇਂ ਦਿਨ 'ਚ ਹੋਇਆ ਦਾਖਲ



**ਮਾਨਸਾ (ਆਤਮਾ ਸਿੰਘ ਪਮਾਰ)**-ਦਲਿਤਾਂ, ਮਜ਼ਦੂਰਾਂ ਤੇ ਕਿਰਤੀ ਧਿਰਾਂ ਨੂੰ ਇੱਕਜੁੱਟ ਕਰਕੇ ਆਉਂਦੇ ਦਿਨਾਂ ਵਿੱਚ ਇੱਕ ਵਿਸ਼ਾਲ ਸਮਾਜਿਕ ਏਕਤਾ ਲਹਿਰ ਖੜ੍ਹੀ ਕਰਾਂਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਜ਼ਦੂਰ ਮੰਗਾਂ ਲਈ ਏ ਡੀ ਸੀ ਵਿਕਾਸ ਦਫਤਰ ਅੱਗੇ ਚੱਲ ਰਹੇ ਦਿਨ-ਰਾਤ ਦੇ ਪੱਕੇ ਮਜ਼ਦੂਰ ਮੋਰਚੇ ਦੇ 279ਵੇਂ ਦਿਨ ਧਰਨੇ 'ਤੇ ਪਹੁੰਚੇ ਮਜ਼ਦੂਰ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਦੇ ਸੂਬਾਈ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕੀਤਾ। ਉਨ੍ਹਾ ਕਿਹਾ ਕਿ ਸੱਤਾ ਦੀ ਕੁਰਸੀ ਉਪਰ ਬੈਠਣ ਵਾਲੇ ਹਾਕਮਾਂ ਨੇ ਗਰੀਬਾਂ ਨੂੰ ਸਿਰਫ ਵੋਟਾਂ ਸਮੇਂ ਹੀ ਯਾਦ ਕੀਤਾ। ਇਸ ਲਈ ਹੁਣ ਮੋਦੀ ਤੇ ਮਾਨ ਸਰਕਾਰ ਖਿਲਾਫ ਦਲਿਤ, ਗਰੀਬ ਲੋਕ, ਧਰਮ, ਜਾਤਾਂ ਤੇ ਰਾਜਨੀਤੀ ਤੋਂ ਉੱਪਰ ਉੱਠ ਕੇ ਜਥੇਬੰਦ ਹੋਣ ਦਾ ਅਹਿਦ ਕਰਨ। ਉਨ੍ਹਾਂ ਰਿਜ਼ਰਵੇਸ਼ਨ ਚੋਰਾਂ ਨੂੰ ਸਮਾਜਿਕ ਮੰਚ 'ਤੇ ਨੰਗਾ ਕਰਨ ਲਈ ਚੰਡੀਗੜ੍ਹ ਵਿਖੇ ਚੱਲ ਰਹੇ ਦਿਨ-ਰਾਤ ਦੇ ਧਰਨੇ ਦੀ ਹਮਾਇਤ ਕਰਦੇ ਹੋਏ ਦਲਿਤ ਸਮਾਜ ਨੂੰ ਚੰਡੀਗੜ੍ਹ ਮੋਰਚੇ ਵਿੱਚ ਪਹੁੰਚਣ ਦੀ ਅਪੀਲ ਵੀ ਕੀਤੀ। ਉਨ੍ਹਾ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਸੰਵਿਧਾਨ ਤੇ ਸ਼ਹੀਦਾਂ ਦੇ ਇਤਿਹਾਸ ਨੂੰ ਖਤਮ ਕਰਨਾ ਚਾਹੁੰਦੀ ਹੈ। ਇਸ ਲਈ ਡਾ. ਅੰਬੇਡਕਰ ਸਾਹਿਬ ਦੀ ਵਿਚਾਰਧਾਰਾ ਨੂੰ ਘਰ-ਘਰ ਪਹੁੰਚਾਉਣ ਲਈ ਮੁਹਿੰਮ ਚਲਾਵਾਂਗੇ ਤਾਂ ਜੋ ਗਰੀਬਾਂ ਨੂੰ ਆਪਣੇ ਮੁਕਤੀਦਾਤੇ ਬਾਰੇ ਅਤੇ ਮਗਰਮੱਛ ਦੇ ਹੰਝੂ ਵਹਾਉਣ ਵਾਲਿਆਂ ਵਿਚਲੇ ਅੰਤਰ ਦਾ ਪਤਾ ਚੱਲ ਸਕੇ। ਉਨ੍ਹਾ ਕਿਹਾ ਮੁੱਖ ਮੰਤਰੀ ਮਾਨ ਵੱਲੋਂ ਪੰਜਾਬ ਦੇ ਦਲਿਤਾਂ, ਮਜ਼ਦੂਰਾਂ ਨੂੰ ਨਜ਼ਰਅੰਦਾਜ਼ ਕਰਨ ਦਾ ਖਮਿਆਜ਼ਾ ਸੰਗਰੂਰ ਦੀ ਤਰ੍ਹਾਂ ਜਲੰਧਰ ਦੀ ਹੋ ਰਹੀ ਜ਼ਿਮਨੀ ਚੋਣ ਵਿੱਚ ਵੀ ਭੁਗਤਣਾ ਪਵੇਗਾ। ਉਨ੍ਹਾਂ ਮਜ਼ਦੂਰਾਂ ਨੂੰ ਮਜ਼ਦੂਰ ਮੁਕਤੀ ਮੋਰਚਾ ਨਾਲ ਜੁੜਨ ਦੀ ਅਪੀਲ ਕੀਤੀ। ਇਸ ਸਮੇਂ ਧਰਨੇ ਵਿੱਚ ਜਰਨੈਲ ਸਿੰਘ ਮਾਨਸਾ, ਸੁਖਦੇਵ ਸਿੰਘ ਬੁਰਜ ਢਿੱਲਵਾਂ, ਮਿੱਠੂ ਸਿੰਘ ਖਿਆਲਾ, ਵੀਰਪਾਲ ਕੌਰ, ਬੋਘਾ ਸਿੰਘ, ਭੋਲਾ ਸਿੰਘ ਠੂਠਿਆਂਵਾਲੀ ਆਦਿ ਮੌਜੂਦ ਸਨ।

## ਗਿਆਨ ਸਾਗਰ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਜਿੱਤੇ ਗੋਲਡ ਮੈਡਲ



**ਬਰੇਟਾ (ਰੀਤਵਾਲ)**-ਪਿਛਲੇ ਦਿਨਾਂ 'ਚ ਬਠਿੰਡਾ ਵਿਖੇ ਪੰਜਾਬ ਗੋਜੂ ਰਿਊ ਸਪੋਰਟਸ ਕਰਾਟੇ ਡੂ ਐਸੋਸੀਏਸ਼ਨ ਵੱਲੋਂ ਓਪਨ ਪੰਜਾਬ ਸਟੇਟ ਕਰਾਟੇ ਖੇਡਾਂ ਕਰਵਾਈਆਂ ਗਈਆਂ ਸਨ। ਇਨ੍ਹਾਂ ਖੇਡਾਂ ਵਿੱਚ ਗਿਆਨ ਸਾਗਰ ਕਾਨਵੈਂਟ ਸਕੂਲ ਕਾਹਨਗੜ੍ਹ ਦੇ ਦੋ ਬੱਚਿਆਂ ਨੇ ਵੀ ਹਿੱਸਾ ਲਿਆ। ਜਿਸ 'ਚ ਪਰਗਟ ਸਿੰਘ ਅੱਠਵੀਂ ਜਮਾਤ ਦੇ ਵਿਦਿਆਰਥੀ ਅਤੇ ਜਸਪ੍ਰੀਤ ਕੌਰ ਬਾਰ੍ਹਵੀਂ ਕਲਾਸ ਦੀ ਵਿਦਿਆਰਥਣ ਨੇ ਪੰਜਾਬ ਦੇ ਬਾਕੀ ਸਕੂਲਾਂ ਦੇ ਬੱਚਿਆਂ ਨੂੰ ਪਛਾੜਦੇ ਹੋਏ ਇਨ੍ਹਾਂ ਖੇਡਾਂ ਵਿੱਚ ਜਿੱਤ ਹਾਸਲ ਕੀਤੀ ਅਤੇ ਪਹਿਲਾਂ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਆਪਣੇ ਨਾਂਅ ਕੀਤੇ। ਜਿਸ ਸਦਕਾ ਇਲਾਕੇ, ਬੱਚਿਆਂ ਦੇ ਮਾਪਿਆਂ ਅਤੇ ਸਮੂਹ ਸਟਾਫ਼ 'ਚ ਬਹੁਤ ਖੁਸ਼ੀ ਦਾ ਮਹੌਲ ਹੈ। ਇਸ ਪ੍ਰਾਪਤੀ ਲਈ ਸਕੂਲ 'ਚ ਬੱਚਿਆਂ ਨੂੰ ਸਕੂਲ ਪ੍ਰਿੰਸੀਪਲ ਭਾਰਤ ਦੀਪ ਗਰਗ ਵੱਲੋਂ ਗੋਲਡ ਮੈਡਲ ਅਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ। ਸਕੂਲ ਚੇਅਰਮੈਨ ਰਾਮਪਾਲ ਸਿੰਘ ਸੇਖੋਂ ਅਤੇ ਸਕੂਲ ਪ੍ਰਿੰਸੀਪਲ ਭਾਰਤ ਦੀਪ ਗਰਗ ਵੱਲੋਂ ਬੱਚੇ, ਬੱਚਿਆਂ ਦੇ ਮਾਪਿਆਂ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਗਈ।

## ਮੀਡੀਆ ਕਲੱਬ ਨੇ ਮਨਾਇਆ ਕੌਮਾਂਤਰੀ ਪ੍ਰੈੱਸ ਅਜ਼ਾਦੀ ਦਿਵਸ



**ਪਾਤੜਾਂ (ਪੱਤਰ ਪ੍ਰੇਰਕ)**-ਮੀਡੀਆ ਕਲੱਬ ਪਾਤੜਾਂ ਨੇ ਕੌਮਾਂਤਰੀ ਪ੍ਰੈੱਸ ਅਜ਼ਾਦੀ ਦਿਹਾੜਾ ਪਿਛਲੇ ਸਮੇਂ ਦੌਰਾਨ ਵਿਛੋੜਾ ਦੇ ਗਏ ਪੱਤਰਕਾਰ ਭਾਈਚਾਰੇ ਨਾਲ ਸਬੰਧਤ ਸ਼ਖ਼ਸੀਅਤਾਂ ਨੂੰ ਯਾਦ ਕਰਕੇ ਮਨਾਇਆ। ਇਸ ਦੌਰਾਨ ਦੇਸ਼ ਵਿਦੇਸ਼ ਵਿੱਚ ਸਰਕਾਰੀ ਤੇ ਗੈਰ-ਸਰਕਾਰੀ ਜਬਰ ਦਾ ਸ਼ਿਕਾਰ ਹੋਏ ਪੱਤਰਕਾਰਾਂ ਨੂੰ ਮੋਮਬੱਤੀਆਂ ਬਾਲ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਮੀਡੀਆ ਕਲੱਬ ਪਾਤੜਾਂ ਦੇ ਪ੍ਰਧਾਨ ਗੁਰਨਾਮ ਸਿੰਘ ਚੌਹਾਨ ਨੇ ਕਿਹਾ ਕਿ ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ, ਪਰ ਅਜੋਕੇ ਸਮੇਂ ਦੌਰਾਨ ਜਦੋਂ ਪ੍ਰੈੱਸ ਉੱਤੇ ਹਰ ਪਾਸਿਓਂ ਹਮਲੇ ਹੋ ਰਹੇ ਹੋਣ, ਤਾਂ ਉਸ ਨੇ ਪ੍ਰੈੱਸ ਦੀ ਆਜ਼ਾਦੀ ਦੀ ਕੋਈ ਅਹਿਮੀਅਤ ਨਹੀਂ ਰਹਿ ਜਾਂਦੀ। ਸੰਸਾਰ ਪੱਧਰ ਦੇ 180 ਦੇਸ਼ਾਂ ਵਿੱਚੋਂ ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿੱਚ ਭਾਰਤ 150ਵੇਂ ਸਥਾਨ 'ਤੇ ਪਹੁੰਚ ਚੁੱਕਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਪੱਤਰਕਾਰ ਸਤਪਾਲ ਗਰਗ, ਜਗਦੀਸ਼ ਸਿੰਘ ਕੰਬੋਜ, ਭੁਪਿੰਦਰਜੀਤ ਮੌਲਵੀਵਾਲਾ, ਭੂਸ਼ਨ ਸਿੰਗਲਾ, ਸੰਜੇ ਗਰਗ, ਹਰਭਜਨ ਸਿੰਘ ਮਹਿਰੋਕ ਤੇ ਨਿਸ਼ਾਨ ਸਿੰਘ ਬਣਵਾਲਾ ਆਦਿ ਹਾਜ਼ਰ ਸਨ।

## ਜਲੰਧਰ ਜ਼ਿਮਨੀ ਚੋਣ 'ਚ ਵਿਧਾਇਕ ਸੁਖਾਨੰਦ ਨੇ ਸੰਭਾਲਿਆ ਮੋਰਚਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ 'ਚ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਲੋਂ ਆਪਣੇ ਸਾਥੀਆਂ ਸਮੇਤ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ 'ਚ ਚੋਣ ਪ੍ਰਚਾਰ ਦਾ ਮੋਰਚਾ ਸੰਭਾਲਦਿਆਂ ਸਪੱਸ਼ਟ ਕਿਹਾ ਕਿ ਆਮ ਆਦਮੀ ਪਾਰਟੀ ਜਲੰਧਰ ਜ਼ਿਮਨੀ ਚੋਣ 'ਚ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰੇਗੀ। ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਰਕਰਾਂ ਦੀ ਮਿਹਨਤ ਸਦਕਾ ਜ਼ਿਮਨੀ ਚੋਣ ਪੂਰੀ ਤਰ੍ਹਾਂ ਭਖ ਚੁੱਕੀ ਹੈ। ਉਨ੍ਹਾ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਵੱਡੀ ਜਿੱਤ ਪ੍ਰਾਪਤ ਕਰੇਗੀ। ਉਨ੍ਹਾ ਸੁਸ਼ੀਲ ਕੁਮਾਰ ਨੂੰ ਜਿਤਾਉਣ ਲਈ ਹੁਣ ਤੱਕ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਵਿਕਾਸ ਕੰਮਾਂ ਦੀ ਦਲੀਲ ਦਿੱਤੀ। ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਇਸ ਵਕਤ ਕਾਫੀ ਮਜ਼ਬੂਤ ਸਥਿਤੀ 'ਚ ਚਲ ਰਹੇ ਹਨ। ਵਿਧਾਇਕ ਸੁਖਾਨੰਦ ਨੇ ਕਿਹਾ ਕਿ ਪਿਛਲੇ ਇੱਕ ਸਾਲ ਦੇ ਕਾਰਜਕਾਲ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਪੰਜਾਬ ਖੁਸ਼ਹਾਲੀ ਅਤੇ ਉੱਨਤੀ ਵੱਲ ਵਧ ਰਿਹਾ ਹੈ। ਉਨ੍ਹਾ ਕਿਹਾ ਕਿ ਜੋ ਕੰਮ ਭਗਵੰਤ ਮਾਨ ਨੇ ਇੱਕ ਸਾਲ ਦੌਰਾਨ ਕਰ ਦਿੱਤੇ ਹਨ, ਉਹ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਕਦੀ ਵੀ ਨਹੀਂ ਹੋਏ। ਇਸ ਮੌਕੇ ਉਨ੍ਹਾ ਨਾਲ ਸੋਨੀ ਧਾਲੀਵਾਲ ਮਾੜੀ ਮੁਸਤਫਾ, ਧਰਮਿੰਦਰ ਸਿੰਘ ਰੱਖੜਾ, ਗਗਨ ਸਿੰਘ ਚੱਡਾ, ਟੀਟੂ ਬਰਾੜ, ਸੀਰਾ ਸਿੰਘ ਬਰਾੜ ਡੇਅਰੀ ਵਾਲਾ ਅਤੇ ਹੋਰ ਹਾਜ਼ਰ ਸਨ।

## ਕਿਸਾਨ ਆਗੂ ਜੋਗਿੰਦਰ ਸਿੰਘ ਨੂੰ ਨਾਅਰਿਆਂ ਦੀ ਗੂੰਜ 'ਚ ਅੰਤਿਮ ਵਿਦਾਇਗੀ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਭਾਕਿਯੂ ਉਗਰਾਹਾਂ ਵਜੀਦਕੇ ਕਲਾਂ ਇਕਾਈ ਦੇ ਪ੍ਰਧਾਨ ਜੋਗਿੰਦਰ ਸਿੰਘ ਵਜੀਦਕੇ ਦਾ ਦਿਹਾਂਤ ਹੋ ਗਿਆ ਹੈ। ਉਨ੍ਹਾਂ ਦੇ ਅੰਤਿਮ ਸੰਸਕਾਰ ਸਮੇਂ ਬਲਾਕ ਪ੍ਰਧਾਨ ਜੱਜ ਸਿੰਘ ਗਹਿਲ, ਨਾਹਰ ਸਿੰਘ ਗੁੰਮਟੀ, ਕੁਲਦੀਪ ਸਿੰਘ ਚੁਹਾਣਕੇ, ਕੁਲਜੀਤ ਸਿੰਘ ਵਜੀਦਕੇ ਦੀ ਅਗਵਾਈ ਹੇਠ ਉਨ੍ਹਾਂ ਦੀ ਮ੍ਰਿਤਕ ਦੇਹ ਉਪਰ ਜਥੇਬੰਦੀ ਦਾ ਝੰਡਾ ਪਾ ਕੇ ਨਾਅਰਿਆਂ ਦੀ ਗੂੰਜ 'ਚ ਅੰਤਿਮ ਵਿਦਾਇਗੀ ਦਿੱਤੀ ਗਈ। ਕਿਸਾਨ ਆਗੂਆਂ ਨੇ ਜੁਗਿੰਦਰ ਸਿੰਘ ਵਜੀਦਕੇ ਦੇ ਕਿਸਾਨੀ ਘੋਲ ਵਿੱਚ ਪਾਏ ਵੱਡਮੁੱਲੇ ਯੋਗਦਾਨ ਤੇ ਜਥੇਬੰਦੀ ਦੀ ਮਜ਼ਬੂਤੀ ਲਈ ਕੀਤੇ ਕੰਮਾਂ ਦੀ ਚਰਚਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਚਲੇ ਜਾਣ ਨਾਲ ਪਰਿਵਾਰ ਤੋਂ ਇਲਾਵਾ ਕਿਸਾਨੀ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਮੌਕੇ ਨੰਬਰਦਾਰ ਰਜਿੰਦਰ ਸਿੰਘ ਵਜੀਦਕੇ, ਅਜਮੇਰ ਸਿੰਘ ਭੱਠਲ, ਸੁਖਵਿੰਦਰ ਸਿੰਘ ਕਾਲਾ, ਚਰਨ ਸਿੰਘ ਵਜੀਦਕੇ, ਗੁਰਦੀਪ ਸਿੰਘ ਖਾਲਸਾ ਆਦਿ ਆਗੂ ਹਾਜ਼ਰ ਸਨ।

## ਸਕੂਲ ਵਾਹਨਾਂ ਦੀ ਕੀਤੀ ਅਚਨਚੇਤ ਚੈਕਿੰਗ



**ਜ਼ੀਰਾ (ਨਰਿੰਦਰ ਅਨੇਜਾ)**-ਡਿਪਟੀ ਕਮਿਸ਼ਨਰ ਫਿਰੋਜ਼ਪੁਰ ਸ੍ਰੀ ਰਾਜੇਸ਼ ਧੀਮਾਨ ਦੇ ਦਿਸ਼ਾ ਨਿਰਦੇਸ਼ 'ਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਸ੍ਰੀਮਤੀ ਰਤਨਦੀਪ ਸੰਧੂ ਦੀ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਫਿਰੋਜ਼ਪੁਰ ਵੱਲੋਂ ਟਾਸਕ ਫੋਰਸ ਮੈਂਬਰਾਂ ਦੀ ਟੀਮ ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਵੱਖ-ਵੱਖ ਸਕੂਲ ਵਾਹਨਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੌਕੇ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ 9 ਸਕੂਲ ਵਾਹਨਾਂ ਦੇ ਚਲਾਨ ਕੀਤੇ ਗਏ। ਇਸ ਮੌਕੇ ਟ੍ਰੈਫਿਕ ਇੰਚਾਰਜ ਏ.ਐੱਸ.ਆਈ. ਬਲੌਰ ਸਿੰਘ ਵੱਲੋਂ ਸਕੂਲੀ ਵਾਹਨਾਂ ਦੇ ਡਰਾਇਵਰਾਂ ਨੂੰ ਕਿਹਾ ਕਿ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਾਹਨਾਂ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਫਿਰੋਜ਼ਪੁਰ ਦੇ ਅਧਿਕਾਰੀਆਂ ਵੱਲੋਂ ਸਮੇਂ-ਸਮੇਂ 'ਤੇ ਸਕੂਲ ਪ੍ਰਿੰਸੀਪਲ ਤੇ ਸਕੂਲ ਵਾਹਨਾਂ ਦੇ ਡਰਾਇਵਰਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਹਦਾਇਤਾਂ ਜਿਵੇਂ ਸੀ.ਸੀ.ਟੀ.ਵੀ. ਕੈਮਰਾ, ਖਿੜਕੀ ਤੇ ਲੋਹੇ ਦੀ ਗਰਿੱਲ, ਫਸਟ ਏਡ ਬਾਕਸ, ਲੇਡੀ ਕਡੰਕਟਰ ਆਦਿ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਤੋਂ ਸ੍ਰੀ ਸਤਨਾਮ ਸਿੰਘ, ਰਿਜਨਲ ਟਰਾਂਸਪੋਰਟ ਅਥਾਰਟੀ ਦਫਤਰ ਤੋਂ ਸੁਰਿੰਦਰ ਸਿੰਘ, ਸਿੱਖਿਆ ਵਿਭਾਗ ਤੋਂ ਸ੍ਰੀ ਬਲਪ੍ਰੀਤ ਸਿੰਘ ਤੇ ਪੁਲਸ ਵਿਭਾਗ ਤੋਂ ਸੁਖਵਿੰਦਰ ਸਿੰਘ ਮੌਜੂਦ ਸਨ।

## ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਵੱਲੋਂ 7 ਨੂੰ ਜਲੰਧਰ 'ਚ ਝੰਡਾ ਮਾਰਚ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਦਾ ਵਾਅਦਾ ਪੂਰਾ ਨਾ ਕਰਨ ਦੇ ਰੋਸ ਵਜੋਂ 7 ਮਈ ਨੂੰ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ ਜਲੰਧਰ ਵਿਖੇ ਵਿਸ਼ਾਲ ਝੰਡਾ ਮਾਰਚ ਕਰਕੇ ਆਪਣਾ ਰੂਸ ਰੋਸ ਪ੍ਰਗਟਾਉਣਗੇ। ਇਸ ਬਾਰੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇਸ਼ ਸੂਬਾ ਕੋ-ਕਨਵੀਨਰ ਰਣਦੀਪ ਸਿੰਘ ਸ੍ਰੀ ਫਤਿਹਗੜ੍ਹ ਸਾਹਿਬ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਹਰ ਇੱਕ ਵਿਭਾਗ ਦਾ ਹਰ ਇੱਕ ਮਲਾਜ਼ਮ ਪੁਰਾਣੀ ਪੈਨਸ਼ਨ ਚਾਹੁੰਦਾ ਹੈ, ਪਰ ਸਰਕਾਰ ਦੀ ਨੀਤੀ 'ਤੇ ਸਵਾਲੀਆ ਨਿਸ਼ਾਨ ਹੈ। ਆਪ ਸਰਕਾਰ ਦੇ ਵੱਖ ਵੱਖ ਆਗੂਆਂ ਨੇ ਮੁਲਾਜ਼ਮਾਂ ਨਾਲ ਪਰਾਣੀ ਪੈਨਸ਼ਨ ਦਾ ਵਾਅਦਾ ਕੀਤਾ ਸੀ, ਜਿਸ ਦੇ ਸਿੱਟੇ ਵਜੋਂ ਮੁਲਾਜ਼ਮਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਮੁਲਾਜ਼ਮ ਵਰਗ ਆਪਣੇ ਰੋਸ ਦਾ ਪ੍ਰਗਟਾਵਾ ਕਰਨ ਲਈ 7 ਮਈ ਨੂੰ ਜਲੰਧਰ ਦੀ ਜ਼ਿਮਨੀ ਚੋਣ ਦੌਰਾਨ ਸਰਕਾਰ ਪ੍ਰਤੀ ਰੋਸ ਪ੍ਰਗਟ ਕਰਦੇ ਹੋਏ ਵਿਸ਼ਾਲ ਮਾਰਚ ਕੀਤਾ ਜਾਵੇਗਾ।

## ਸਿਹਤ ਦੇ ਖੇਤਰ 'ਚ ਆਮ ਆਦਮੀ ਕਲੀਨਿਕ ਇੱਕ ਨਵੀਂ ਕ੍ਰਾਂਤੀ : ਭੁੱਲਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਿਹਤ ਸਹੂਲਤਾਂ ਦੇ ਖੇਤਰ ਵਿੱਚ ਆਮ ਆਦਮੀ ਕਲੀਨਿਕ ਇੱਕ ਨਵੀਂ ਕ੍ਰਾਂਤੀ ਵਾਂਗ ਹਨ ਹਨ।ਹਰ ਮਹੀਨੇ ਵੱਡੀ ਗਿਣਤੀ ਵਿੱਚ ਲੋਕ ਇਨ੍ਹਾਂ ਕਲੀਨਿਕਾਂ ਤੋਂ ਮੁਫ਼ਤ ਸਿਹਤ ਸੇਵਾਵਾਂ ਲੈ ਰਹੇ ਹਨ।ਰਾਜ ਸਰਕਾਰ ਆਪਣੇ ਕੀਤੇ ਵਾਅਦੇ ਅਨੁਸਾਰ ਪੰਜਾਬ ਦੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਵਚਨਬੱਧ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਫਿਰੋਜ਼ਪੁਰ ਸ਼ਹਿਰੀ ਤੋਂ ਵਿਧਾਇਕ ਰਣਬੀਰ ਸਿੰਘ ਭੁੱਲਰ ਵੱਲੋਂ ਕੀਤਾ ਗਿਆ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਸਰਕਾਰ ਆਮ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਤੇ ਲੋਕ ਭਲਾਈ ਸਕੀਮਾਂ ਲਾਭ ਦਾ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਦੇਣ ਲਈ ਮੁੱਢ ਤੋਂ ਹੀ ਯਤਨਸ਼ੀਲ ਹੈ।ਉਨ੍ਹਾ ਕਿਹਾ ਕਿ ਰਾਜ ਵਿੱਚ ਲੋਕਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵੱਡੀ ਪੱਧਰ 'ਤੇ ਆਮ ਆਦਮੀ ਕਲੀਨਿਕ ਸ਼ੁਰੂ ਕੀਤੇ ਗਏ, ਜਿਨ੍ਹਾਂ ਦਾ ਲਾਭ ਆਮ ਲੋਕ ਉਠਾ ਰਹੇ ਹਨ।ਵਿਧਾਇਕ ਨੇ ਦੱਸਿਆ ਕਿ ਜਨਵਰੀ ਮਹੀਨੇ ਵਿੱਚ ਫਿਰੋਜ਼ਪੁਰ ਸ਼ਹਿਰੀ ਹਲਕੇ ਵਿੱਚ ਪੈਂਦੇ ਉਕਤ ਸਾਰੇ ਆਮ ਆਦਮੀ ਕਲੀਨਿਕਾਂ ਵਿੱਚ ਓਪੀਡੀ ਰਾਹੀਂ 955 ਮਰੀਜ਼ਾਂ ਵੱਲੋਂ 90 ਟੈਸਟ, ਫਰਵਰੀ ਮਹੀਨੇ ਵਿੱਚ 6606 ਮਰੀਜ਼ਾਂ ਵੱਲੋਂ 878 ਟੈਸਟ, ਮਾਰਚ ਮਹੀਨੇ ਵਿੱਚ ਓਪੀਡੀ. ਰਾਹੀ 5149 ਮਰੀਜ਼ਾਂ ਵੱਲੋਂ 413 ਟੈਸਟ ਤੇ ਅਪ੍ਰੈਲ ਮਹੀਨੇ ਵਿੱਚ 4688 ਮਰੀਜ਼ਾਂ ਵੱਲੋਂ 528 ਟੈਸਟ ਕਰਵਾਏ ਗਏ ਹਨ।ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਉਕਤ ਚਾਰੇ ਆਮ ਆਦਮੀ ਕਲੀਨਿਕਾਂ ਵਿੱਚ ਹੁਣ ਤੱਕ ਕੁੱਲ 17523 ਲੋਕਾਂ ਨੇ 1909 ਮੁਫ਼ਤ ਮੈਡੀਕਲ ਟੈਸਟ ਕਰਵਾ ਕੇ ਸਿਹਤ ਸਹੂਲਤਾਂ ਹਾਸਲ ਕੀਤੀਆਂ ਹਨ।ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਸਮੂਹ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਜ਼ਰੂਰਤ ਪੈਣ 'ਤੇ ਸਭ ਤੋਂ ਪਹਿਲਾਂ ਆਮ ਆਦਮੀ ਕਲੀਨਿਕਾਂ ਰਾਹੀਂ ਮੁੱਢਲੀਆਂ ਸਿਹਤ ਸਹੂਲਤਾਂ ਲੈਣ ਤੇ ਜੇਕਰ ਫਿਰ ਵੀ ਜ਼ਰੂਰਤ ਪੈਂਦੀ ਹੈ ਤਾਂ ਉਹ ਜ਼ਿਲ੍ਹੇ ਵਿੱਚ ਖੋਲ੍ਹੇ ਗਏ ਹੋਰ ਸਿਹਤ ਕੇਂਦਰਾਂ ਰਾਹੀਂ ਵੀ ਆਪਣਾ ਇਲਾਜ ਕਰਵਾ ਸਕਦੇ ਹਨ।ਉਨ੍ਹਾ ਦੱਸਿਆ ਕਿ ਜ਼ਿਲ੍ਹੇ ਦੇ ਆਮ ਆਦਮੀ ਕਲੀਨਿਕਾਂ ਵਿੱਚ ਲੋਕਾਂ ਨੂੰ ਲਗਭਗ 150 ਤਰ੍ਹਾਂ ਦੀਆਂ ਦਵਾਈਆਂ ਤੇ 40 ਤੋਂ ਵੱਧ ਤਰ੍ਹਾਂ ਦੇ ਟੈਸਟ ਬਿਲਕੁਲ ਮੁਫ਼ਤ ਕੀਤੇ ਜਾ ਰਹੇ ਹਨ।

## ਨਰਮੇ ਦੀ ਫ਼ਸਲ ਹੇਠ ਰਕਬਾ ਵਧਾਉਣ ਲਈ ਕਿਸਾਨ ਸਿਖਲਾਈ ਕੈਂਪ



ਕਿਸਾਨ ਸਿਖਲਾਈ ਕੈਂਪ ਦੌਰਾਨ ਕਿਸਾਨਾਂ ਨੂੰ ਜਾਗਰੂਕ ਕਰਦੇ ਹੋਏ ਖੇਤੀਬਾੜੀ ਮਾਹਿਰ।

**ਮਲੋਟ/ਮੁਕਤਸਰ (ਗੁਰਮੀਤ ਸਿੰਘ ਮੱਕੜ/ ਸ਼ਮਿੰਦਰ, ਪੂਜਾ)**

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਉੱਨਤ ਕਿਸਾਨ ਮਿਸ਼ਨ ਅਧੀਨ ਪਿੰਡ ਕਰਮਗੜ੍ਹ, ਛਾਪਿਆਂਵਾਲੀ, ਭੰਗਚੜ੍ਹੀ-ਦਬੜਾ ਤੇ ਪਿੰਡ ਤਰਖਾਣਵਾਲਾ ਵਿਖੇ ਨਰਮੇ ਦੀ ਫ਼ਸਲ ਹੇਠ ਰਕਬਾ ਵਧਾਉਣ ਲਈ ਡਾ. ਗੁਰਪ੍ਰੀਤ ਸਿੰਘ ਮੁੱਖ ਖੇਤੀਬਾੜੀ ਅਫਸਰ ਦੇ ਦਿਸ਼ਾ-ਨਿਰਦੇਸ਼ਾਂ ਤੇ ਡਾ. ਪਰਮਿੰਦਰ ਸਿੰਘ ਧੰਜੂ ਬਲਾਕ ਖੇਤੀਬਾੜੀ ਅਫ਼ਸਰ ਦੀ ਯੋਗ ਅਗਵਾਈ ਹੇਠ ਕਿਸਾਨ ਸਿਖਲਾਈ ਕੈਂਪ ਲਾਏ ਗਏ। ਕੈਂਪ ਦੌਰਾਨ ਨਰਮੇ ਦੀ ਫ਼ਸਲ ਦੀਆਂ ਸ਼ਿਫ਼ਾਰਸ਼ਸ਼ੁਦਾ ਕਿਸਮਾਂ, ਪੰਜਾਬ ਸਰਕਾਰ ਵੱਲੋਂ ਨਰਮੇ ਦੇ ਬੀਜਾਂ ਉੱਪਰ ਦਿੱਤੀ ਜਾ ਰਹੀ 33 ਪ੍ਰਤੀਸ਼ਤ ਸਬਸਿਡੀ ਤੇ ਪੰਜਾਬ ਸਰਕਾਰ ਵੱਲੋਂ ਨਰਮੇ ਦੀ ਬਿਜਾਈ ਵਾਲੇ ਪਿੰਡਾਂ ਵਿੱਚ ਨਿਯੁਕਤ ਕੀਤੇ ਕਿਸਾਨ ਮਿੱਤਰ ਤੇ ਸੁਪਰਵਾਇਜ਼ਰਾਂ ਬਾਰੇ ਜਾਣਕਾਰੀ ਦਿੱਤੀ ਅਤੇ ਮੂੰਗੀ ਦੀ ਫ਼ਸਲ ਨੂੰ ਨਰਮੇ ਵਾਲੇ ਪਿੰਡਾਂ ਵਿੱਚ ਨਾ ਬੀਜਣ ਦੀ ਸਲਾਹ ਦਿੱਤੀ ਗਈ। ਇਸ ਮੌਕੇ ਕਿਸਾਨਾਂ ਨੂੰ ਮਿੱਟੀ ਪਾਣੀ ਦੇ ਸੈਂਪਲ ਲੈਣ ਦੀ ਵਿਧੀ ਤੇ ਪਰਖ ਕਰਾਉਣ ਬਾਰੇ ਜਾਗਰੂਕ ਕੀਤਾ। ਇਨ੍ਹਾਂ ਕੈਂਪਾਂ ਵਿਚ ਵਿਭਾਗ ਮਲੋਟ ਦੇ ਪਿੰਡ ਕਰਮਗੜ੍ਹ ਵਿੱਚ ਡਾ. ਪਰਮਿੰਦਰ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ, ਸਰਕਲ ਕੱਟਿਆਂਵਾਲੀ, ਪਿੰਡ ਛਾਪਿਆਂਵਾਲੀ ਡਾ. ਅਮ੍ਰਿਤਕ੍ਰਿਪਾਲ ਸਿੰਘ, ਪਿੰਡ ਭੰਗਚੜ੍ਹੀ-ਦਬੜਾ ਡਾ. ਮੰਗਲ ਸੇਨ ਤੇ ਪਿੰਡ ਤਰਖਾਣਵਾਲਾ ਵਿੱਚ ਡਾ. ਜਸਨੀਨ ਕੌਰ ਨੇ ਕਿਸਾਨਾਂ ਨੂੰ ਜਾਗਰੂਕ ਕੀਤਾ। ਇਸ ਕੈਂਪ ਦੌਰਾਨ ਵਿਭਾਗ ਦੇ ਮਨਦੀਪ ਸਿੰਘ ਏ.ਐਸ.ਆਈ, ਰਾਕੇਸ਼ ਰਾਣੀ ਏ.ਐਸ.ਆਈ, ਲਵਜੀਤ ਸਿੰਘ ਏ.ਟੀ.ਐਮ ਅਤੇ ਗੁਰਬਾਜ ਸਿੰਘ ਏ.ਟੀ.ਐਮ. ਤੇ ਸਮੂਹ ਪਿੰਡਾ ਵਿਚ ਰੱਖੇ ਗਏ ਕਿਸਾਨ ਮਿੱਤਰ, ਸੁਪਰਵਾਇਜ਼ਰ ਤੇ ਪਿੰਡ ਦੇ ਮੋਹਤਬਰ ਕਿਸਾਨ ਹਾਜ਼ਰ ਸਨ।

## ਰਾਜੋਆਣਾ ਦੀ ਸਜ਼ਾ ਉਮਰ ਕੈਦ 'ਚ ਬਦਲਣ ਤੋਂ ਇਨਕਾਰ ਕਰਨ ਦੀ ਕਾਰਵਾਈ ਹੁਕਮਰਾਨਾਂ ਤੇ ਅਦਾਲਤਾਂ ਦੀ ਸਿੱਖ ਵਿਰੋਧੀ ਸੋਚ ਦਾ ਨਤੀਜਾ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

'ਜਦੋਂ ਇੰਡੀਆ ਦੀ ਸਰਕਾਰ ਦਾ ਗ੍ਰਹਿ ਵਿਭਾਗ ਸਤੰਬਰ 2019 ਵਿੱਚ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੀ ਸਿਫਾਰਸ਼ ਕਰਦੇ ਹੋਏ ਨੋਟੀਫਿਕੇਸ਼ਨ ਜਾਰੀ ਕਰ ਚੁੱਕਾ ਹੈ, ਫਿਰ ਅੱਜ ਇੰਡੀਆ ਦੀ ਸੁਪਰੀਮ ਕੋਰਟ ਵੱਲੋਂ ਐਨੇ ਲੰਮੇ ਸਮੇਂ ਬਾਅਦ ਇਹ ਕਹਿ ਕੇ ਕਿ ਇਸ ਸੰਬੰਧੀ ਫੈਸਲਾ ਸੰਬੰਧਤ ਅਥਾਰਟੀ ਕਰਕੇ ਸਾਨੂੰ ਜਾਣਕਾਰੀ ਦੇਵੇਗੀ, ਇਹ ਤਾਂ ਮੁਤੱਸਵੀ ਹੁਕਮਰਾਨਾਂ ਤੇ ਅਦਾਲਤਾਂ ਦੀ ਸਿੱਖ ਕੌਮ ਵਿਰੋਧੀ ਆਪਸੀ ਮਿਲੀਭੁਗਤ ਦਾ ਹੀ ਨਤੀਜਾ ਹੈ ਅਤੇ ਸਾਨੂੰ ਇਨ੍ਹਾਂ ਅਦਾਲਤਾਂ ਤੇ ਹੁਕਮਰਾਨਾਂ ਤੋਂ ਨਾ ਪਹਿਲਾਂ ਕਦੇ ਇਨਸਾਫ਼ ਮਿਲਿਆ ਹੈ ਤੇ ਨਾ ਹੀ ਆਉਣ ਵਾਲੇ ਸਮੇਂ ਵਿੱਚ ਮਿਲ ਸਕੇਗਾ। ਇਸ ਲਈ ਸਿੱਖ ਕੌਮ ਨੂੰ ਆਪਣੀ ਅਣਖ-ਗੈਰਤ ਨੂੰ ਕਾਇਮ ਰੱਖਣ ਤੇ ਆਜ਼ਾਦੀ ਨਾਲ ਜ਼ਿੰਦਗੀ ਜਿਊਣ ਲਈ ਦੂਰ ਅੰਦੇਸ਼ੀ ਤੇ ਦ੍ਰਿੜ੍ਹਤਾ ਨਾਲ ਫੈਸਲਾ ਲੈਣਾ ਪਵੇਗਾ ਕਿ ਹੁਕਮਰਾਨਾਂ ਦੇ ਗੁਲਾਮੀਅਤ ਪ੍ਰਬੰਧ ਵਿੱਚੋਂ ਸਿੱਖ ਕੌਮ ਨੇ ਕਿਸ ਤਰ੍ਹਾਂ ਆਜ਼ਾਦ ਹੋਣਾ ਹੈ ਤੇ ਹੁਣ ਤੱਕ ਦੇ ਹੋਏ ਵਿਤਕਰਿਆਂ, ਜ਼ਬਰ ਜ਼ੁਲਮਾਂ ਦਾ ਇਨਸਾਫ਼ ਕਿਵੇਂ ਲੈਣਾ ਹੈ ? ਜਦੋਂਕਿ ਰਾਜੀਵ ਗਾਂਧੀ ਕਤਲ ਕੇਸ ਦੇ ਦੋਸ਼ੀਆਂ ਨੂੰ ਇਨ੍ਹਾਂ ਨੇ ਬਹੁਤ ਪਹਿਲੇ ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਬਰੀ ਕਰਕੇ ਰਿਹਾਅ ਕਰ ਦਿੱਤਾ ਹੈ। ਦੂਸਰੇ ਪਾਸੇ ਜਿਨ੍ਹਾਂ ਸਿੱਖ ਬੰਦੀਆਂ ਨੇ ਆਪਣੀ ਕਾਨੂੰਨੀ ਬਣਦੀਆਂ ਸਜ਼ਾਵਾਂ 25-25, 30-30 ਸਾਲਾਂ ਤੋਂ ਵੀ ਵੱਧ ਭੁਗਤ ਚੁੱਕੇ ਹਨ, ਉਨ੍ਹਾਂ ਨੂੰ ਇਹ ਹੁਕਮਰਾਨ ਤੇ ਸਿੱਖ ਕੌਮ ਨੂੰ ਨਫਰਤ ਕਰਨ ਵਾਲੇ ਕਾਨੂੰਨ ਅਜੇ ਵੀ ਰਿਹਾਅ ਕਰਨ ਤੋਂ ਇਨਕਾਰ ਕਰਦੇ ਆ ਰਹੇ ਹਨ, ਜੋ ਸਰਾਸਰ ਧੱਕਾ ਤੇ ਵੱਡੀ ਬੇਇਨਸਾਫ਼ੀ ਹੈ, ਜਿਸ ਨੂੰ ਸਿੱਖ ਕੌਮ ਕਦਾਚਿਤ ਸਹਿਣ ਨਹੀਂ ਕਰੇਗੀ।'

ਇਹ ਵਿਚਾਰ ਸ੍. ਸਿਮਰਨਜੀਤ ਸਿੰਘ ਮਾਨ ਐੱਮ ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਭਾਈ ਬਲਵੰਤ ਸਿੰਘ ਰਾਜੋਆਣਾ, ਜਿਨ੍ਹਾਂ ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਸੰਬੰਧੀ ਲੰਮੇ ਸਮੇਂ ਤੋਂ ਸਰਕਾਰਾਂ ਤੇ ਅਦਾਲਤਾਂ ਦੇ ਟੇਬਲਾਂ ਉਤੇ ਲਿਖਤੀ ਰੂਪ ਵਿੱਚ ਦਸਤਾਵੇਜ਼ ਪੁੱਜੇ ਹੋਏ ਹਨ, ਉਨ੍ਹਾਂ ਵੱਲੋਂ ਸਾਡੀ ਸਿੱਖ ਨੌਜਵਾਨੀ ਨੂੰ ਇਨਸਾਫ਼ ਨਾ ਦੇਣ ਦੇ ਅਮਲਾਂ ਅਤੇ ਸਿੱਖ ਕੌਮ ਨਾਲ ਵਿਧਾਨਿਕ ਤੇ ਸਮਾਜਿਕ ਤੌਰ 'ਤੇ ਦੋਹਰੇ ਮਾਪਦੰਡ ਅਪਣਾਉਣ ਦੀ ਹਕੂਮਤੀ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਪ੍ਰਗਟ ਕੀਤੇ। ਇਥੇ ਇਹ ਵਰਣਨ ਕਰਨਾ ਜ਼ਰੂਰੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲੇ 2019 ਨੂੰ ਭਾਈ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਹਕੂਮਤੀ ਪੱਧਰ 'ਤੇ ਸਿਫਾਰਸ਼ ਹੋਈ ਸੀ। ਫਿਰ ਐਨੇ ਲੰਮੇ ਸਮੇਂ ਤੋਂ ਇਸ ਅਤਿ ਗੰਭੀਰ ਵਿਸ਼ੇ 'ਤੇ ਹੁਕਮਰਾਨਾਂ ਜਾਂ ਅਦਾਲਤਾਂ ਵੱਲੋਂ ਕੋਈ ਫੈਸਲਾ ਹੀ ਨਾ ਲੈਣਾ, ਇਸ ਗੱਲ ਨੂੰ ਪ੍ਰਤੱਖ ਕਰਦਾ ਹੈ ਕਿ ਸਿੱਖ ਕੌਮ ਪ੍ਰਤੀ ਇਨ੍ਹਾਂ ਦੀ ਸੋਚ ਉਸਾਰੂ ਨਹੀਂ ਹੈ ਅਤੇ ਨਾ ਹੀ ਇਹ ਸਿੱਖ ਮਸਲਿਆਂ ਨੂੰ ਹੱਲ ਕਰਕੇ ਸਿੱਖ ਕੌਮ ਦੇ ਮਨਾਂ ਤੇ ਆਤਮਾਵਾਂ ਵਿੱਚ ਉੱਠੇ ਰੋਹ ਨੂੰ ਸ਼ਾਂਤ ਕਰਨ ਲਈ ਸੁਹਿਰਦ ਹਨ। ਸ੍. ਮਾਨ ਨੇ ਜਲੰਧਰ ਜ਼ਿਮਨੀ ਚੋਣ ਲੋਕ ਸਭਾ ਹਲਕੇ ਦੇ ਸਮੁੱਚੇ ਪੰਜਾਬੀਆਂ ਤੇ ਸਿੱਖ ਕੌਮ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਇਸ ਦੋਸ਼ਪੂਰਨ ਇੰਡੀਆ ਦੇ ਨਿਜ਼ਾਮੀ ਪ੍ਰਬੰਧ ਤੇ ਕਾਨੂੰਨੀ ਪ੍ਰਬੰਧ ਦਾ ਸਹੀ ਜੁਆਬ ਦੇਣ ਲਈ ਉਹ ਆਪੋ ਆਪਣੇ ਵੋਟ ਹੱਕ ਦੀ ਵਰਤੋਂ ਸ੍. ਗੁਰਜੰਟ ਸਿੰਘ ਕੱਟੂ, ਜੋ ਪਾਰਟੀ ਉਮੀਦਵਾਰ ਹਨ, ਉਨ੍ਹਾਂ ਨੂੰ ਦੇ ਕੇ ਵੋਟ ਤਾਕਤ ਰਾਹੀਂ ਇਨ੍ਹਾਂ ਹੁਕਮਰਾਨਾਂ ਤੇ ਪੱਖਪਾਤੀ ਅਦਾਲਤਾਂ ਨੂੰ ਜੁਆਬ ਦੇਣ।

## ਸਮਾਜ 'ਚੋਂ ਭਾਈਚਾਰਕ ਸਾਂਝ ਨੂੰ ਖਤਮ ਕਰਨਾ ਮੋਦੀ ਸਰਕਾਰ ਦਾ ਏਜੰਡਾ : ਟੀ ਐੱਸ ਯੂ



**ਸਮਰਾਲਾ (ਸੁਰਜੀਤ ਸਿੰਘ)**-ਇਥੇ ਸਥਾਨਕ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਸਮਰਾਲਾ ਦੇ ਕੰਪਲੇਂਟ ਸੈਂਟਰ ਖੰਨਾ ਰੋਡ ਵਿਖੇ ਡਵੀਜ਼ਨ ਪ੍ਰਧਾਨ ਸੰਗਤ ਸਿੰਘ ਸੇਖੋਂ ਦੀ ਪ੍ਰਧਾਨਗੀ ਹੇਠ ਝੰਡੇ ਦੀ ਰਸਮ ਅਦਾ ਕੀਤੀ ਗਈ। ਝੰਡਾ ਚੜ੍ਹਾਉਣ ਉਪਰੰਤ ਮੁਲਾਜ਼ਮਾਂ ਵੱਲੋਂ ਰੈਲੀ ਕਰਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਅੱਜ ਦੀ ਰੈਲੀ ਵਿੱਚ ਸਕੱਤਰ ਸੁਰਜੀਤ ਕੁਮਾਰ, ਪਰਮਿੰਦਰ ਸਿੰਘ ਪ੍ਰਧਾਨ ਸੀ. ਐੱਚ. ਬੀ., ਗੁਰਸੇਵਕ ਸਿੰਘ ਡਵੀਜ਼ਨ ਆਗੂ, ਪਰਮਜੀਤ ਸਿੰਘ ਕੋਟਾਲਾ, ਕੁਲਵਿੰਦਰ ਸਿੰਘ ਹਿੱਸਾ ਲਿਆ ਅਤੇ ਸੰਬੋਧਨ ਕੀਤਾ। ਬੁਲਾਰਿਆਂ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਮਈ ਦਿਨ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਸਾਡੇ ਲਈ ਪ੍ਰੇਰਣਾ ਸਰੋਤ ਹਨ। ਅਸੀਂ ਇਕੱਠੇ ਹੋ ਕੇ ਲੜਾਈਆਂ ਲੜ ਕੇ ਕਾਫ਼ੀ ਕੁਝ ਪ੍ਰਾਪਤ ਕੀਤਾ ਹੈ ਤੇ ਅੱਗੇ ਹੋਰ ਵੀ ਸੰਘਰਸ਼ ਕਰਨੇ ਹਨ। ਉਨ੍ਹਾਂ ਪੰਜਾਬ ਸਰਕਾਰ ਦੇ ਕਾਮਿਆਂ ਬਾਰੇ ਬੋਲਦਿਆਂ ਕਿਹਾ ਕਿ ਉਹ ਇੱਥੋਂ ਦੇ ਕਾਮਿਆਂ ਨਾਲ ਕੀਤੇ ਵਾਅਦੇ ਪੂਰੇ ਕਰੇ, ਪਹਿਲੀਆਂ ਸਰਕਾਰਾਂ ਵਾਂਗ ਲਾਰੇ ਨਾ ਲਾਵੇ। ਮੋਦੀ ਸਰਕਾਰ ਦੀ ਫਿਰਕੂ ਰੰਗਤ ਵਾਲੀ ਤੇ ਸਮਾਜ ਵਿੱਚ ਵੰਡੀਆਂ ਪਾਉਣ ਵਾਲੀ ਨੀਤੀ ਦੀ ਸਖਤ ਨਿਖੇਧੀ ਕੀਤੀ। ਉਨ੍ਹਾਂ ਸੱਦਾ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਵਿਸ਼ਾਲ ਏਕਾ ਬਣਾ ਕੇ ਇਨ੍ਹਾਂ ਫਾਸ਼ੀਵਾਦੀ ਰੁਝਾਨਾਂ ਦਾ ਮੁਕਾਬਲਾ ਕੀਤਾ ਜਾਵੇ। ਕਾਰਪੋਰੇਸ਼ਨ ਵੱਲੋਂ ਕਮਿਸ਼ਨਾਂ ਦੇ ਆਧਾਰ ਉਪਰ ਕਾਮਿਆਂ ਨੂੰ ਨਿਗੂਣੀਆਂ ਤਨਖਾਹਾਂ ਦੇ ਕੇ ਕਿਰਤ ਦੀ ਅੰਨ੍ਹੀਂ ਲੁੱਟ ਕੀਤੀ ਜਾ ਰਹੀ ਹੈ। ਮਈ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਮੌਕੇ ਉਪਰੋਕਤ ਤੋਂ ਇਲਾਵਾ ਸਮਰਾਲਾ ਡਵੀਜ਼ਨ ਦੇ ਦਰਜਨ ਤੋਂ ਵੱਧ ਗਿਣਤੀ ਵਿੱਚ ਬਿਜਲੀ ਕਾਮੇ ਹਾਜ਼ਰ ਸਨ।

5-May-PAGE-8.qxd 5/4/2023 11:25 PM Page 1



# ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦਾ ਫਿਰ ਡੰਕਾ ਵੱਜੇਗਾ : ਬੀਬੀ ਗੁਰਬਚਨ ਕੌਰ



**ਟਾਂਡਾ ਉੜਮੜ ( ਉਂਕਾਰ ਸਿੰਘ ਜਸਵਿੰਦਰ ਸੰਧੂ )**-ਅੱਜ ਦੇ ਨੌਜਵਾਨ ਖਿਡਾਰੀ ਭਾਰਤ ਦੇ ਭਵਿੱਖ ਵਿੱਚ ਆਪਣਾ ਯੋਗਦਾਨ ਦੇ ਸਕਦੇ ਹਨ, ਜਿਨ੍ਹਾਂ ਦੀ ਬਦੌਲਤ ਖੇਡ ਖੇਤਰ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦਾ ਫਿਰ ਡੰਕਾ ਵੱਜੇਗਾ। ਉਕਤ ਵਿਚਾਰ ਕਰਾਟੇ,ਜੂਡੋ,ਤਾਈਕਵਾਂਡੋ ਖੇਡ ਵਿਚ ਉਪਲੱਬਧੀਆਂ ਹਾਸਲ ਕਰ ਰਹੀ ਅਵਨੀਤ ਕੌਰ ਧਾਲੀਵਾਲ ਦੇ ਸਨਮਾਨ ਸਮਾਰੋਹ ਦੌਰਾਨ ਪ੍ਰੇਮਪੁਰ (ਟਾਂਡਾ) ਵਿਖੇ ਆਪ ਆਗੂ, ਸਮਾਜ ਸੇਵਕ ਅਤੇ ਸਾਬਕਾ ਸਰਪੰਚ ਬੀਬੀ ਗੁਰਬਚਨ ਕੌਰ ਨੇ ਸਾਂਝੇ ਕਰਦੇ ਹੋਏ ਕੀਤਾ। ਦੱਖਣੀ ਅਫਰੀਕਾ ਦੇ ਕਯੋਸੀ ਆਰਥਿਕ ਗੋਵਿੰਡਰ ਉਕਜਨ ਮਿਊਚਲ ਸਪੋਰਟਸ ਸੈਂਟਰ ਵਿਖੇ ਹੋਣ ਵਾਲੀ ਅੰਤਰਰਾਸ਼ਟਰੀ ਪੱਧਰ ਦੀ ਪ੍ਰਤੀਯੋਗਤਾ ਅਤੇ ਸੈਮੀਨਾਰ ਲਈ ਹੋਈ ਚੋਣ ਸਬੰਧੀ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਆਪਣੀ ਸਖਤ ਮਿਹਨਤ ਨਾਲ ਇਸ ਪ੍ਰਤੀਯੋਗਤਾ ਵਿੱਚ ਵੀ ਅਵਨੀਤ ਸੋਨੇ ਦਾ ਮੈਡਲ ਲਿਆ ਕੇ ਭਾਰਤ ਦਾ ਨਾਂਅ ਉਚਾ ਕਰੇਗੀ। ਮਾਤਾ ਬਲਜਿੰਦਰ ਕੌਰ ਅਤੇ ਪਿਤਾ ਅਮਰਜੀਤ ਸਿੰਘ ਦੀ ਇਸ ਹੋਣਹਾਰ ਧੀ ਅਤੇ ਇਸ ਦੀ ਛੋਟੀ ਭੈਣ ਪਲਕਪ੍ਰੀਤ ਕੌਰ ਦਾ ਸੰਬੰਧ ਜ਼ਿਲ੍ਹਾ ਕਪੂਰਥਲਾ ਨਾਲ ਹੈ। ਅਵਨੀਤ ਨੇ ਹੁਣ ਤੱਕ ਜ਼ਿਲ੍ਹਾ, ਸੂਬਾ ਅਤੇ ਕੌਮੀ ਪੱਧਰ 'ਤੇ ਹੋਏ ਮੁਕਾਬਲਿਆਂ ਦੌਰਾਨ 50 ਤੋਂ ਵੱਧ ਸੋਨੇ ਦੇ ਮੈਡਲ ਜਿੱਤੇ ਹਨ। ਇਸ ਮੌਕੇ ਜੋਗਿੰਦਰ ਸਿੰਘ ਲਾਡੀ, ,ਲਖਵਿੰਦਰ ਸਿੰਘ ਪਿਆਰਾ ਸਿੰਘ, ਬੀਬੀ ਅਜੀਤ ਕੌਰ,ਜਸਵੀਰ ਸਿੰਘ,,ਮਾ. ਲਖਵਿੰਦਰ ਸਿੰਘ, ਕਰਮ ਸਿੰਘ, ਬਲਵਿੰਦਰ ਸਿੰਘ, ਗੁਰਮੀਤ ਸਿੰਘ,ਤਰਸੇਮ ਸਿੰਘ ਮੈਂਬਰ ਪੰਚਾਇਤ,ਦਲੀਪ ਸਿੰਘ ਸਾਬਕਾ ਪ੍ਰਧਾਨ ਆਦਿ ਮੌਜੂਦ ਸਨ।

# ਸਿਹਤ ਤੇ ਤੰਦਰਸੁਤੀ ਕੇਂਦਰਾਂ ਅਧੀਨ ਮਮਤਾ ਦਿਵਸ ਮਨਾਇਆ ਗਿਆ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਡਾ. ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ. ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ ਐਚ ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਬਲਾਕ ਚਮਕੌਰ ਸਾਹਿਬ ਅਧੀਨ ਵੱਖ-ਵੱਖ ਸਿਹਤ ਤੇ ਤੰਦਰੁਸਤੀ ਕੇਂਦਰਾਂ ਅਧੀਨ ਮਮਤਾ ਦਿਵਸ ਮਨਾਇਆ ਗਿਆ।

ਇਸ ਮੌਕੇ 'ਤੇ ਜਾਣਕਾਰੀ ਦਿੰਦਿਆਂ ਹਰਜੀਤ ਕੌਰ ਸੀ ਐਚ ਓ ਨੇ ਕਿਹਾ ਕਿ ਹਫ਼ਤੇ ਦੇ ਹਰੇਕ ਬੁੱਧਵਾਰ ਨੂੰ ਮਮਤਾ ਦਿਵਸ ਮਨਾਇਆ ਜਾਂਦਾ ਹੈ। ਮਮਤਾ ਦਿਵਸ ਦਾ ਮੁੱਖ ਮੰਤਵ ਬੱਚਿਆਂ ਨੂੰ ਮਾਰੂ ਰੋਗਾਂ ਪੋਲੀਓ, ਕਾਲੀ ਖਾਂਸੀ, ਟੀ ਬੀ, ਨਮੂਨੀਆ, ਖਸਰਾ, ਰੁਬੇਲਾ, ਅੰਧਰਾਤਾ, ਹੈਪੇਟਾਈਟਸ ਬੀ, ਦਿਮਾਗੀ ਬੁਖਾਰ, ਗਲਘੋਟੂ ਅਤੇ ਟੈਟਨਸ ਤੋਂ ਬਚਾਅ ਦੇ ਟੀਕੇ ਲਗਾਉਣਾ ਹੈ ਅਤੇ ਗਰਭਵਤੀ ਮਹਿਲਾਵਾਂ ਨੂੰ ਸੰਤੁਲਿਤ ਖੁਰਾਕ ਸਬੰਧੀ ਜਾਗਰੂਕ ਕਰਨਾ ਹੈ। ਇਸ ਮੌਕੇ ਰੂਬੀ ਸੈਣੀ ਸੀ ਐਚ ਓ ਨੇ ਕਿਹਾ ਕਿ ਗਰਭਵਤੀ ਮਹਿਲਾਵਾਂ ਆਪਣੇ ਗਰਭ ਵਿੱਚ ਪਲ ਰਹੇ ਬੱਚੇ ਅਤੇ ਆਪਣੀ ਸਿਹਤ ਦਾ ਪੂਰਾ ਖਿਆਲ ਰੱਖਣ ਤੇ ਆਪਣੀ ਡਾਈਟ 'ਚ ਹਰੀਆਂ ਸਬਜ਼ੀਆਂ ਅਤੇ ਫਲਾਂ ਦਾ ਇਸਤੇਮਾਲ ਕਰਨ ਤਾਂ ਜੋ ਜੱਚਾ-ਬੱਚਾ ਦੋਵੇਂ ਤੰਦਰੁਸਤ ਰਹਿਣ ਅਤੇ ਸਰੀਰ 'ਚ ਖੂਨ ਦੀ ਕਮੀ ਨਾ ਹੋਵੇ। ਉਨ੍ਹਾ ਕਿਹਾ ਕਿ ਅੱਜ ਦੇ ਯੁੱਗ 'ਚ ਕੁੜੀਆਂ ਮੁੰਡਿਆਂ ਤੋਂ ਕਿਸੇ ਵੀ ਖੇਤਰ ਵਿੱਚ ਪਿੱਛੇ ਨਹੀਂ ਹਨ। ਇਸ ਲਈ ਜੇਕਰ ਕੋਈ ਵੀ ਔਰਤ ਜਾਂ ਵਿਅਕਤੀ ਭਰੂਣ ਹੱਤਿਆ ਜਿਹਾ ਅਪਰਾਧ ਕਰਦਾ ਹੈ ਤਾਂ ਕਾਨੂੰਨ ਅਨੁਸਾਰ ਅਪਰਾਧੀ ਨੂੰ ਸਜ਼ਾ ਤੇ ਜੁਰਮਾਨਾ ਹੋ ਸਕਦਾ ਹੈ। ਉਨ੍ਹਾ ਕਿਹਾ ਕਿ ਪਹਿਲੇ ਬੱਚੇ ਤੋਂ ਬਾਅਦ ਦੂਜੇ ਬੱਚੇ ਵਿੱਚ ਘੱਟੋ-ਘੱਟ 3 ਸਾਲ ਦਾ ਵੱਖਵਾ ਹੋਣਾ ਚਾਹੀਦਾ ਹੈ। ਪਰਵਾਰ ਭਲਾਈ ਦੇ ਸਾਧਨਾਂ ਵਿੱਚ ਪੀ ਪੀ ਆਈ ਯੂ ਸੀ ਡੀ, ਨਿਰੋਧ, ਕਾਪਰਟੀ, ਅੰਤਰਾ ਟੀਕਾ ਅਤੇ ਛਾਇਆ ਗੋਲੀਆਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਨਵਜੰਮੇ ਬੱਚਿਆਂ ਨੂੰ ਘੱਟੋ ਘੱਟ 6 ਮਹੀਨੇ ਤੱਕ ਮਾਂ ਦਾ ਹੀ ਦੁੱਧ ਪਿਲਾਇਆ ਜਾਵੇ। ਮਾਂ ਦੇ ਦੁੱਧ ਵਿੱਚ ਪੌਸ਼ਟਿਕ ਤੱਤ ਮੌਜੂਦ ਹੁੰਦੇ ਹਨ ਜੋ ਬੱਚੇ ਨੂੰ ਰੋਗਾਂ ਨਾਲ ਲੜਨ ਦੀ ਤਾਕਤ ਦਿੰਦੇ ਹਨ। ਇਸ ਮੌਕੇ ਸਮੂਹ ਏ ਐਨ ਐਮ, ਸਮੂਹ ਸੀ ਐਚ ਓ ਅਤੇ ਆਸ਼ਾ ਵਰਕਰਜ਼ ਹਾਜ਼ਰ ਸਨ।

# ਵਿਦਿਆਰਥੀਆਂ ਨੂੰ ਊਰਜਾ ਦੀ ਬੱਚਤ ਬਾਬਤ ਕੀਤਾ ਜਾਗਰੂਕ




**ਐੱਸ.ਏ.ਐੱਸ. ਨਗਰ/ ਡੇਰਾਬੱਸੀ, (ਗੁਰਜੀਤ ਬਿੱਲਾ)**-ਸਰਕਾਰੀ ਕਾਲਜ ਡੇਰਾ ਬੱਸੀ ਵਿਖੇ ਪ੍ਰਿੰਸੀਪਲ ਕਾਮਨਾ ਗੁਪਤਾ ਦੀ ਸਰਪ੍ਰਸਤੀ ਹੇਠ ਕਾਲਜ ਦੇ ਐਨਰਜੀ ਕਲੱਬ ਵੱਲੋਂ ਊਰਜਾ ਦੀ ਸੰਭਾਲ ਅਤੇ ਊਰਜਾ ਕੁਸ਼ਲਤਾ ਵਿਸ਼ੇ 'ਤੇ ਪੋਸਟਰ ਅਤੇ ਸਲੋਗਨ ਲੇਖਣ ਸੰਬੰਧੀ ਐਕਟੀਵਿਟੀ ਕਰਵਾਈ ਗਈ। ਵਿਦਿਆਰਥੀਆਂ ਨੂੰ ਬਿਜਲੀ ਬਚਾਉਣ ਲਈ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਕਾਲਜ ਵਿਖੇ 'ਐਨਰਜੀ ਕਲੱਬ ' ਬਣਾਇਆ ਗਿਆ ਹੈ। ਵਿਦਿਆਰਥੀਆਂ ਵਿੱਚ ਊਰਜਾ ਬਚਾਉਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਕਾਲਜ ਵਿੱਖੇ ਅੱਜ ਇਹ ਗਤੀਵਿਧੀ ਕਰਵਾਈ ਗਈ। ਪ੍ਰਿੰਸੀਪਲ ਕਾਮਨਾ ਗੁਪਤਾ ਨੇ ਵਿਦਿਆਰਥੀਆਂ ਨੂੰ ਊਰਜਾ ਬਚਾਉਣ ਅਤੇ ਊਰਜਾ ਬਚਾਓ ਮੁਹਿਮ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਦੇਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਪ੍ਰੋ. ਰਵਿੰਦਰ ਸਿੰਘ, ਪ੍ਰੋ. ਮੇਘਾ ਗੋਇਲ. ਪ੍ਰੋ. ਕਿਰਨਪ੍ਰੀਤ ਕੌਰ ਅਤੇ ਐਨਰਜੀ ਕਲੱਬ ਨਾਲ ਸੰਬੰਧਤ ਵਿਦਿਆਰਥੀ ਹਾਜ਼ਰ ਸਨ।

# 'ਆਪ' ਜ਼ਿਮਨੀ ਚੋਣ 'ਚ ਵੱਡੀ ਜਿੱਤ ਵੱਲ ਵੱਧ ਰਹੀ : ਸੁਖਦੀਪ ਅੱਪਰਾ

**ਫਿਲੌਰ (ਨਿਰਮਲ)** ਆਮ ਆਦਮੀ ਪਾਰਟੀ ਜਲੰਧਰ ਜਿਮਨੀ ਚੋਣ ਵਿੱਚ ਬਹੁਤ ਵੱਡੀ ਜਿੱਤ ਵੱਲ ਵੱਧ ਰਹੀ ਹੈ ਅਤੇ ਪਾਰਟੀ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਵੱਡੇ ਫ਼ਰਕ ਨਾਲ ਜਿੱਤ ਦਰਜ ਕਰਨਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਆਗੂ ਸੁਖਦੀਪ ਸਿੰਘ ਅੱਪਰਾ ਨੇ ਪ੍ਰੈੱਸ ਨਾਲ ਗੱਲ ਕਰਦਿਆਂ ਕੀਤਾ।. ਅੱਪਰਾ ਨੇ ਕਿਹਾ ਕਿ ਵੱਡੀ ਗਿਣਤੀ ਵਿੱਚ ਦੂਜੀਆਂ ਪਾਰਟੀਆਂ ਦੇ ਆਗੂਆਂ ਦਾ ਆਪ 'ਚ ਸ਼ਾਮਲ ਹੋਣਾ ਲਗਾਤਾਰ ਜਾਰੀ ਹੈ ਜਿਸ ਕਰਕੇ ਸੁਸ਼ੀਲ ਕੁਮਾਰ ਰਿੰਕੂ ਮਜ਼ਬੂਤ ਪੁਜੀਸ਼ਨ ਵਿੱਚ ਹਨ। ਅੱਪਰਾ ਨੇ ਕਿਹਾ ਕਿ ਸੂਬੇ ਵਿੱਚ ਆਪ ਦੀ ਭਗਵੰਤ ਮਾਨ ਸਰਕਾਰ ਵਲੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮਾਂ ਅਤੇ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਨੂੰ ਪੰਜਾਬ ਦੇ ਲੋਕ ਪਸੰਦ ਕਰ ਰਹੇ ਹਨ। ਸਰਕਾਰੀ ਦਫ਼ਤਰਾਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਬਿਨਾਂ ਸਿਫਾਰਿਸ਼ਾਂ ਦੇ ਲੋਕਾਂ ਦੇ ਕੰਮ ਹੋ ਰਹੇ ਹਨ ਜਦਕਿ ਅਕਾਲੀ ਦਲ ਅਤੇ ਕਾਂਗਰਸ ਦੀਆਂ ਸਰਕਾਰਾਂ ਦੌਰਾਨ ਬਗੈਰ ਰਿਸ਼ਵਤ ਦਿੱਤਿਆ ਕਿਸੇ ਦਾ ਕਾਮ ਨਹੀਂ ਸੀ ਨੇਪਰੇ ਚੜ੍ਹਦਾ। ਅੱਪਰਾ ਨੇ ਕਿਹਾ ਕਿ ਆਪ ਸਰਕਾਰ ਨੇ ਬਿਜਲੀ ਬਿੱਲਾਂ 'ਚ 300 ਯੂਨਿਟ ਮੁਫ਼ਤ ਬਿਜਲੀ ਕਰਕੇ ਲੋਕਾਂ ਨੂੰ ਬੜੀ ਵੱਡੀ ਰਾਹਤ ਦਿੱਤੀ ਹੈ, ਪੈਸੇ ਬਚਣ ਕਰਕੇ ਲੋਕ ਬਹੁਤ ਖੁਸ਼ ਹਨ ਤੇ ਇਸ ਵਾਰੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਰਿੰਕੂ ਨੂੰ ਜਿਤਾਉਣਗੇ।

# ਸਿਲਵਰ ਓਕ ਸਕੂਲ ਦੀਆਂ ਖਿਡਾਰਨਾਂ ਨੇ ਸਟੇਟ ਲੈਵਲ ਟੀਮ 'ਚ ਆਪਣੀ ਜਗ੍ਹਾ ਬਣਾਈ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ ,ਉਂਕਾਰ ਸਿੰਘ)**-ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸਾਹਬਾਜਪੁਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸਦਾ ਮੋਹਰੀ ਰਿਹਾ ਹੈ। ਆਪਣੀ ਏਸੇ ਪਛਾਣ ਨੂੰ ਕਾਇਮ ਰੱਖਦੇ ਹੋਏ ਸਿਲਵਰ ਓਕ ਦੀਆਂ ਖਿਡਾਰਨਾਂ ਨੇ ਇੱਕ ਵਾਰ ਫਿਰ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਦੀਆਂ ਕਿੱਕ ਬੋਕਸਿੰਗ ਦੀਆਂ ਖਿਡਾਰਨਾਂ ਜਸਨੂਰ ਅਤੇ ਅਰਪਣ ਨੇ ਸਟੇਟ ਲੈਵਲ ਟੀਮ ਵਿੱਚ ਆਪਣੀ ਜਗ੍ਹਾ ਬਣਾਈ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਇਹ ਬੱਚੀਆਂ ਪਹਿਲਾਂ ਵੀ ਜ਼ਿਲ੍ਹਾ ਪੱਧਰ ਕਿੱਕ ਬਾਕਸਿੰਗ ਪ੍ਰਤੀਯੋਗਿਤਾ ਵਿੱਚ ਵਧੀਆ ਪ੍ਰਦਰਸ਼ਨ ਕਰ ਚੁੱਕੀਆਂ ਹਨ। ਸਕੂਲ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਬੱਚਿਆਂ ਦਾ ਹੌਂਸਲਾ ਵਧਾਇਆ ਅਤੇ ਉਹਨਾਂ ਨੂੰ ਅੱਗੇ ਹੋਰ ਮਿਹਨਤ ਕਰਨ ਲਈ ਪ੍ਰੇਰਿਆ। । ਇਸ ਮੌਕੇ 'ਤੇ ਮੈਨੇਜਰ ਕਰਨਜੀਤ ਸਿੰਘ,ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਅਮਰਜੀਤ ਕੌਰ ਸੈਣੀ, ਜਗਬੰਧਨ ਸਿੰਘ, ਪਰਮਜੀਤ ਕੌਰ, ਰਾਜਵੀਰ ਕੌਰ, ਰਾਜਵਿੰਦਰ ਕੌਰ, ਗੁਰਪ੍ਰੀਤ, ਵਿਸ਼ਾਲੀ, ਸੁਮੀਤ, ਬਲਜੀਤ ਅਤੇ ਬਾਕੀ ਸਟਾਫ਼ ਵੀ ਮੌਜੂਦ ਸੀ।

# ਸੀ ਪੀ ਐੱਮ ਦੇ ਮਾਝਾ ਤੇ ਦੋਆਬਾ ਜ਼ੋਨ ਦੇ ਤਹਿਸੀਲ ਸਕੱਤਰਾਂ ਦੀ ਮੀਟਿੰਗ ਜਲੰਧਰ ਵਿਖੇ

**ਬਹਿਰਾਮ (ਅਵਤਾਰ ਕਲੇਰ)**-ਸੀ ਪੀ ਆਈ (ਐਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਦੋਆਬਾ ਤੇ ਮਾਝਾ ਜ਼ੋਨ ਦੇ ਤਹਿਸੀਲ ਸਕੱਤਰਾਂ ਦੀ ਮੀਟਿੰਗ 5 ਮਈ ਨੂੰ ਜਲੰਧਰ ਪਾਰਟੀ ਦਫਤਰ ਵਿਖੇ ਹੋਵੇਗੀ। ਉਨ੍ਹਾ ਦੱਸਿਆ ਕਿ ਕਲੱਕਤਾ ਪਲੈਨਮ ਦੇ ਆਧਾਰ 'ਤੇ ਪਾਰਟੀ ਦੀ ਹਰ ਬਰਾਂਚ ਦੀ ਪੜਤਾਲ ਕੀਤੀ ਜਾਵੇਗੀ। ਪੰਜਾਬ ਦੀ ਪੜਤਾਲੀਆ ਕਮੇਟੀ ਦੇ ਸਾਥੀ ਰਾਮ ਸਿੰਘ ਨੂਰਪੁਰੀ, ਗੁਰਨੇਕ ਸਿੰਘ ਭੱਜਲ ਤੇ ਅਬਦੁਲ ਸਤਾਰ ਵੀ ਮੀਟਿੰਗ ਵਿੱਚ ਸ਼ਾਮਲ ਹੋਣਗੇ। ਇਸੇ ਤਰ੍ਹਾਂ ਮਾਲਵਾ ਜ਼ੋਨ ਦੇ ਸਾਥੀ 8 ਮਈ ਨੂੰ ਲੁਧਿਆਣਾ ਪਾਰਟੀ ਦਫਤਰ ਇਕੱਠੇ ਹੋਣਗੇ। ਦੋਹਾਂ ਮੀਟਿੰਗਾਂ ਵਿੱਚ ਸਾਰੇ ਤਹਿਸੀਲ ਸਕੱਤਰ ਆਪਣੀਆਂ ਬਰਾਂਚਾਂ ਦੀਆਂ ਮੈਂਬਰਸ਼ਿਪ ਲਿਸਟਾਂ ਨਾਲ ਲੈ ਕੇ ਆਉਣ। ਇਨ੍ਹਾਂ ਜ਼ਿਲ੍ਹਿਆਂ ਦੇ ਸਕੱਤਰ ਵੀ ਮੀਟਿੰਗ ਵਿੱਚ ਹਾਜ਼ਰ ਹੋਣਗੇ। ਸਾਰੇ ਸਾਥੀ ਠੀਕ 11 ਵਜੇ ਦਫਤਰ ਪਹੁੰਚ ਜਾਣ। ਕਾਮਰੇਡ ਸੇਖੋਂ ਨੇ ਕਿਹਾ ਕਿ 5 ਮਈ ਨੂੰ ਇਨਕਲਾਬੀ ਫਿਲਾਸਫਰ ਤੇ ਦਾਸ ਕੈਪੀਟਲ ਦੇ ਰਚੇਤਾ ਕਾਮਰੇਡ ਕਾਰਲ ਮਾਰਕਸ ਦਾ ਜਨਮ ਦਿਹਾੜਾ ਸਾਰੇ ਜ਼ਿਲ੍ਹਿਆਂ ਅੰਦਰ ਮਨਾਇਆ ਜਾਵੇ।

# ਕੰਨਿਆ ਸਮਾਰਟ ਸਕੂਲ ਦਾ ਅੱਠਵੀਂ ਜਮਾਤ ਦਾ ਨਤੀਜਾ ਸੌ ਫੀਸਦੀ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਸਥਾਨਕ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦਾ ਅੱਠਵੀਂ ਜਮਾਤ ਦੀ ਬੋਰਡ ਪ੍ਰੀਖਿਆ ਦਾ ਨਤੀਜਾ ਸੌ ਫੀਸਦੀ ਰਿਹਾ। ਅੱਜ ਸਕੂਲ ਵਿਖੇ ਨੱਬੇ ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਦਾ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਦੀ ਅਗਵਾਈ ਹੇਠ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਬੰਧੀ ਸੰਸਥਾ ਦੇ ਮੀਡੀਆ ਇੰਚਾਰਜ ਅਧਿਆਪਕ ਗੁਰਪ੍ਰੀਤ ਸਿੰਘ ਹੀਰਾ ਨੇ ਦੱਸਿਆ ਕਿ ਸੰਸਥਾ ਦੀਆਂ ਕੁੱਲ ਸੈਂਤੀ ਵਿਦਿਆਰਥਣਾਂ ਵਿੱਚੋਂ ਸੱਤ ਵਿਦਿਆਰਥਣਾਂ ਨੇ ਨੱਬੇ ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ ਤੇ ਅੱਠਵੀਂ ਜਮਾਤ ਦਾ ਨਤੀਜਾ ਸੌ ਫੀਸਦੀ ਰਿਹਾ ਹੈ। ਸੰਸਥਾ ਦੀ ਵਿਦਿਆਰਥਣ ਭੂਮਿਕਾ ਪੁੱਤਰੀ ਜਸਪਾਲ ਸਿੰਘ ਨੇ ਛਿਆਨਵੇਂ ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਸ਼ਰਨਦੀਪ ਕੌਰ ਪੁੱਤਰੀ ਮਲਕੀਤ ਸਿੰਘ ਨੇ ਬੰਨਵੇਂ ਫੀਸਦੀ ਅੰਕ ਲੈ ਕੇ ਦੂਸਰਾ ਤੇ ਖੁਸ਼ਬੂ ਪੁੱਤਰੀ ਵਿੱਦਿਆ ਰਾਮ ਨੇ ਇਕਾਨਵੇਂ ਫੀਸਦੀ ਅੰਕ ਲੈ ਕੇ ਤੀਸਰਾ ਸਥਾਨ ਹਾਸਲ ਕੀਤਾ ਹੈ। ਸ਼ਗੁਨਪ੍ਰੀਤ ਕੌਰ ਪੁੱਤਰੀ ਜਸਵਿੰਦਰ ਸਿੰਘ, ਗੁਰਲੀਨ ਦੇਵੀ ਪੁੱਤਰੀ ਰਵੀ ਪਾਲ, ਕਿਰਨਦੀਪ ਕੌਰ ਪੁੱਤਰੀ ਸੰਜੀਵਨ ਸਿੰਘ, ਰਸਮੀਤ ਕੌਰ ਪੁੱਤਰੀ ਰਾਜਵਿੰਦਰ ਸਿੰਘ ਵਿਦਿਆਰਥਣਾਂ ਨੇ ਵੀ ਨੱਬੇ ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਇਸ ਮੌਕੇ ਸਕੂਲ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਨੇ ਸਮੂਹ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਭਵਿੱਖ ਵਿੱਚ ਹੋਰ ਉੱਚੀਆਂ ਪ੍ਰਾਪਤੀਆਂ ਕਰਨ ਲਈ ਉਤਸ਼ਾਹਤ ਕੀਤਾ।

ਇਸ ਮੌਕੇ ਸਮੂਹ ਵਿਦਿਆਰਥਣਾਂ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਸਥਾ ਦਾ ਸਮੂਹ ਸਟਾਫ ਵਿਸ਼ੇਸ਼ ਤੌਰ 'ਤੇ ਹਾਜ਼ਰ ਸੀ।

# ਹਾਈ ਸਕੂਲ ਸੰਧੂ ਚੱਠਾ ਦਾ ਅੱਠਵੀਂ ਦਾ ਨਤੀਜਾ ਸੌ ਫੀਸਦੀ



**ਕਾਲਾ ਸੰਘਿਆਂ (ਮਨਜੀਤ ਮਾਨ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 28 ਅਪ੍ਰੈਲ ਨੂੰ ਐਲਾਨੇ ਗਏ ਅੱਠਵੀਂ ਸ਼੍ਰੇਣੀ ਦੇ ਨਤੀਜੇ ਵਿੱਚ ਸਰਕਾਰੀ ਹਾਈ ਸਕੂਲ ਸੰਧੂ ਚੱਠਾ ਦਾ ਨਤੀਜਾ ਸੌ ਫੀਸਦੀ ਰਿਹਾ। ਇਸ ਮੌਕੇ ਸਕੂਲ ਇੰਚਾਰਜ ਅਮਰਜੀਤ ਪੰਜਾਬੀ ਮਾਸਟਰ ਨੇ ਪਾਸ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਡੇ ਸਕੂਲ ਦੇ ਸਾਰੇ ਵਿਦਿਆਰਥੀ ਪਹਿਲੇ ਦਰਜੇ 'ਚ ਪਾਸ ਹੋਏ ਹਨ। ਉਨ੍ਹਾ ਕਿਹਾ ਕਿ ਪਾਸ ਹੋਏ ਵਿਦਿਆਰਥੀਆਂ ਵਿੱਚੋਂ ਵਿਦਿਆਰਥਣ ਜੈਸਮੀਨ ਕੌਰ ਪੁੱਤਰੀ ਰਾਜੀਵ ਕੁਮਾਰ 571(95%) ਜੈਸਮੀਨ ਨਾਹਰ ਪੁੱਤਰੀ ਇਕਬਾਲ ਸਿੰਘ 565(94%) ਜਸਨਦੀਪ ਸਿੰਘ ਪੁੱਤਰ ਸੰਜੀਵ ਕੁਮਾਰ 539(90%) ਨੇ ਕ੍ਰਮਵਾਰ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਅਮਰਜੀਤ ਸਿੰਘ ਕੰਪਿਊਟਰ ਫੈਕਲਟੀ, ਬਲਜੀਤ ਕੌਰ, ਸੀਮਾ ਦੇਵੀ, ਅਮਰ ਸਿੰਘ ਤੇ ਰਵਿੰਦਰ ਕੁਮਾਰ ਆਦਿ ਸਟਾਫ ਨੇ ਵਧਾਈ ਦਿੱਤੀ।

# ਸਰਕਾਰੀ ਕੰਨਿਆ ਹਾਈ ਸਕੂਲ ਤਲਵਣ ਦਾ ਨਤੀਜਾ ਰਿਹਾ ਸ਼ਾਨਦਾਰ



**ਬਿਲਗਾ (ਵਿਜੇ ਕੁਮਾਰ)**- ਨਜਦੀਕੀ ਪਿੰਡ ਤਲਵਣ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਨਤੀਜੇ ਵਿਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਤਲਵਣ ਦੀ ਵਿਦਿਆਰਥਣ ਅਰਾਧਿਕਾ ਪੁੱਤਰੀ ਸੁਖਦੇਵ ਲਾਲ ਨੇ ਮੈਰਿਟ ਸੂਚੀ ਵਿਚ ਤੇਰਵਾਂ ਸਥਾਨ ਹਾਸਿਲ ਕੀਤਾ ਤੇ ਇਸ ਤੋਂ ਇਲਾਵਾ ਸਕੂਲ ਦੀਆਂ ਛੇ ਵਿਦਿਆਰਥਣਾਂ ਨੇ 90% ਤੋਂ ਉੱਪਰ ਅੰਕ ਪ੍ਰਾਪਤ ਕੀਤੇ ਅਤੇ ਚਾਰ ਵਿਦਿਆਰਥਣਾਂ ਨੇ 80% ਤੋਂ ਉਪਰ ਅੰਕ ਪ੍ਰਾਪਤ ਕੀਤੇ। ਇਸ ਮੌਕੇ ਸਕੂਲ ਦੇ ਇੰਚਾਰਜ ਇੰਦਰਜੀਤ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਭੱਵਿਖ ਵਿੱਚ ਹੋਰ ਚੰਗੇ ਅੰਕ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ।

# ਬੀਜ ਤੇ ਕੀਟਨਾਸ਼ਕ ਦਵਾਈਆਂ ਦੀਆਂ ਦੁਕਾਨਾਂ ਦੀ ਚੈਕਿੰਗ

**ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)**- ਸਾਉਣੀ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਕਿਸਾਨਾਂ ਨੂੰ ਉੱਚ ਮਿਆਰ ਦੇ ਵਧੀਆ ਬੀਜ, ਖਾਦ ਅਤੇ ਕੀਟਨਾਸ਼ਕ /ਨਦੀਨਨਾਸ਼ਕ ਉਪਲਬਧ ਕਰਵਾਉਣ ਲਈ ਕੁਲਦੀਪ ਸਿੰਘ ਧਾਲੀਵਾਲ, ਖੇਤੀਬਾੜੀ ਮੰਤਰੀ, ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਡਾ. ਗੁਰਬਚਨ ਸਿੰਘ, ਮੁੱਖ ਖੇਤੀਬਾੜੀ ਅਫਸਰ, ਐਸ.ਏ.ਐਸ ਨਗਰ ਦੀ ਅਗਵਾਈ ਹੇਠ ਟੀਮ ਵੱਲੋਂ ਬਲਾਕ ਖਰੜ ਅਤੇ ਡੇਰਾਬੱਸੀ ਦੇ ਖਾਦ, ਬੀਜ ਅਤੇ ਕੀਟਨਾਸ਼ਕ ਦਵਾਈਆਂ ਦੀ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਕਿਸਾਨ ਸੀਡ ਸਟੋਰ ਪਿੰਡ ਛੱਤ ਵਿਖੇ ਚੈਕਿੰਗ ਦੌਰਾਨ ਡਾ. ਗੁਰਬਚਨ ਸਿੰਘ ਨੇ ਡੀਲਰਾਂ ਨੂੰ ਸਖਤ ਹਦਾਇਤ ਕੀਤੀ ਕਿ ਕੋਈ ਵੀ ਡੀਲਰ ਬਿਨਾਂ ਲਾਇਸੈਂਸ ਅਤੇ ਅਡੀਸ਼ਨ ਤੋਂ ਖੇਤੀ ਸਮੱਗਰੀ ਆਪਣੀ ਦੁਕਾਨ 'ਤੇ ਰੱਖ ਕੇ ਨਹੀਂ ਵੇਚੇਗਾ। ਇਸ ਲਈ ਸਾਰੇ ਦਸਤਾਵੇਜ਼ ਮੁਕੰਮਲ ਰੱਖੇ ਜਾਣ ਅਤੇ ਹਰ ਕਿਸਾਨ ਨੂੰ ਖਰੀਦੇ ਸਮਾਨ ਦਾ ਬਿੱਲ ਜ਼ਰੂਰ ਦਿੱਤਾ ਜਾਵੇ। ਇਸ ਮੌਕੇ ਉਨ੍ਹਾ ਡੀਲਰਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਪੀ.ਏ.ਯੂ ਲੁਧਿਆਣਾ ਵੱਲੋਂ ਸਿਫਾਰਸ਼ ਕੀਤੀਆਂ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਨੂੰ ਤਰਜੀਹ ਦਿੱਤੀ ਜਾਵੇ। ਇਸ ਮੌਕੇ ਡਾ. ਗੁਰਦਿਆਲ ਕੁਮਾਰ ਏ.ਡੀ.ਓ ਨੇ ਕਿਹਾ ਕਿ ਚੈਕਿੰਗ/ ਸੈਂਪਲਿੰਗ ਦੌਰਾਨ ਅਗਰ ਕਿਸੇ ਵੀ ਕਿਸਮ ਦੀ ਕੋਈ ਊਣਤਾਈ ਪਾਈ ਗਈ ਤਾਂ ਕਾਨੂੰਨ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ।

# ਬਿਜਲੀ ਬੋਰਡ ਦੇ ਮੁਲਾਜ਼ਮਾਂ ਦੇ ਜਾਇੰਟ ਫੋਰਮ ਵੱਲੋਂ ਅਰਥੀ ਫੂਕ ਮੁਜ਼ਾਹਰਾ



**ਖਰੜ (ਹਰਨਾਮ ਸਿੰਘ ਡੱਲਾ)**- 2 ਮਈ ਨੂੰ ਪੀ.ਐਸ.ਈ.ਬੀ. ਜੁਆਇੰਟ ਫੋਰਮ ਦੇ ਸੱਦੇ 'ਤੇ ਬਿਜਲੀ ਦਫਤਰ ਖਰੜ ਸਿਟੀ, ਸਬ-ਅਰਬਨ ਅਤੇ ਡਵੀਜ਼ਨ ਦਫਤਰ ਦੇ ਬਿਜਲੀ ਮੁਲਾਜ਼ਮਾਂ ਨੇ ਬੋਰਡ ਮੈਨੇਜਮੈਂਟ ਦੇ ਮੁਲਾਜ਼ਮਾਂ ਪ੍ਰਤੀ ਤਾਨਾਸ਼ਾਹੀ ਅਤੇ ਗੈਰ ਸੰਜੀਦਾ ਰਵੱਈਏ ਵਿਰੁੱਧ ਅਰਥੀ ਫੂਕ ਮੁਜ਼ਾਹਰਾ ਕੀਤਾ। ਪਹਿਲਾਂ ਤਾਂ ਮੈਨੇਜਮੈਂਟ ਵੱਲੋਂ ਮਿਤੀ 11-4-23 ਦੇ ਧਰਨੇ ਨੂੰ ਮੁਲਤਵੀ ਕਰਾਉਣ ਲਈ ਮਿਤੀ 28-4-23 ਦੀ ਮੀਟਿੰਗ ਦਿੱਤੀ ਗਈ। ਪ੍ਰੰਤੂ ਬਾਅਦ ਵਿੱਚ ਜ਼ਰੂਰੀ ਰੁਝੇਵਿਆਂ ਦੇ ਬਹਾਨੇ ਮੀਟਿੰਗ ਨੂੰ ਮੁਲਤਵੀ ਕਰ ਦਿੱਤਾ ਗਿਆ। ਸੋ ਲੰਬੇ ਸਮੇਂ ਤੋਂ ਪੈਂਡਿੰਗ ਸਕੇਲਾਂ ਦੀਆਂ ਤਰੁਟੀਆਂ, ਸਮਾਂਬੱਧ ਸਕੇਲ, ਡੀ ਏ ਦੀਆਂ ਕਿਸ਼ਤਾਂ ਦਾ ਬਕਾਇਆ, ਸੀ ਆਰ ਏ 295/19 ਅਧੀਨ ਭਰਤੀ ਸਹਾਇਕ ਲਾਇਨਮੈਨਾਂ ਨੂੰ ਪੂਰੀ ਤਨਖਾਹ ਜਾਰੀ ਕਰਨ ਅਤੇ ਉਨ੍ਹਾਂ 'ਤੇ ਕੀਤੇ ਝੂਠੇ ਪਰਚੇ ਰੱਦ ਕਰਨ ਦੀ ਮੰਗ ਕੀਤੀ। ਇਸ ਮੁਜ਼ਾਹਰੇ ਨੂੰ ਜੁਆਇੰਟ ਫੋਰਮ ਆਗੂ ਸੁਖਵਿੰਦਰ ਦੁੱਮਣਾ, ਸਰਕਲ ਆਗੂ ਬਲਵਿੰਦਰ ਸਿੰਘ, ਡਵੀਜ਼ਨ ਸਕੱਤਰ ਬਲਜਿੰਦਰ ਸਿੰਘ ਟੀ ਐਸ ਯੂ, ਸੋਹਣ ਸਿੰਘ ਪ੍ਰਧਾਨ ਸਬ ਅਰਬਨ ਮੋਰਿੰਡਾ, ਵਰਿੰਦਰ ਸਿੰਘ ਡਵੀਜ਼ਨ ਪ੍ਰਧਾਨ ਐਮ.ਐਸ.ਯੂ. , ਭੁਪਿੰਦਰ ਸਿੰਘ ਡਵੀਜ਼ਨ ਪ੍ਰਧਾਨ ਟੀ ਐਸ ਯੂ, ਤਰਲੋਚਨ ਸਿੰਘ ਪ੍ਰਧਾਨ, ਯੋਗਰਾਜ ਪ੍ਰਧਾਨ ਨੇ ਸੰਬੋਧਨ ਕੀਤਾ। ਇਸ ਮੌਕੇ ਜਰਨੈਲ ਸਿੰਘ, ਗੁਰਪ੍ਰੀਤ ਸਿੰਘ, ਵਿਕਰਮ ਸਿੰਘ, ਹਰਪ੍ਰੀਤ ਸਿੰਘ, ਸ਼ੇਰ ਸਿੰਘ, ਗੋਪੀ ਚੰਦ, ਗੁਰਜਿੰਦਰ ਸਿੰਘ ਮੈਡਮ ਪ੍ਰੀਤੀ ਸ਼ਰਮਾ ਪ੍ਰਧਾਨ ਐਮ ਐਸ ਯੂ, ਮੈਡਮ ਰੰਜੂ, ਮੈਡਮ ਕੋਮਲ ਆਦਿ ਹਾਜ਼ਰ ਸਨ।

# 54000 ਵਰਕਰਾਂ ਦੀਆਂ ਮੁਸ਼ਕਲਾਂ ਸੁਣਨ ਦਾ ਸਮਾਂ ਨਹੀਂ ਆਪ ਸਰਕਾਰ ਕੋਲ : ਪੰਜੋਲਾ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** -ਆਂਗਨਵਾੜੀ ਮੁਲਾਜਮ ਯੂਨੀਅਨ ਪੰਜਾਬ ਸੀਟੂ ਵਲੋਂ 1 ਮਈ ਨੂੰ ਆਪਣੇ ਹੱਕਾ ਡੀ ਰਾਖੀ ਲਈ ਜਿਮਨੀ ਚੋਣਾਂ ਵਿਚ ਕੀਤੇ ਵਾਅਦਿਆਂ ਦੀ ਯਾਦ ਦਵਾਉਣ ਲਈ ਜਲੰਧਰ ਵਿਖੇ ਆਪਣੇ ਹੱਕੀ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਮਗਰੋਂ ਮੁੱਖ ਮੰਤਰੀ ਦੇ ਹੁਕਮਾਂ ਅਨੁਸਾਰ ਮੀਟਿੰਗ ਦਾ ਪੱਤਰ 03/05/2023 ਨੂੰ ਜਾਰੀ ਕੀਤਾ ਸੀ। ਪਹਿਲਾਂ ਦੀ ਤਰ੍ਹਾਂ ਵਾਅਦਿਆਂ ਤੋਂ ਮੁਕਰਨਾ ਸਰਕਾਰ ਦੇ ਲੋਕ ਪ੍ਰਤੀ ਰੱਵਵੀਏ ਨੂੰ ਸਾਫ ਕਰਦਾ ਹੈ। ਪ੍ਰੈਸ ਨੂੰ ਬਿਆਨ ਦਿੰਦਿਆਂ ਜਰਨਲ ਸਕੱਤਰ ਸੁਭਾਸ਼ ਰਾਣੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਵਰਕਰਾਂ ਹੈਲਪਰਾਂ ਦੀਆਂ ਮੰਗਾਂ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ । 0 ਤੋਂ 6 ਸਾਲ ਦੇ ਬੱਚੇ ਆਂਗਨਵਾੜੀ ਕੇਂਦਰਾਂ ਵਿੱਚ ਹੀ ਖੇਡ ਵਿਧੀ ਦੁਆਰਾ ਸਿੱਖਿਆ ਹਾਸਲ ਕਰਦੇ ਹਨ । ਪਰ ਪਿਛਲੀ ਸਰਕਾਰ ਵੱਲੋਂ 3 ਤੋਂ 6 ਸਾਲ ਦੇ ਬੱਚੇ ਸਕੂਲਾਂ ਵਿਚ ਦਾਖਲ ਕਰ ਲਏ ਗਏ ਹਨ ਸਿਰਫ਼ ਆਪਣੀ ਝੂਠੀ ਵਾਹ ਵਾਹ ਲਈ ਆਂਗਨਵਾੜੀ ਕੇਂਦਰਾਂ ਨੂੰ ਉਜਾੜ ਦਿਤਾ ਗਿਆ ਹੈ । 1 ਜਨਵਰੀ 2022 ਤੋਂ ਕੇਂਦਰ ਸਰਕਾਰ ਵੱਲੋਂ ਐਡਵਾਈਜਰੀ ਬੋਰਡ ਖਤਮ ਕਰਨ ਦੇ ਹੁਕਮ ਜਾਰੀ ਕੀਤੇ ਹੋਏ ਹਨ ਪੰਜਾਬ ਸਰਕਾਰ ਵੱਲੋਂ ਇਕ ਸਾਲ ਦਾ ਸਮਾਂ ਬੀਤਣ 'ਤੇ ਵੀ ਇਸ ਉਤੇ ਕੋਈ ਕਾਰਵਾਈ ਨਹੀਂ ਕੀਤੀ ਗਈ ।ਐਡਵਾਈਜਰੀ ਬੋਰਡ ਦੇ ਚੱਲਦੇ ਆਗਨਵਾੜੀ ਕੇਂਦਰਾਂ ਦੀਆਂ ਵਰਕਰਾਂ ਹੈਲਪਰਾਂ ਨੂੰ 6 -6 ਮਹੀਨੇ ਬਿਨਾਂ ਮਾਨਭੱਤਾ ਗੁਜਾਰਾ ਕਰਨਾ ਪੈਂਦਾ ਹੈ ।ਮੀਤ ਪ੍ਰਧਾਨ ਕ੍ਰਿਸ਼ਨਾ ਕੁਮਾਰੀ ਅਤੇ ਵਿੱਤ ਸਕੱਤਰ ਅੰਮ੍ਰਿਤਪਾਲ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਂਗਣਵਾੜੀ ਵਰਕਰਾਂ ਹੈਲਪਰਾਂ ਦੇ ਮਾਣ ਭੱਤੇ ਨੂੰ ਦੁੱਗਣਾ ਕਰਨ ਦਾ ਐਲਾਨ ਕੀਤਾ ਸੀ ।ਪਰ ਮਾਨਭੱਤਾ ਦੁੱਗਣਾ ਤਾਂ ਕੀ ਕਰਨਾ ਸੀ ਸਾਲ 2022 ਵਿਚ ਸਾਰਾ ਸਮਾਂ ਮਾਣ ਭੱਤਾ ਇੱਕ ਸਾਰ ਪ੍ਰਾਪਤ ਨਹੀਂ ਹੋਇਆ ।ਜਿਸ ਕਾਰਨ ਗਰੀਬ ਵਰਕਰਾਂ ਹੈਲਪਰਾਂ ਦੇ ਘਰਾਂ ਦੇ ਚੁੱਲ੍ਹੇ ਠੰਡੇ ਪੈ ਗਏ ਅਤੇ ਚਿੰਤਾ ਵਿੱਚ ਕਈ ਹੈਲਪਰਾਂ ਦੀ ਮੌਤ ਵੀ ਹੋ ਗਈ ।

# ਫੁੱਟਬਾਲ ਖਿਡਾਰਨ ਨਵਜੋਤ ਬਾਜਵਾ ਦਾ ਸਨਮਾਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਸਰਹਾਲਾ ਮੁੰਡੀਆ ਦੀ ਸਾਬਕਾ ਵਿਦਿਆਰਥਣ ਅਤੇ ਸਕੂਲ, ਕਾਲਜ ਅਤੇ ਫਿਰ ਯੂਨੀਵਰਸਿਟੀ ਪੱਧਰ 'ਤੇ ਬਤੌਰ ਫੁੱਟਬਾਲ ਖਿਡਾਰਨ ਦਾ ਮਾਣ ਹਾਸਲ ਕਰਨ ਵਾਲੀ ਸਾਬਕਾ ਨੈਸ਼ਨਲ ਪੱਧਰ ਦੀ ਖਿਡਾਰਨ ਅਤੇ ਹੁਣ ਪ੍ਰਵਾਸੀ ਭਾਰਤੀ ਨਵਜੋਤ ਕੌਰ ਬਾਜਵਾ ਵੱਲੋਂ ਆਪਣੇ ਮੁੱਢਲੇ ਸਕੂਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਰਹਾਲਾ ਮੁੰਡੀਆ ਦਾ ਦੌਰਾ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਆਪਣੇ ਭਰਾਵਾਂ ਗੁਰਪ੍ਰੀਤ ਸਿੰਘ ,ਬਲਵੀਰ ਸਿੰਘ ਅਤੇ ਆਪਣੇ ਛੋਟੇ ਛੋਟੇ ਦੋ ਬੱਚਿਆਂ ਨਾਲ ਸਕੂਲ ਵਿਖੇ ਪਹੁੰਚੀ ਨਵਜੋਤ ਕੌਰ ਵੱਲੋਂ ਬਹੁਤ ਹੀ ਭਾਵਕਤਾ ਨਾਲ ਆਪਣੇ ਸਕੂਲੀ ਦਿਨ ਯਾਦ ਕੀਤੇ। ਨਵਜੋਤ ਕੌਰ ਨੇ ਦੱਸਿਆ ਕਿ ਚਾਹੇ ਉਹ ਆਪਣੇ ਪਰਵਾਰ ਨਾਲ ਆਸਟਰੇਲੀਆ ਦੇ ਸ਼ਹਿਰ ਮੈਲਬੌਰਨ ਵਿਖੇ ਬਹੁਤ ਵਧੀਆ ਢੰਗ ਨਾਲ ਰਹਿ ਰਹੀ ਹੈ ਪਰ ਫਿਰ ਵੀ ਮੈਂ ਆਪਣੇ ਇਸ ਸਕੂਲ ਨੂੰ ਕਦੇ ਭੁੱਲ ਨਹੀਂ ਸਕਦੀ ਜਿਸ ਨੇ ਪੜ੍ਹਾਈ ਦੇ ਨਾਲ ਨਾਲ ਮੈਨੂੰ ਫੁੱਟਬਾਲ ਦੀ ਰਾਸ਼ਟਰੀ ਖਿਡਾਰਨ ਬਣਨ ਦਾ ਮਾਣ ਦਿੱਤਾ। ਸਟਾਫ ਵਲੋਂ ਬਾਜਵਾ ਨੂੰ ਯਾਦ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਮੈਡਮ ਰਜਨੀ ਅਰੋੜਾ, ਸਰਵਜੀਤ ਸਿੰਘ ,ਜਰਨੈਲ ਸਿੰਘ, ਅਨੀਤਾ ਕੁਮਾਰੀ, ਅੰਜੂ ਬਾਲਾ, ਸ਼ਿਮਲਾ ਦੇਵੀ, ਪ੍ਰਿਯਾ, ਗੁਰਦੇਵ ਕੌਰ ,ਨਰੇਸ਼ ਕੁਮਾਰ ,ਪਰਮਿੰਦਰ ਕੁਮਾਰ ,ਅਮਨਦੀਪ ਸਿੰਘ ,ਕਮਲਜੀਤ, ਕਸ਼ਮੀਰ ਸਿੰਘ ,ਹਰਜਿੰਦਰ ਅਤੇ ਸੁਨੀਲ ਹਾਜ਼ਰ ਸਨ।

# ਖਾਦ, ਬੀਜ ਤੇ ਕੀਟਨਾਸ਼ਕ ਦਵਾਈਆਂ ਦੇ ਵਿਕ੍ਰੇਤਾਵਾਂ ਦੀ ਅਚਨਚੇਤ ਚੈੱਕਿੰਗ



**ਕੁਰਾਲੀ (ਮੋਹਨ ਅੱਗਰਵਾਲ)**-ਸਾਉਣੀ ਦੇ ਸ਼ੀਜਨ ਨੂੰ ਮੁੱਖ ਰੱਖਦੇ ਹੋਏ ਕਿਸਾਨਾਂ ਨੂੰ ਉੱਚ ਮਿਆਰ ਦੇ ਵਧੀਆ ਬੀਜ,ਖਾਦ ਅਤੇ ਕੀਟਨਾਸ਼ਕ /ਨਦੀਨਨਾਸ਼ਕ ਦਵਾਈਆਂ ਉਪਲਬੱਧ ਕਰਵਾਉਣ ਲਈ ਡਾ. ਗੁਰਬਚਨ ਸਿੰਘ ਮੁੱਖ ਖੇਤੀਬਾੜੀ ਅਫਸਰ ਐਸ.ਏ.ਐਸ ਨਗਰ ਦੀ ਅਗਵਾਈ ਹੇਠ ਟੀਮ ਵੱਲੋ ਬਲਾਕ ਖਰੜ ਅਤੇ ਡੇਰਾਬੱਸੀ ਦੇ ਖਾਦ, ਬੀਜ ਅਤੇ ਕੀਟਨਾਸ਼ਕ ਦਵਾਈਆਂ ਦੇ ਡੀਲਰਾਂ ਦੀ ਚੈੱਕਿੰਗ ਕੀਤੀ। ਕਿਸਾਨ ਸੀਡ ਸਟੋਰ ਪਿੰਡ ਛੱਤ ਵਿਖੇ ਚੈਕਿੰਗ ਦੌਰਾਨ ਡਾ. ਗੁਰਬਚਨ ਸਿੰਘ ਨੇ ਡੀਲਰਾਂ ਨੂੰ ਸਖਤ ਹਦਾਇਤ ਕੀਤੀ ਕਿ ਕੋਈ ਵੀ ਡੀਲਰ ਬਿਨਾਂ ਲਾਇਸੈਂਸ ਅਤੇ ਅਡੀਸ਼ਨ ਤੋਂ ਖੇਤੀ ਸਮੱਗਰੀ ਆਪਣੀ ਦੁਕਾਨ 'ਤੇ ਰੱਖ ਕੇ ਨਹੀਂ ਵੇਚੇਗਾ। ਇਸ ਲਈ ਸਾਰੇ ਦਸਤਾਵੇਜ਼ ਮੁਕੰਮਲ ਰੱਖੇ ਜਾਣ ਅਤੇ ਹਰ ਕਿਸਾਨ ਨੂੰ ਖਰੀਦੇ ਸਮਾਨ ਦਾ ਬਿੱਲ ਜਰੂਰ ਦਿੱਤਾ ਜਾਵੇ। ਇਸ ਮੌਕੇ ਉਨ੍ਹਾਂ ਡੀਲਰਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਪੀ.ਏ.ਯੂ ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੀਆਂ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਨੂੰ ਤਰਜੀਹ ਦਿੱਤੀ ਜਾਵੇ। ਇਸ ਮੌਕੇ ਡਾ. ਗੁਰਦਿਆਲ ਕੁਮਾਰ ਕੁਮਾਰ ਏ.ਡੀ.ਉ ਨੇ ਕਿਹਾ ਕਿ ਚੈਕਿੰਗ/ਸੈਪਲਿੰਗ ਦੌਰਾਨ ਅਗਰ ਕਿਸੇ ਵੀ ਕਿਸਮ ਦੀ ਕੋਈ ਊਣਤਾਈ ਪਾਈ ਗਈ ਤਾਂ ਕਾਨੂੰਨ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ।

# ਬੱਚਿਆਂ ਨੂੰ ਵੰਡੀਆਂ ਮੁਫ਼ਤ ਕਿਤਾਬਾਂ ਤੇ ਵਰਦੀਆਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਪੰਜਾਬ ਹੁਨਰ ਵਿਕਾਸ ਮਿਸ਼ਨ ਵਲੋਂ ਚਲਾਈ ਜਾ ਰਹੀ 'ਦੀਨ ਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲ ਯੋਜਨਾ' ਦੇ ਤਹਿਤ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਬਲਰਾਜ ਸਿੰਘ ਦੀ ਅਗਵਾਈ ਹੇਠ ਚਲਾਏ ਜਾ ਰਹੇ ਹੋਮ ਹੈਲਥ ਐਂਡ ਕੋਰਸ ਕਰ ਰਹੇ ਬੱਚਿਆਂ ਨੂੰ ਮੁਫ਼ਤ ਕਿਤਾਬਾਂ ਅਤੇ ਵਰਦੀਆਂ ਵੰਡੀਆਂ ਗਈਆਂ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਫ਼ਤਰ ਵਲੋਂ ਜ਼ਿਲ੍ਹਾ ਫੀਲਡ ਮੈਨੇਜਰ ਮਹਿੰਦਰ ਸਿੰਘ ਰਾਣਾ, ਜ਼ਿਲ੍ਹਾ ਪਲੇਸਮੈਂਟ ਅਫ਼ਸਰ ਰਮਨ ਭਾਰਤੀ ਅਤੇ ਜ਼ਿਲ੍ਹਾ ਮੋਬਲਾਈਜ਼ਰ ਅਫ਼ਸਰ ਸੁਨੀਲ ਕੁਮਾਰ ਹਾਜ਼ਰ ਹੋਏ। ਰਾਣਾ ਨੇ ਦੱਸਿਆ ਕਿ ਇਸ ਕੋਰਸ ਲਈ ਯੋਗਤਾ 10ਵੀਂ ਪਾਸ ਹੈ ਅਤੇ ਪਿੰਡਾਂ ਦੀਆਂ ਲੜਕੀਆਂ ਲਈ ਇਹ ਕੋਰਸ ਬਿਲਕੁਲ ਮੁਫ਼ਤ ਹੈ। ਲੜਕੀਆਂ ਲਈ ਇਹ ਕੋਰਸ ਮਦਰ ਮੈਰੀ ਨਰਸਿੰਗ ਕਾਲਜ ਹੁਸ਼ਿਆਰਪੁਰ ਨਸਰਾਲਾ ਵਿਖੇ ਕਰਵਾਇਆ ਜਾ ਰਿਹਾ ਹੈ, ਜਿਥੇ ਹਰੇਕ ਸਿਖਿਆਰਥੀ ਮੁਫ਼ਤ ਸਿੱਖਿਆ ਪ੍ਰਾਪਤ ਕਰਕੇ ਆਪਣਾ ਭਵਿੱਖ ਰੋਸ਼ਨ ਕਰ ਸਕਦਾ ਹੈ।

# ਬਾਬਾ ਗੁਰਮੁਖ ਸਿੰਘ ਨੇ ਸਮੂਹ ਸੰਗਤ ਸਮੇਤ 'ਆਪ' ਨੂੰ ਦਿੱਤਾ ਸਮਰਥਨ



**ਜਲੰਧਰ, (ਸ਼ੈਲੀ, ਸੁਰਿੰਦਰ)**-ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਵਲੋਂ ਕੀਤੇ ਜਾ ਰਹੇ ਕੰਮਾਂ ਨੂੰ ਲੈਕੇ 'ਆਪ' ਨੂੰ ਜਲੰਧਰ ਜ਼ਿਮਨੀ ਚੋਣ ਲਈ ਹਲਕੇ ਵਿੱਚ ਵੱਡੀ ਪੱਧਰ 'ਤੇ ਸਮਰਥਨ ਮਿਲ ਰਿਹਾ ਹੈ। ਜਿਵੇਂ ਜਿਵੇਂ ਚੋਣ ਦਾ ਦਿਨ ਨੇੜੇ ਆ ਰਿਹਾ ਹੈ, 'ਆਪ' ਵਿੱਚ ਸ਼ਾਮਲ ਹੋਣ ਵਾਲਿਆਂ ਨਾਲ ਪਾਰਟੀ ਦਾ ਕਾਫ਼ਲਾ ਵੱਧਦਾ ਜਾ ਰਿਹਾ ਹੈ। ਜਲੰਧਰ ਜ਼ਿਮਨੀ ਚੋਣ ਨੂੰ ਲੈ ਕੇ ਆਮ ਆਦਮੀ ਪਾਰਟੀ ਪਾਰਟੀ ਵਲੋਂ ਵਿੱਢੀ ਗਈ ਚੋਣ ਮੁਹਿੰਮ ਨੂੰ ਲੈਕੇ ਉਸ ਵੇਲੇ ਵੱਡਾ ਹੁਲਾਰਾ ਮਿਲਿਆ ਜਦੋਂ ਹਲਕੇ ਦੇ ਕੋਟ ਫਤੂਹੀ ਤੋਂ ਸੰਤ ਬਾਬਾ ਗੁਰਮੁਖ ਸਿੰਘ ਜੀ ਨੇ ਵੱਡੀ ਗਿਣਤੀ ਵਿੱਚ ਸੰਗਤਾਂ ਸਮੇਤ ਆਪ ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ। 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਅਤੇ ਕੈਬਨਿਟ ਮੰਤਰੀ ਬ੍ਰਹਮ ਸੰਕਰ ਜਿੰਪਾ ਦੀ ਮੌਜੂਦਗੀ ਵਿੱਚ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਗੁਰਿੰਦਰ ਸਿੰਘ ਸੇਰਗਿੱਲ ਅਤੇ ਰਾਓ ਕੈਂਡੋਵਾਲ ਦੇ ਯਤਨਾਂ ਸਦਕਾ ਕੋਟ ਫਤੂਹੀ ਤੋਂ ਸੰਤ ਬਾਬਾ ਗੁਰਮੁਖ ਸਿੰਘ ਨੇ ਜਲੰਧਰ ਲੋਕ ਸਭਾ ਦਫ਼ਤਰ ਪੁੱਜ ਕੇ ਆਪਣੀਆਂ ਸਮੂਹ ਸੰਗਤਾਂ ਸਮੇਤ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਸਮਰਥਨ ਦਿੱਤਾ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਵਿੱਚ ਲੋਕ ਹਿੱਤਾਂ ਲਈ ਕੰਮ ਕਰ ਰਹੀ ਹੈ। 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਬਾਬਾ ਗੁਰਮੁਖ ਸਿੰਘ 'ਤੇ ਸਮੂਹ ਸੰਗਤਾਂ ਦਾ ਪਾਰਟੀ ਨੂੰ ਸਮਰਥਨ ਦੇਣ ਲਈ ਧੰਨਵਾਦ ਕੀਤਾ।

# ਬੁਲੰਦ ਪ੍ਰੈੱਸ ਕਲੱਬ ਨੇ ਵਿਸ਼ਵ ਪ੍ਰੈੱਸ ਅਜ਼ਾਦੀ ਦਿਵਸ ਮਨਾਇਆ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)**- ਬੁਲੰਦ ਪ੍ਰੈਸ ਕਲੱਬ (ਰਜਿ.3072) ਸ੍ਰੀ ਚਮਕੌਰ ਸਾਹਿਬ ਵੱਲੋਂ ਵਿਸ਼ਵ ਪ੍ਰੈੱਸ ਅਜ਼ਾਦੀ ਦਿਵਸ ਨੂੰ ਸਮਰਪਤ ਪ੍ਰੋਗਰਾਮ ਕਰਵਾਇਆ ਗਿਆ । ਜਿਸ ਵਿੱਚ ਐਸ ਡੀ ਐਮ ਸ੍ਰੀ ਚਮਕੌਰ ਸਾਹਿਬ ਅਮਰੀਕ ਸਿੰਘ ਸੰਧੂ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਵਜੋਂ ਪਹੁੰਚੇ। ਜਿਨ੍ਹਾਂ ਨੇ 21 ਫਰਵਰੀ ਪੰਜਾਬੀ ਮਾਂ ਬੋਲੀ ਦਿਵਸ ਸਾਈਕਲ ਮਾਰਚ ਵਿੱਚ ਭਾਗ ਲੈਣ ਵਾਲੇ ਬੱਚੇ ਬੀਬੀ ਸਰਨ ਕੌਰ ਖਾਲਸਾ ਕਾਲਜ ਦੇ ਬੱਚੇ ਅਮਿਤੋਜ ਸਿੰਘ ਅਤੇ ਹਰਵਿੰਦਰ ਸਿੰਘ, ਪੰਜਾਬ ਇੰਟਰਨੈਸ਼ਨਲ ਸਕੂਲ ਦੀ ਵਿਦਿਆਰਥਣ ਸੁਖਮਨੀ ਅਤੇ ਇਸ ਸਾਈਕਲ ਮਾਰਚ ਦੀ ਸਭ ਤੋਂ ਛੋਟੀ ਬੱਚੀ ਗੁਰਕੀਰਤ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਅਤੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਇੱਕ ਬਹੁਤ ਚੰਗਾ ਉਪਰਾਲਾ ਹੈ ਜੋ ਕਿ ਬੁਲੰਦ ਪ੍ਰੈੱਸ ਕਲੱਬ ਸ੍ਰੀ ਚਮਕੌਰ ਸਾਹਿਬ ਦੇ ਪੱਤਰਕਾਰ ਮਿਲ ਕੇ ਵਿਸ਼ਵ ਪ੍ਰੈੱਸ ਅਜ਼ਾਦੀ ਦਿਵਸ ਮਨਾ ਰਹੇ ਹਨ । ਉਨ੍ਹਾਂ ਕੋਰੋਨਾ ਦੇ ਚਲਦਿਆਂ ਆਪਣੀਆਂ ਜਾਨਾਂ ਗੁਆ ਚੁੱਕੇ ਪੱਤਰਕਾਰਾਂ ਦੀ ਵੀ ਗੱਲ ਕੀਤੀ ਅਤੇ ਦੱਸਿਆ ਕਿ ਪੱਤਰਕਾਰੀ ਪੇਸ਼ਾ ਇੰਨਾ ਅਸਾਨ ਨਹੀਂ ਹੈ। ਜਿਹੜੀਆਂ ਕੌਮਾਂ ਆਪਣਾ ਇਤਿਹਾਸ ਜਾਂ ਆਪਣੇ ਦਿਨ ਯਾਦ ਨਹੀਂ ਰੱਖਦੀਆਂ ਜਾਂ ਮਨਾਉਂਦੀਆਂ, ਉਹ ਹੌਲੀ ਹੌਲੀ ਖ਼ਤਮ ਹੋ ਜਾਂਦੀਆਂ ਹਨ ।ਉਨ੍ਹਾ ਸਮਾਜ ਭਲਾਈ ਦੇ ਕਾਰਜ ਦੀ ਸ਼ਲਾਘਾ ਕੀਤੀ ।ਬੁਲੰਦ ਪ੍ਰੈੱਸ ਕਲੱਬ ਦੇ ਪ੍ਰਧਾਨ ਅਮਰਜੀਤ ਸਿੰਘ ਕਲਸੀ ਨੇ ਦੱਸਿਆ ਕਿ ਇਹ ਦਿਨ ਵਿਸ਼ਵ ਪ੍ਰੈੱਸ ਅਜ਼ਾਦੀ ਦਿਵਸ ਦੇ ਤੌਰ 'ਤੇ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਹੈ,ਜਿਸ ਦੀ ਸ਼ੁਰੂਆਤ 3 ਮਈ 1991 ਵਿੱਚ ਨਾਮੀਬੀਆ ਦੀ ਰਾਜਧਾਨੀ ਵਿੰਡਹੋਕ ਵਿਖੇ ਇਕ ਪ੍ਰੈਸ ਕਾਨਫ਼ਰੰਸ ਉਪਰੰਤ ਹੋਈ। ਜਿਸ ਵਿਚ ਸੰਯੁਕਤ ਰਾਸ਼ਟਰ ਮਹਾਸੰਘ ਨੇ ਪੱਤਰਕਾਰਾਂ ਦੇ ਹੱਕਾਂ ਅਤੇ ਉਨ੍ਹਾਂ ਦੀ ਅਜ਼ਾਦੀ ਲਈ 1993 ਵਿੱਚ ਇਹ ਦਿਨ ਵਿਸ਼ਵ ਵਿੱਚ ਹਰ ਥਾਂ ਮਨਾਉਣ ਦਾ ਉਪਰਾਲਾ ਸ਼ੁਰੂ ਕੀਤਾ ਗਿਆ ਅਤੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਨੱਥਾ ਸਿੰਘ ਦਾ ਧੰਨਵਾਦ ਵੀ ਕੀਤਾ। ਉੱਘੇ ਸਮਾਜ ਸੇਵੀ ਡਾ. ਰਾਜਪਾਲ ਸਿੰਘ ਚੌਧਰੀ ਨੇ ਪ੍ਰਿੰਸੀਪਲ ਅਤੇ ਅਧਿਆਪਕ ਸਾਹਿਬਾਨ, ਮਸ਼ਹੂਰ ਅਤੇ ਉੱਘੀਆਂ ਸਮਾਜ ਸੇਵੀ ਹਸਤੀਆਂ ਦਾ ਇਸ ਸਮਾਗਮ ਵਿੱਚ ਪਹੁੰਚਣ 'ਤੇ ਹਾਰਦਿਕ ਸਵਾਗਤ ਕਰਦੇ ਹੋਏ ਪੱਤਰਕਾਰਾਂ ਦੀ ਤੁਲਨਾ ਫ਼ੌਜੀਆਂ ਨਾਲ ਕਰਦਿਆਂ ਕਿਹਾ ਕਿ ਪ੍ਰੈੱਸ ਲੋਕਤੰਤਰ ਦਾ ਚੌਥਾ ਥੰਮ੍ਹ ਹੈ ਅਤੇ ਇਨ੍ਹਾਂ ਨੂੰ ਕੰਮ ਕਰਦਿਆਂ ਕਈ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮੌਕੇ ਪਹੁੰਚੇ ਵਿਸ਼ੇਸ਼ ਤੌਰ 'ਤੇ ਇੰਟਰਨੈਸ਼ਨਲ ਸੰਤ ਸਮਾਜ ਦੇ ਪ੍ਰਧਾਨ ਬਾਬਾ ਧਰਮ ਸਿੰਘ ਖਾਲਸਾ , ਗੁਰਦੁਆਰਾ ਸ਼ਹੀਦ ਬੁਰਜ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਬਹਾਦਰ ਸਿੰਘ ਮਕੜੌਨੇ ਵਾਲਿਆਂ, ਬਾਬਾ ਜੋਗਿੰਦਰ ਸਿੰਘ ਸ੍ਰੀ ਚਮਕੌਰ ਸਾਹਿਬ ਵਾਲੇ , ਬੀਬੀ ਸ਼ਰਨ ਕੌਰ ਖਾਲਸਾ ਕਾਲਜ ਦੇ ਪ੍ਰਿੰਸੀਪਲ ਹਰਪ੍ਰੀਤ ਕੌਰ, ਪ੍ਰੋ ਅੰਮ੍ਰਿਤਾ ਕੌਰ , ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਡਾਇਰੈਕਟਰ ਸ਼ਿੰਦਰਪਾਲ ਕੌਰ ਅਟਵਾਲ ਅਤੇ ਪ੍ਰਿੰਸੀਪਲ ਅਨੁਰਾਧਾ ਧੀਮਾਨ, ਐਮ ਡੀ ਅਰੋੜਾ ਹਸਪਤਾਲ ਸ੍ਰੀ ਚਮਕੌਰ ਸਾਹਿਬ ਡਾ. ਵਰਿੰਦਰਪਾਲ ਸਿੰਘ ਅਰੋੜਾ, ਪ੍ਰੋ. ਜਗਰੂਪ ਸਿੰਘ , ਉਘੇ ਸਮਾਜ ਸੇਵੀ ਨਿਰਵੈਰ ਸਿੰਘ ਬਿੱਲਾ ਭੂਰੜੇ , ਵਿਸ਼ਾਲ ਕੁਮਾਰ, ਹਰਜਿੰਦਰ ਸਿੰਘ, ਗੁਰਪ੍ਰੀਤ ਕੌਰ,ਮਸ਼ਹੂਰ ਬਾਲੀਵੁੱਡ ਅਤੇ ਪੰਜਾਬੀ ਫਿਲਮਾਂ ਦੇ ਅਦਾਕਾਰ ਹਰਵਿੰਦਰ ਸਿੰਘ ਔਜਲਾ ,ਗ੍ਰੀਨਵੇਜ ਸਕੂਲ ਰੁੜਕੀ ਹੀਰਾ ਦੇ ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਮੱਲ੍ਹੀ, ਸਾਰਗ ਸਮਾਰਟ ਸਕੂਲ ਦੇ ਪ੍ਰਿੰਸੀਪਲ ਰਜਿੰਦਰ ਕੌਰ, ਜੀਨੀਅਸ ਇੰਟਰਨੈਸ਼ਨਲ ਸਕੂਲ ਰੋਪੜ ਦੇ ਇਸਟੇਟ ਮਨੇਜਰ ਚਰਨਜੀਤ ਸਿੰਘ ਅਤੇ ਪੀ.ਆਰ.ਓ ਮੈਡਮ ਸ਼ਸ਼ੀ , ਸ੍ਰੀ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਮਾਸਟਰ ਰਜਿੰਦਰ ਸਿੰਘ, ਮਾਸਟਰ ਰਵਿੰਦਰਪਾਲ ਸਿੰਘ, ਸ੍ਰੀ ਚਮਕੌਰ ਸਾਹਿਬ ਸਮੂਹ ਬੁਲੰਦ ਪ੍ਰੈੱਸ ਕਲੱਬਾਂ ਦੇ ਮੈਂਬਰ ਅੰਮ੍ਰਿਤ ਕੌਰ ,ਅਵਤਾਰ ਸਿੰਘ ਭੰਗੂ, ਵਿਸ਼ਾਲ, ਭਗਵਾਨ ਸ੍ਰੀ ਵਿਸ਼ਵਕਰਮਾ ਭਵਨ ਕਮੇਟੀ ਦੇ ਪ੍ਰਧਾਨ ਜਸਵੀਰ ਸਿੰਘ , ਲਖਬੀਰ ਸਿੰਘ ਲੱਕੀ, ਕੌਂਸਲਰ ਹਰਵਿੰਦਰ ਸਿੰਘ ਲਾਲੀ, ਪਰਮਜੀਤ ਕੌਰ, ਅਮਨ ਸੋਹੀ, ਸਿੱਖੀ ਬਚਾਓ ਪਿਆਰੇ ਓ ਚੈਰੀਟੇਬਲ ਟਰੱਸਟ ਦੇ ਮੈਂਬਰ ਗੁਰਪ੍ਰੀਤ ਸਿੰਘ, ਲਖਵਿੰਦਰ ਸਿੰਘ ਆਦਿ ਹਾਜ਼ਰ ਸਨ।

# ਸੀ.ਪੀ.ਆਈ.(ਐੱਮ) ਵੱਲੋਂ ਪਹਿਲਵਾਨ ਲੜਕੀਆਂ ਦੀਆਂ ਮੰਗਾਂ ਦਾ ਸਮਰਥਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਸੀ.ਪੀ.ਆਈ.(ਐਮ) ਤਹਿਸੀਲ ਕਮੇਟੀ ਹੁਸ਼ਿਆਰਪੁਰ ਦੀ ਮੀਟਿੰਗ ਸ਼ਹੀਦ ਸਾਥੀ ਚੰਨਣ ਸਿੰਘ ਧੂਤ ਭਵਨ ਵਿਖੇ ਸਾਥੀ ਸੰਤੋਖ ਸਿੰਘ ਭੀਲੋਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਸਾਥੀ ਸੁਮੀਤ ਚੋਪੜਾ, ਮਦਨ ਘੋਸ਼ ਤੇ ਸਾਥੀ ਚਰਨਜੀਤ ਸਿੰਘ ਚਠਿਆਲ ਜੋ ਕਿ ਪਿਛਲੇ ਦਿਨੀ ਸਾਨੂੰ ਸਦੀਵੀਂ ਵਿਛੋੜਾ ਦੇ ਗਏ ਨੂੰ ਦੋ ਮਿੰਟ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਂਟ ਕੀਤੀ। ਮੀਟਿੰਗ ਵਿੱਚ ਉਚੇਚੇ ਤੌਰ 'ਤੇ ਸੂਬਾ ਸਕੱਤਰੇਤ ਮੈਂਬਰ ਤੇ ਜ਼ਿਲ੍ਹਾ ਸਕੱਤਰ ਸਾਥੀ ਗੁਰਨੇਕ ਸਿੰਘ ਭੱਜਲ ਅਤੇ ਸੂਬਾ ਕਮੇਟੀ ਮੈਂਬਰ ਸਾਥੀ ਗੁਰਮੇਸ਼ ਸਿੰਘ ਨੇ ਸ਼ਮੂਲੀਅਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਥੀ ਭੱਜਲ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਰਾਜ ਵਿੱਚ ਉਨਾਂ ਦਾ ਇਕ ਐਮ.ਪੀ. ਅਤੇ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ 'ਤੇ ਪਹਿਲਵਾਨ ਲੜਕੀਆਂ ਵਲੋਂ ਉਨਾਂ ਦੇ ਯੌਨ ਸ਼ੋਸ਼ਣ ਸਬੰਧੀ ਲਿਖਤੀ ਸ਼ਿਕਾਇਤ ਦੇਣ ਦੇ ਬਾਵਜੂਦ ਕੇਂਦਰ ਦੀ ਪੂਰੀ ਸਰਕਾਰ ਉਸ ਨੂੰ ਬਚਾਉਣ ਲਈ ਲੱਗੀ ਹੋਈ ਹੈ। ਜੋ ਇਕ ਸ਼ਰਮਨਾਕ ਵਰਤਾਰਾ ਹੈ। ਤਹਿਸੀਲ ਕਮੇਟੀ ਸਕੱਤਰ ਸਾਥੀ ਕਮਲਜੀਤ ਸਿੰਘ ਰਾਜਪੁਰ ਭਾਈਆਂ ਨੇ ਦੱਸਿਆ ਕਿ ਪਾਰਟੀ ਮੈਂਬਰਸ਼ਿਪ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ। ਪਾਰਟੀ ਫੰਡ ਦੇ ਪਹਿਲੇ 50 ਹਜ਼ਾਰ ਦਾ ਕੋਟਾ 31 ਮਈ ਤੋਂ ਪਹਿਲਾਂ-ਪਹਿਲਾਂ ਜਨਤਕ ਉਗਰਾਹੀ ਕਰਨ ਲਈ ਸਾਥੀਆਂ ਦੀਆਂ ਟੀਮਾਂ ਬਣਾ ਦਿੱਤੀਆਂ ਗਈਆਂ ਹਨ। 17-ਮਈ ਨੂੰ ਹੁਸ਼ਿਆਰਪੁਰ ਵਿੱਚ ਕੀਤੇ ਜਾ ਰਹੇ ਇਕੱਠ ਵਿੱਚ 20 ਨੌਜਵਾਨਾਂ ਨੂੰ ਸ਼ਾਮਿਲ ਕਰਨ ਦਾ ਫੈਸਲਾ ਲਿਆ ਗਿਆ ਹੈ। ਮੀਟਿੰਗ ਵਿੱਚ ਭਾਰਤੀ ਜਨਤਾ ਪਾਰਟੀ ਦੀ ਮੋਦੀ ਦੀ ਅਗਵਾਈ ਵਾਲੀ ਸਰਕਾਰ ਦਾ ਪਹਿਲਵਾਨ ਕੁੜੀਆਂ ਪ੍ਰਤੀ ਵਤੀਰਾ ਤੇ ਬ੍ਰਿਜ ਭੂਸ਼ਣ ਸਰਨ ਸਿੰਘ ਜਿਸ ਉਪਰ ਯੌਨ ਸ਼ੋਸ਼ਣ ਦੇ ਬੜੇ ਗੰਭੀਰ ਇਲਜ਼ਾਮ ਹਨ, ਨੂੰ ਬਚਾਉਣ ਲਈ ਕੀਤੇ ਜਾ ਰਹੇ ਯਤਨਾ ਦੀ ਇਕ ਮੱਤੇ ਰਾਹੀਂ ਸਖਤ ਨਿਖੇਧੀ ਕੀਤੀ ਗਈ। ਇਸ ਮੀਟਿੰਗ ਵਿੱਚ ਸਰਵ ਸਾਥੀ ਗੁਰਬਖਸ਼ ਸਿੰਘ ਸੂਸ, ਪ੍ਰੇਮ ਲਤਾ, ਸੁਰਿੰਦਰ ਕੌਰ, ਇੰਦਰਪਾਲ ਸਿੰਘ, ਧਰਮਪਾਲ, ਜੋਗਿੰਦਰ ਭੱਟੀ ਰਾਜਪੁਰ ਭਾਈਆਂ, ਸੁੱਚਾ ਸਿੰਘ ਕਾਲੀਆ, ਮਹਿੰਦਰ ਸਿੰਘ ਭੀਲੋਵਾਲ, ਭੁਪਿੰਦਰ ਸਿੰਘ ਮੁਖਲਿਆਣਾ, ਬਲਵਿੰਦਰ ਸਿੰਘ ਹੋਠੀ, ਪਰਸ਼ਨ ਸਿੰਘ, ਮਨਜੀਤ ਸਿੰਘ ਲਹਿਲੀ ਕਲਾਂ ਆਦਿ ਹਾਜ਼ਰ ਸਨ।

5-May-PAGE-9.qxd 5/4/2023 11:24 PM Page 1



# ਮੁੱਖ ਮੰਤਰੀ ਨੇ ਸੁਸ਼ੀਲ ਰਿੰਕੂ ਦੇ ਹੱਕ 'ਚ ਵੱਖ-ਵੱਖ ਇਲਾਕਿਆਂ 'ਚ ਕੀਤਾ ਰੋਡ ਸ਼ੋਅ



**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਜਲੰਧਰ ਲੋਕ ਸਭਾ ਉੱਪ ਚੋਣ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ 'ਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਰਤਾਰਪੁਰ ਦੇ ਵੱਖ-ਵੱਖ ਇਲਾਕਿਆਂ 'ਚ ਰੋਡ ਸ਼ੋਅ ਕਰਕੇ ਲੋਕਾਂ ਨੂੰ 'ਆਪ' ਉਮੀਦਵਾਰ ਨੂੰ ਜਿਤਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਰੋਡ ਸੋਅ ਕਰਤਾਰਪੁਰ ਦੇ ਜੰਡੂ ਸਿੰਘਾਂ ਤੋਂ ਸ਼ੁਰੂ ਕੀਤਾ। ਇੱਥੋਂ ਉਹ ਮਦਾਰਾ ਹੁੰਦੇ ਹੋਏ ਢੋਗਰੀ ਪਹੁੰਚੇ। ਰੋਡ ਸ਼ੋਅ ਦੌਰਾਨ ਮੁੱਖ ਮੰਤਰੀ ਮਾਨ ਨੇ ਕਈ ਥਾਵਾਂ 'ਤੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ 70 ਸਾਲ ਅਕਾਲੀ ਦਲ ਅਤੇ ਕਾਂਗਰਸ ਨੂੰ ਮੌਕਾ ਦਿੱਤਾ, ਪਰ ਇਨ੍ਹਾਂ ਨੇ ਤੁਹਾਡੇ ਲਈ ਕੁਝ ਨਹੀਂ ਕੀਤਾ। ਬੱਸ ਸਾਨੂੰ ਕੰਮ ਕਰਨ ਲਈ ਇੱਕ ਸਾਲ ਹੋਰ ਦੇ ਦਿਓ। ਜੇਕਰ ਤੁਹਾਨੂੰ ਸਾਡਾ ਕੰਮ ਪਸੰਦ ਨਹੀਂ ਆਇਆ, ਤਾਂ 2024 ਵਿੱਚ ਸਾਨੂੰ ਵੋਟ ਨਾ ਦਿਓ।

ਰੁਜਗਾਰ ਦੇ ਮੁੱਦੇ 'ਤੇ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੌਜਵਾਨਾਂ ਨੂੰ ਪੰਜ ਸਾਲਾਂ ਵਿੱਚ ਸਿਰਫ ਇੱਕ ਵਾਰ ਹੀ ਸਰਕਾਰੀ ਨੌਕਰੀ ਦਾ ਮੌਕਾ ਦਿੰਦੀਆਂ ਸਨ। ਸਰਕਾਰੀ ਨੌਕਰੀਆਂ ਲਈ ਅਸਾਮੀਆਂ ਅਕਸਰ ਚੋਣਾਂ ਤੋਂ ਛੇ ਮਹੀਨੇ ਪਹਿਲਾਂ ਜਾਰੀ ਕੀਤੀਆਂ ਜਾਂਦੀਆਂ ਸਨ। ਅਸੀਂ ਇਕ ਸਾਲ ਵਿਚ ਤਿੰਨ ਵਾਰ ਸਰਕਾਰੀ ਨੌਕਰੀਆਂ ਜਾਰੀ ਕੀਤੀਆਂ ਹਨ ਅਤੇ ਪੰਜਾਬ ਦੇ ਲਗਭਗ 29000 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਇਸ ਤੋਂ ਇਲਾਵਾ ਨਿੱਜੀ ਖੇਤਰ ਵਿੱਚ ਵੀ ਲੱਖਾਂ ਨੌਕਰੀਆਂ ਦੇ ਮੌਕੇ ਪੈਦਾ ਹੋਏ ਹਨ।

ਮੁੱਖ ਮੰਤਰੀ ਨੇ ਜਲੰਧਰ ਦੇ ਲੋਕਾਂ ਨੂੰ 'ਆਪ' ਉਮੀਦਵਾਰ ਦੀ ਹਮਾਇਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਚੋਣ ਨਾਲ ਭਾਜਪਾ ਅਤੇ ਕਾਂਗਰਸ ਵਿੱਚ ਕੋਈ ਫਰਕ ਨਹੀਂ ਪੈਣ ਵਾਲਾ। ਪਰ 'ਆਪ' ਉਮੀਦਵਾਰ ਸੁਸ਼ੀਲ ਰਿੰਕੂ ਦੀ ਜਿੱਤ ਸਾਡੇ ਹੌਸਲੇ ਬੁਲੰਦ ਕਰੇਗੀ।

## ਬੁੱਧ ਪੂਰਨਿਮਾ ਸਮਾਰੋਹ ਅੰਬੇਡਕਰ ਭਵਨ ਵਿਖੇ ਅੱਜ

**ਜਲੰਧਰ (ਰਾਜੇਸ਼ ਥਾਪਾ):** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਅੰਬੇਡਕਰ ਮਿਸਨ ਸੁਸਾਇਟੀ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਅੰਬੇਡਕਰ ਭਵਨ ਜਲੰਧਰ ਵਿਖੇ ਸੁਸਾਇਟੀ ਦੇ ਪ੍ਰਧਾਨ ਸੋਹਣ ਲਾਲ ਸਾਬਕਾ ਡੀ ਪੀ ਆਈ (ਕਾਲਜਾਂ) ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ 5 ਮਈ ਨੂੰ ਅੰਬੇਡਕਰ ਭਵਨ ਵਿਖੇ ਹਰ ਸਾਲ ਦੀ ਤਰ੍ਹਾਂ ਬੁੱਧ ਪੂਰਨਿਮਾ ਸਮਾਰੋਹ ਸ਼ਰਧਾ ਅਤੇ ਉਤਸ਼ਾਹ ਨਾਲ ਵੱਡੇ ਪੱਧਰ 'ਤੇ ਮਨਾਉਣ ਦਾ ਫੈਸਲਾ ਕੀਤਾ ਗਿਆ।

ਭਾਰਦਵਾਜ ਨੇ ਦੱਸਿਆ ਕਿ ਅੰਬੇਡਕਰ ਭਵਨ ਉਹ ਇਤਿਹਾਸਕ ਸਥਾਨ ਹੈ ਜਿੱਥੇ ਬਾਬਾ ਸਾਹਿਬ ਡਾ: ਅੰਬੇਡਕਰ 27 ਅਕਤੂਬਰ, 1951 ਨੂੰ ਆਏ ਸਨ ਅਤੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ।

ਉਨ੍ਹਾਂ ਅੱਗੇ ਦੱਸਿਆ ਕਿ ਮੀਟਿੰਗ ਵਿੱਚ ਮੈਡਮ ਸੁਦੇਸ਼ ਕਲਿਆਣ ਪ੍ਰੋਗਰਾਮ ਐਗਜ਼ੀਕਿਊਟਿਵ (ਰਿਟਾ.) ਦੂਰਦਰਸ਼ਨ ਕੇਂਦਰ ਜਲੰਧਰ, ਡਾ. ਜੀ ਸੀ ਕੌਲ ਐੱਮ. ਏ. ਪੀ ਐਚ. ਡੀ. ਪ੍ਰੋਫੈਸਰ (ਰਿਟਾ.) ਅਤੇ ਲਾਹੌਰੀ ਰਾਮ ਬਾਲੀ ਸੰਪਾਦਕ ਭੀਮ ਪਤ੍ਰਿਕਾ ਨੂੰ ਮੁਖ ਬੁਲਾਰਿਆਂ ਵਜੋਂ ਬੁਲਾਉਣ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਤੋਂ ਇਲਾਵਾ ਹੋਰ ਵਿਦਵਾਨ ਵੀ ਆਪਣੇ ਮਹਾਂਮਾਨਵ ਬੁੱਧ ਦੀਆਂ ਸਿਖਿਆਵਾਂ 'ਤੇ ਵਿਚਾਰ ਪੇਸ ਕਰਨਗੇ।

ਇਸ ਮੌਕੇ ਲਾਹੌਰੀ ਰਾਮ ਬਾਲੀ, ਮੈਡਮ ਸੁਦੇਸ਼ ਕਲਿਆਣ, ਪ੍ਰੋਫੈਸਰ ਬਲਬੀਰ, ਪਰਮਿੰਦਰ ਸਿੰਘ ਖੁੱਤਣ ਐਡਵੋਕੇਟ, ਤਿਲਕ ਰਾਜ, ਨਿਰਮਲ ਬਿੰਜੀ, ਵਿਨੋਦ ਕਲੇਰ, ਪਿਸ਼ੌਰੀ ਲਾਲ ਸੰਧੂ, ਕੁਲਦੀਪ ਭੱਟੀ ਐਡਵੋਕੇਟ ਆਦਿ ਹਾਜ਼ਰ ਸਨ

## ਕਾਂਗਰਸ ਦੇ ਗੜ੍ਹ ਨਾਜਕਾ ਵਿਖੇ 'ਆਪ' ਨੇ ਲਾਈ ਸੰਨ੍ਹ



**ਆਦਮਪੁਰ (ਪਰਮਜੀਤ ਸਿੰਘ):-** ਆਦਮਪੁਰ ਦੇ ਨਜਦੀਕੀ ਪਿੰਡ ਨਾਜਕਾ ਜਿਲ੍ਹਾ ਜਲੰਧਰ ਦੇ ਰਿਟਾਇਰਡ ਲੈਕਚਰਾਰ ਹਰਦੀਪ ਸਿੰਘ ਉਰਫ ਸਾਇਰ ਹਰਦੀਪ ਮਾਨਵ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਦੀ ਹਾਜ਼ਰੀ 'ਚ ਆਪਣੇ ਗਰਿਹ ਵਿਖੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ ਹਨ। ਉਹਨਾਂ ਦੇ ਨਾਲ ਸ਼ੌਕੀਨ ਸਿੰਘ ਸੌਂਕੀ ਪਿੰਡ ਨਾਜਕਾ, ਸੁਰਿੰਦਰ ਸਿੰਘ ਛਿੰਦਾ ਪਿੰਡ ਕਡਿਆਨਾ ਨੇ ਵੀ ਆਪ ਵਿੱਚ ਸ਼ਮੂਲੀਅਤ ਕੀਤੀ।

ਇਸ ਸਮੇਂ ਹਰਦੀਪ ਸਿੰਘ ਨੇ ਪਾਰਟੀ ਨੂੰ ਸਮਰਪਿਤ ਹੁੰਦੇ ਹੋਏ ਕਿਹਾ ਕਿ ਸੰਨ ਸੰਤਾਲੀ ਤੋਂ ਲੈਕੇ ਅੱਜ ਤੱਕ ਜੋ ਰਿਵਾਇਤੀ ਪਾਰਟੀਆਂ ਨਹੀਂ ਕਰ ਸਕੀਆਂ, ਉਹ ਭਗਵੰਤ ਮਾਨ ਤੇ ਉਨ੍ਹਾਂ ਦੀ ਟੀਮ ਨੇ ਇੱਕ ਸਾਲ ਵਿੱਚ ਕਰ ਦਿਖਾਇਆ ਹੈ। ਇਸ ਸਮੇਂ ਕੁਲਦੀਪ ਸਿੰਘ ਧਾਲੀਵਾਲ ਨੇ ਪਾਰਟੀ ਦੀਆਂ ਪ੍ਰਾਪਤੀਆਂ ਦਾ ਜਕਿਰ ਕਰਦਿਆਂ ਆਪਣੀ ਇੱਕ ਇੱਕ ਵੋਟ ਪਾਰਟੀ ਉਮੀਦਵਾਰ ਸੁਸੀਲ ਕੁਮਾਰ ਰਿੰਕੂ ਦੇ ਹੱਕ ਵਿੱਚ ਭੁਗਤਾਉਣ ਦਾ ਸੱਦਾ ਦਿੱਤਾ। ਇਸ ਮੌਕੇ ਆਦਮਪੁਰ ਹਲਕਾ ਇੰਚਾਰਜ ਜੀਤ ਲਾਲ ਭੱਟੀ, ਸੁਰਿੰਦਰ ਸਿੰਘ ਪੰਡੋਰੀ ਨਿੱਝਰਾਂ, ਹਰਿੰਦਰ ਸਿੰਘ ਆਦਮਪੁਰ, ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ, ਗੁਰਪਾਲ ਸਿੰਘ ਪਰਮਜੀਤ ਸਿੰਘ, ਕਮਲਜੀਤ ਸਿੰਘ ਇਲਾਵਾ ਸਾਥੀਆਂ ਸਮੇਤ ਵੱਡੀ ਗਿਣਤੀ 'ਚ ਨਗਰ ਨਿਵਾਸੀ ਹਾਜ਼ਰ ਸਨ।

## ਅਰਪਣ ਤੇ ਜਸਨੂਰ ਦੀ ਸਟੇਟ ਲੈਵਲ ਕਿੱਕ ਬਾਕਸਿੰਗ ਟੀਮ 'ਚ ਸਿਲੈਕਸ਼ਨ

**ਟਾਂਡਾ ਉੜਮੜ (ਉਂਕਾਰ ਸਿੰਘ ਜਸਵਿੰਦਰ ਸੰਧੂ)** ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸਨਲ ਸੀਨੀਅਰ ਸੈਕੰਡਰੀ ਸਕੂਲ, ਸਾਹਬਾਜਪੁਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸਦਾ ਮੋਹਰੀ ਰਿਹਾ ਹੈ. ਆਪਣੀ ਏਸੇ ਪਛਾਣ ਨੂੰ ਕਾਇਮ ਰੱਖਦੇ ਹੋਏ ਸਿਲਵਰ ਓਕ ਦੀਆਂ ਖਿਡਾਰਨਾਂ ਨੇ ਇੱਕ ਵਾਰ ਫਿਰ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ. ਸਕੂਲ ਦੀਆਂ ਕਿੱਕ ਬੋਕਸਿੰਗ ਦੀਆਂ ਖਿਡਾਰਨਾਂ ਜਸਨੂਰ ਅਤੇ ਅਰਪਣ ਨੇ ਕਿੱਕ ਬਾਕਸਿੰਗ ਦੀ ਸਟੇਟ ਲੈਵਲ ਟੀਮ ਵਿੱਚ ਆਪਣੀ ਜਗ੍ਹਾ ਬਣਾਈ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਇਹ ਬੱਚੀਆਂ ਪਹਿਲਾਂ ਵੀ ਜ਼ਿਲ੍ਹਾ ਪੱਧਰ ਕਿੱਕ ਬਾਕਸਿੰਗ ਪ੍ਰਤੀਯੋਗਿਤਾ ਵਿੱਚ ਵਧੀਆ ਪ੍ਰਦਰਸ਼ਨ ਕਰ ਚੁੱਕੀਆਂ ਹਨ।

ਸਕੂਲ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਬੱਚਿਆਂ ਦਾ ਹੌਂਸਲਾ ਵਧਾਇਆ ਅਤੇ ਉਹਨਾਂ ਨੂੰ ਅੱਗੇ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਉਹਨਾਂ ਉਮੀਦ ਜਤਾਈ ਕਿ ਇਹ ਖਿਡਾਰਨਾਂ ਭਵਿੱਖ ਵਿੱਚ ਵੀ ਸਾਨੂੰ ਮਾਣ ਦਵਾਉਣਗੀਆਂ।

ਇਸ ਮੌਕੇ ਮੈਨੇਜਰ ਕਰਨਜੀਤ ਸਿੰਘ,ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਅਮਰਜੀਤ ਕੌਰ ਸੈਣੀ, ਜਗਬੰਧਨ ਸਿੰਘ, ਪਰਮਜੀਤ ਕੌਰ, ਰਾਜਵੀਰ ਕੌਰ, ਰਾਜਵਿੰਦਰ ਕੌਰ, ਗੁਰਪ੍ਰੀਤ, ਵਿਸ਼ਾਲੀ, ਸੁਮੀਤ, ਬਲਜੀਤ ਅਤੇ ਬਾਕੀ ਸਟਾਫ਼ ਵੀ ਮੌਜੂਦ ਸੀ।

## ਪਿਪਸ ਵਿਖੇ ਵਿਦਿਆਰਥੀਆਂ ਨੂੰ ਬ੍ਰਹਿਮੰਡ ਬਾਰੇ ਦਿੱਤੀ ਜਾਣਕਾਰੀ




**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)-** ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਪਿੱਪਲ ਮਾਜਰਾ ਸ੍ਰੀ ਚਮਕੌਰ ਸਾਹਿਬ ਵਿਖੇ ਵਿਦਿਆਰਥੀਆਂ ਨੂੰ ਸਾਇੰਸ ਦੀ ਵਿਸ਼ੇਸ਼ ਤਕਨੀਕ ਰਾਹੀਂ ਬ੍ਰਹਿਮੰਡ ਦੇ ਗੁੱਝੇ ਭੇਦਾਂ ਦੀ ਜਾਣਕਾਰੀ ਦਿੱਤੀ ਗਈ। ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਅਨੁਰਾਧਾ ਧੀਮਾਨ ਨੇ ਦੱਸਿਆ ਕਿ ਸਕੂਲ ਦੇ ਪਹਿਲੀ ਜਮਾਤ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਮੋਬਾਈਲ ਪਲੈਨੇਟੇਰੀਅਮ ਵਿਧੀ ਰਾਹੀਂ ਪੂਰੇ ਬ੍ਰਹਿਮੰਡ ਦੀ ਬਣਤਰ, ਜਿਸ ਵਿੱਚ ਸੌਰ ਮੰਡਲ, ਗਲੈਕਸੀਆਂ, ਤਾਰਾ ਸਮੂਹ ਦੀ ਬਣਤਰ ਅਤੇ ਬ੍ਰਹਿਮੰਡ ਦੀਆਂ ਹੋਰ ਅਨੇਕਾਂ ਰਹੱਸ-ਭਰਪੂਰ ਗੱਲਾਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ। ਉਨ੍ਹਾ ਦੱਸਿਆ ਕਿ ਵਿਦਿਆਰਥੀਆਂ ਨੂੰ ਇਸ ਤਕਨੀਕ ਰਾਹੀਂ ਸਿੱਖਿਆ ਦੇਣ ਦਾ ਸਮੁੱਚਾ ਸਿਹਰਾ ਸਕੂਲ ਦੇ ਪ੍ਰਬੰਧਕ ਸੁਰਜੀਤ ਸਿੰਘ ਅਤੇ ਮੈਨੇਜਰ ਪ੍ਰੀਤਪਾਲ ਕੌਰ ਅਟਵਾਲ ਨੂੰ ਜਾਂਦਾ ਹੈ। ਸਕੂਲ ਪ੍ਰਧਾਨ ਗੁਰਦੇਵ ਸਿੰਘ ਅਟਵਾਲ ਅਤੇ ਨਿਰਦੇਸ਼ਕਾ ਸੁਰਿੰਦਰਪਾਲ ਕੌਰ ਅਟਵਾਲ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਹੋ ਜਿਹੀ ਤਕਨੀਕ ਰਾਹੀਂ ਸਿੱਖਿਆ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਜਲੰਧਰ ਕਰਮਚਾਰੀਆਂ ਨੇ ਘੇਰੀ ਆਪ ਦੀ ਸਰਕਾਰ



**ਜਲੰਧਰ (ਰਾਜੇਸ਼ ਥਾਪਾ)** ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ ਇੰਪਲਾਈਜ਼ ਐਸੋਸੀਏਸ਼ਨ ਪੰਜਾਬ, ਸਰਵ ਸਿਖਿਆ ਅਭਿਆਨ (ਮਿਡ ਦੇ ਮੀਲ ਦਫ਼ਤਰੀ ਕਰਮਚਾਰੀ ਯੂਨੀਅਨ), ਨੈਸ਼ਨਲ ਹੈਲਥ ਮਿਸ਼ਨ ਇੰਪਲਾਈਜ਼ ਯੂਨੀਅਨ, ਆਸ਼ਾ ਵਰਕਰ ਅਤੇ ਆਸ਼ਾ ਫੈਸਿਲਿਟੇਟਰ ਨਿਰੋਲ ਯੂਨੀਅਨ, ਐਮ. ਪੀ. ਐਚ. ਡਬਲਿਊ. ਐਸੋਸੀਏਸ਼ਨ, ਫਾਰਮੇਸੀ ਆਫ਼ਿਸਰ ਐਸੋਸੀਏਸ਼ਨ ਪੰਜਾਬ, ਰੂਰਲ ਹੈਲਥ ਫਾਰਮੇਸੀ ਆਫ਼ਿਸਰ ਐਸੋਸੀਏਸ਼ਨ ਪੰਜਾਬ, ਕੱਚੇ ਅਧਿਆਪਕ ਯੂਨੀਅਨ ਪੰਜਾਬ, ਈ.ਜੀ. ਐਸ./ ਏ. ਆਈ.ਈ. ਐਸ. ਟੀ. ਆਰ. , ਐਨ. ਐਸ. ਕਿਉ. ਐਫ.ਯੂਨੀਅਨ, 8736 ਕੱਚੇ ਅਧਿਆਪਕ ਯੂਨੀਅਨ ਅਤੇ ਮਾਸਟਰ ਮੋਟੀਵੇਟਰ ਯੂਨੀਅਨ ਵਾਟਰ ਸਪਲਾਈ ਦੇ ਆਗੂਆਂ ਵੱਲੋਂ ਇੱਕ ਸਾਂਝੇ ਰੂਪ ਵਿਚ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਅੱਜ ਜਲੰਧਰ ਪ੍ਰਸ਼ਾਸਨ ਵੱਲੋਂ ਸਾਰੀਆਂ ਜਥੇਬੰਦੀਆਂ ਦੇ ਆਗੂਆਂ ਨੂੰ ਅੱਜ ਮੀਟਿੰਗ ਲਈ ਜਲੰਧਰ ਬੁਲਾਇਆ ਗਿਆ। ਉਹਨਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਉਹਨਾਂ ਦੀ ਮੀਟਿੰਗ ਮੁੱਖ ਮੰਤਰੀ ਭਗਵੰਤ ਮਾਨ ਨਾਲ ਕਰਵਾਈ ਜਾਵੇਗੀ, ਪਰ ਸਾਰਾ ਦਿਨ ਉਡੀਕ ਕਰਨ ਦੇ ਬਾਅਦ ਉਹਨਾਂ ਕੋਈ ਮੀਟਿੰਗ ਨਹੀਂ ਕਾਰਵਾਈ ਗਈ। ਇਸ ਲਈ ਸਾਰੀਆਂ ਜਥੇਬੰਦੀਆਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

## ਭਾਗੋਬੁੱਢਾ ਵਿਖੇ ਗੋਲੀਬਾਰੀ ਕਰਨ ਵਾਲਾ ਮੁਲਜ਼ਮ ਕਾਬੂ

**ਸੁਲਤਾਨਪੁਰ ਲੋਧੀ , (ਬਲਵਿੰਦਰ ਸਿੰਘ ਧਾਲੀਵਾਲ) -** ਸੁਲਤਾਨਪੁਰ ਲੋਧੀ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਕੁਝ ਹੀ ਘੰਟਿਆਂ 'ਚ ਗੋਲੀ ਚਲਾ ਕੇ ਇੱਕ ਪਰਵਾਰ ਦੇ ਦੋ ਮੈਂਬਰਾਂ ਮਾਂ ਅਤੇ ਪੁੱਤਰ ਨੂੰ ਜਖਮੀ ਕਰਨ ਵਾਲੇ ਨੂੰ ਕਾਬੂ ਕਰ ਲਿਆ ਗਿਆ। ਇਸ ਸੰਬੰਧੀ ਜਿਲ੍ਹਾ ਕਪੂਰਥਲਾ ਦੇ ਐੱਸ ਐੱਸ ਪੀ ਰਾਜਪਾਲ ਸਿੰਘ ਸੰਧੂ (ਆਈ ਪੀ ਐਸ) ਨੇ ਪੱਤਰਕਾਰਾਂ ਨੂੰ ਜਾਣਕਾਰੀ ਦੱਸਿਆ ਹੈ ਕਿ ਪਿੰਡ ਭਾਗੋਬੁੱਢਾ ਵਿਖੇ ਗੋਲੀਬਾਰੀ ਕਰਨ ਵਾਲੇ ਦੋਸ਼ੀ ਨੂੰ ਵਾਰਦਾਤ 'ਚ ਵਰਤੇ ਹਥਿਆਰ ਸਮੇਤ ਕਾਬੂ ਕਰਕੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਉਨਾਂ ਕਿਹਾ ਕਿ ਹਰਵਿੰਦਰ ਸਿੰਘ ਐਸ ਪੀ (ਡੀ) ਕਪੂਰਥਲਾ ਅਤੇ ਬਬਨਦੀਪ ਸਿੰਘ ਡੀ ਐਸ ਪੀ ਸਬਡਵੀਜਨ ਸੁਲਤਾਨਪੁਰ ਲੋਧੀ ਦੀਆ ਹਦਾਇਤਾਂ 'ਤੇ ਐਸ ਆਈ ਲਖਵਿੰਦਰ ਸਿੰਘ ਮੁੱਖ ਅਫਸਰ ਥਾਣਾ ਕਬੀਰਪੁਰ ਤੇ ਪੁਲਸ ਥਾਣਾ ਕਬੀਰਪੁਰ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦ ਪਿੰਡ ਭਾਗੋਬੁੱਢਾ 'ਚ ਗੋਲੀ ਚਲਾ ਕੇ ਇੱਕ ਪਰਵਾਰ ਦੇ ਦੋ ਮੈਂਬਰਾਂ ਮਾਂ ਅਤੇ ਪੁੱਤਰ ਨੂੰ ਜਖਮੀ ਕਰਨ ਵਾਲੇ ਨੂੰ ਕਾਬੂ ਕਰ ਲਿਆ ਗਿਆ।

ਮੁਲਜ਼ਮ ਸਾਗਰ ਪੁੱਤਰ ਕੁਲਵੰਤ ਸਿੰਘ ਉਰਫ ਚੱੜਤੂ ਵਾਸੀ ਭਾਗੋਬੁੱਢਾ ਨੂੰ ਵਾਰਦਾਤ 'ਚ ਵਰਤੇ ਗਏ ਹਥਿਆਰ ਦੇਸੀ ਕੱਟਾ (ਪਿਸਤੌਲ) 12 ਬੋਰ ਸਮੇਤ ਇੱਕ ਖੋਲ ਅਤੇ ਕਾਰਤੂਸ ਜਿੰਦਾ ਅਤੇ ਕਿਰਚ ਸਮੇਤ ਕਾਬੂ ਕਰਕੇ ਮੁਕੱਦਮੇ 'ਚ ਗ੍ਰਿਫਤਾਰ ਕੀਤਾ। ਮੁਕੱਦਮੇ ਦੀ ਤਫਤੀਸ ਜਾਰੀ ਹੈ

## ਵਡਾਲਾ, ਗੜ੍ਹੀ ਵੱਲੋਂ ਡਾ. ਸੁੱਖੀ ਦੇ ਹੱਕ 'ਚ ਮੀਟਿੰਗਾਂ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** -ਹਲਕਾ ਨਕੋਦਰ ਦੇ ਵੱਖ ਵੱਖ ਪਿੰਡਾਂ ਦਾ ਦੌਰੇ ਤਹਿਤ ਸਾਬਕਾ ਵਿਧਾਇਕ, ਜਿਲ੍ਹਾ ਪ੍ਰਧਾਨ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਹੇਠ ਜਿਮਣੀ ਚੋਣ ਲੋਕ ਸਭਾ ਵਿੱਚ ਸ੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਦੇ ਹੱਕ ਵਿੱਚ ਵੱਖ-ਵੱਖ ਪਿੰਡਾਂ ਤਹਿਤ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ, ਜਿਸ ਵਿਚ ਮੁੱਖ ਤੌਰ 'ਤੇ ਜਸਵੀਰ ਸਿੰਘ ਗੜ੍ਹੀ ਪੰਜਾਬ ਪ੍ਰਧਾਨ ਬਹੁਜਨ ਸਮਾਜ ਪਾਰਟੀ, ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾ ਅਤੇ ਸਾਬਕਾ ਵਿਧਾਇਕ ਦਿਲਰਾਜ ਸਿੰਘ ਭੂੰਦੜ, ਗੁਰਮੇਲ ਚੁੰਬਰ ਜਨਰਲ ਸੈਕਟਰੀ ਪੰਜਾਬ ਬਹੁਜਨ ਸਮਾਜ ਪਾਰਟੀ, ਜਗਦੀਸ਼ ਸੇਰਪੁਰੀ ਜਿਲ੍ਹਾ ਪ੍ਰਧਾਨ ਬਹੁਜਨ ਸਮਾਜ ਪਾਰਟੀ, ਕਸ਼ਮੀਰੀ ਲਾਲ ਸਰਪੰਚ ਸੰਘੇ ਜਗੀਰ, ਦੇਵਰਾਜ ਸੁਮਨ ਪ੍ਰਧਾਨ ਵਿਧਾਨ ਸਭਾ, ਵਲੈਤੀ ਰਾਮ ਐਮ.ਸੀ ਨੂਰਮਹਿਲ, ਦੀਪਾ ਸ਼ਹਿਰੀ ਪ੍ਰਧਾਨ, ਦਲਵੀਰ ਕੱਦੋ ਐਮ.ਸੀ ਬਿਲਗਾ, ਜਗਦੀਸ਼ ਕਲੇਰ ਪ੍ਰਧਾਨ ਵਿਧਾਨ ਸਭਾ, ਡਾਕਟਰ ਦਵਿੰਦਰ ਜੱਖੂ, ਇੰਚਾਰਜ ਮੰਗਤ ਸਿੰਘ ਇੰਚਾਰਜ ਵਿਧਾਨ ਸਭਾ,ਚਰਨਜੀਤ ਬਜੂਹਾ ਮੈਂਬਰ ਬਲਾਕ ਸੰਮਤੀ ਆਦਿ ਬਹੁਜਨ ਸਮਾਜ ਪਾਰਟੀ ਦੇ ਅਹੁਦੇਦਾਰ ਸਹਿਬਾਨ ਅਤੇ ਵਰਕਰ ਸਹਿਬਾਨ ਹਾਜ਼ਰ ਸਨ। ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਵੱਲੋਂ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਜਾ ਰਿਹਾ ਹੈ।

## ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਕੂਲੀ ਬੱਚਿਆਂ ਵੱਲੋਂ ਘਰ-ਘਰ ਸੁਨੇਹਾ ਪਹੁੰਚਾਉਣ ਦੀ ਲੋੜ : ਸਾਈਂ ਉਮਰੇ ਸ਼ਾਹ



**ਮੇਹਲੀ (ਗੁਰਨਾਮ)**—ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਕੂਲੀ ਬੱਚਿਆਂ ਨੂੰ ਘਰ ਘਰ ਸੁਨੇਹਾ ਪਹੁੰਚਾਉਣ ਦੀ ਲੋੜ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਰੌਜ਼ਾ ਸ਼ਰੀਫ ਮੰਢਾਲੀ ਦੇ ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਨੇ ਪੱਤਰਕਾਰਾਂ ਨਾਲ ਕੀਤਾ। ਉਨ੍ਹਾ ਇਹ ਵੀ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਰੋਕਣ ਲਈ ਸਮਾਜਕ ਜਥੇਬੰਦੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਸਰਵਣ ਸਿੰਘ, ਮੁਹੰਮਦ ਆਸ਼ਿਕ ਨੀਲਾ, ਚਰਨਜੀਤ ਰਾਏ, ਸੋਨੂੰ ਡਰਾਈਵਰ, ਨੀਲਮ ਕੁਮਾਰ, ਸਰਪੰਚ ਮੀਰਾ ਸ਼ਰਮਾ, ਸਾਬਕਾ ਸਰਪੰਚ ਕਮਲਜੀਤ ਕੌਰਤੇ ਵਿਜੇ ਕੁਮਾਰ ਵੀ ਹਾਜ਼ਰ ਸਨ।

## ਤਨੀਸ਼ੀਕਾ ਅਗਰਵਾਲ ਮੈਰਿਟ 'ਚ ਅੱਵਲ

**ਜਲੰਧਰ (ਸ਼ੈਲੀ ਐਲਬਰਟ)-** ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਪੋਸਟ ਗਰੈਜੂਏਟ ਡਿਪਲੋਮਾ ਇਨ ਬਿਜਨਸ ਮੈਨੇਜਮੈਂਟ ਪਹਿਲੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ । ਵਿਦਿਆਰਥਣ ਤਨੀਸ਼ੀਕਾ ਅਗਰਵਾਲ ਨੇ 300 ਵਿਚੋਂ 249 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ। । ਇਸ ਮੌਕੇ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ ਤੇ ਵਿਦਿਆਰਥੀ, ਉਸ ਦੇ ਮਾਪੇ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਵਿਦਿਆਰਥਣ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਇਸ ਮੌਕੇ ਡਾ. ਰਛਪਾਲ ਸਿੰਘ, ਮੁਖੀ ਕਾਮਰਸ ਵਿਭਾਗ ਵੀ ਹਾਜ਼ਰ ਸਨ।

## ਬੁੱਧ ਵਿਹਾਰ ਸਿਥਾਰਥ ਨਗਰ ਵਿਖੇ ਬੁੱਧ ਪੂਰਨਿਮਾ

**ਜਲੰਧਰ (ਨ ਜ਼ ਸ)** ਡਾ. ਬੀ ਆਰ ਅੰਬੇਡਕਰ ਮੈਮੋਰੀਅਲ ਟਰੱਸਟ (ਰਜਿ.) ਵੱਲੋਂ 5 ਮਈ ਨੂੰ ਸਿਧਾਰਥ ਨਗਰ ਬੁੱਧ ਵਿਹਾਰ ਵਿਖੇ 2567ਵੀਂ ਬੁੱਧ ਪੂਰਨਿਮਾਂ ਸ਼ਰਧਾ ਨਾਲ ਮਨਾਈ ਜਾ ਰਹੀ ਹੈ। ਇਸ ਦਿਨ ਭਗਵਾਨ ਬੁੱਧ ਦਾ ਜਨਮ ਹੋਇਆ ਸ, ਇਸੇ ਦਿਨ ਉਨ੍ਹਾ ਨੂੰ ਗਿਆਨ ਹੋਇਆ ਅਤੇ ਇਸੇ ਹੀ ਦਿਨ ਉਨ੍ਹਾ ਨੂੰ ਪ੍ਰੀਨਿਰਮਾਣ ਪ੍ਰਾਪਤ ਹੋਇਆ ਸੀ। ਇਸ ਲਈ ਵਿਸ਼ਵਭਰ ' ਬੁੱਧ ਪੂਰਨਿਮਾਂ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਈ ਜਾਂਦੀ ਹੈ।

## ਜਲਦ ਹੀ ਰੈਗੂਲਰ ਦੇ ਆਰਡਰ ਜਾਰੀ ਕੀਤੇ ਜਾਣਗੇ : ਸਿੱਖਿਆ ਮੰਤਰੀ



**ਜਲੰਧਰ (ਰਾਜੇਸ਼ ਥਾਪਾ)**-ਬੀਤੇ ਦਿਨ ਸਰਵ ਸਿੱਖਿਆ ਅਭਿਆਨ ਦਫਤਰੀ ਕਰਮਚਾਰੀਆਂ ਦੇ ਵਫਦ ਵਲੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਜਲੰਧਰ ਫੇਰੀ 'ਤੇ ਮੁਲਾਕਾਤ ਕੀਤੀ ਗਈ, ਜਿਸ ਦੌਰਾਨ ਮੁਲਾਜ਼ਮ ਸਾਥੀ ਮੈਡਮ ਮੀਨਾਕਸ਼ੀ ਵੱਲੋਂ ਰੈਗੂਲਰ ਦੇ ਆਰਡਰ ਜ਼ਾਰੀ ਕਰਨ ਅਤੇ ਦਫਤਰੀ ਮੁਲਾਜ਼ਮਾਂ ਦੀ 5000 ਰੁਪਏ ਪ੍ਰਤੀ ਮਹੀਨਾ ਚੱਲ ਰਹੀ ਤਨਖਾਹ ਅਨਾਮਲੀ ਸਬੰਧੀ ਗੱਲਬਾਤ ਕੀਤੀ ਗਈ। ਦਫਤਰੀ ਮੁਲਾਜਮ ਰੋਜਾਨਾ ਹੀ ਜਲੰਧਰ ਵਿਖੇ ਆ ਰਹੇ ਕੈਬਿਨਟ ਮੰਤਰੀਆਂ ਅਤੇ ਵੱਖ ਵੱਖ ਵਿਧਾਇਕਾਂ ਨੂੰ ਆਪਣੀਆ ਮੰਗਾਂ ਤੋਂ ਜਾਣੂ ਕਰਵਾਉਂਦੇ ਆ ਰਹੇ ਹਨ। ਸਿੱਖਿਆ ਮੰਤਰੀ ਵੱਲੋਂ ਜਥੇਬੰਦੀ ਦੇ ਸਾਥੀਆਂ ਨੂੰ ਵਿਸ਼ਵਾਸ ਦੁਆਇਆ ਕਿ ਜਲਦ ਹੀ ਰੈਗੂਲਰ ਦੇ ਆਰਡਰ ਜਾਰੀ ਕੀਤੇ ਜਾਣਗੇ ਅਤੇ ਤਨਖਾਹ ਅਨਾਮਲੀ ਸੰਬੰਧੀ ਉਨ੍ਹਾ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ਼ ਗੱਲ ਕਰਕੇ ਮਸਲਾ ਹੱਲ ਕਰਵਾਉਣ ਦਾ ਭਰੋਸਾ ਦਿੱਤਾ।

## ਖਰੜ-ਬਨੂੜ ਮੁੱਖ ਮਾਰਗ 'ਤੇ ਡਰੇਨ ਦੀ ਸਫਾਈ ਦਾ ਕੰਮ ਮੁਕੰਮਲ

**ਮੋਹਾਲੀ (ਗੁਰਜੀਤ ਬਿੱਲਾ)** -ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਅਣਥੱਕ ਯਤਨ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਖਰੜ-ਬਨੂੜ ਹਾਈਵੇਅ 'ਤੇ ਪਾਣੀ ਦੀ ਨਿਕਾਸੀ ਰੁਕਣ ਦੀ ਸ਼ਿਕਾਇਤ ਮਿਲੀ ਸੀ। ਪਿਛਲੇ ਕੁਝ ਸਮੇਂ ਤੋਂ ਡਰੇਨ ਪਲਾਸਟਿਕ, ਬੋਤਲਾਂ, ਪੌਲੀਥੀਨ ਆਦਿ ਸਮੇਤ ਕਈ ਕਾਰਨਾਂ ਕਰਕੇ ਬੰਦ ਹੋ ਗਈ ਸੀ, ਜਿਸ ਕਾਰਨ ਡਰੇਨ ਦੀ ਸਫਾਈ ਲਈ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਕੰਮ ਨੂੰ ਨੇਪਰੇ ਚਾੜ੍ਹਨ ਲਈ ਜੇ ਸੀ ਬੀ ਅਤੇ ਟਰੈਕਟਰ ਜੁਟਾਏ ਗਏ। ਆਰ ਸੀ ਸੀ ਡਰੇਨ ਦੀ ਸਫਾਈ ਦੌਰਾਨ ਸੁਰੱਖਿਆ ਦੇ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਗਏ ਸਨ।

## ਸਰਕਾਰ, ਸਵਰਨਕਾਰ ਭਾਈਚਾਰੇ ਦਾ ਭਲਾਈ ਬੋਰਡ ਜਲਦੀ ਪੁਨਰਗਠਿਤ ਕਰੇ : ਗੋਗਨਾ, ਬੱਗਾ

**ਫਗਵਾੜਾ (ਡਾ. ਰਮਨ)-** ਸਵਰਨਕਾਰ ਸਮਾਜ ਪੰਜਾਬ ਦੇ ਚੀਫ ਪੈਟਰਨ ਹਰਜਿੰਦਰ ਗੋਗਨਾ, ਸੀਨੀਅਰ ਮੀਤ ਪ੍ਰਧਾਨ ਅਮਿਤ ਬੱਗਾ ਨੇ ਦੱਸਿਆ ਕਿ ਸਵਰਨਕਾਰ ਸਮਾਜ ਦੇਸ਼ ਦੀ ਪ੍ਰਗਤੀ ਅਤੇ ਸਮਰਿਧੀ 'ਚ ਮਹੱਤਵਪੂਰਨ ਯੋਗਦਾਨ ਪ੍ਰਦਾਨ ਕਰਦਾ ਆ ਰਿਹਾ ਹੈ, ਪ੍ਰੰਤੂ ਸਵਰਨਕਾਰ ਸਮਾਜ ਦੇ ਵਿਕਾਸ ਤੇ ਉਨੱਤੀ 'ਚ ਸਿਰਫ ਸਵਰਨਕਾਰ ਸਮਾਜ ਪੰਜਾਬ ਹੀ ਵਿਸ਼ੇਸ ਤੌਰ 'ਤੇ ਸਹਿਯੋਗ ਦਿੰਦਾਂ ਆ ਰਹੇ ਹੈ। ਅੱਜ ਤੱਕ ਸਿਰਫ ਤੇ ਸਿਰਫ ਸਰਕਾਰਾਂ ਨੇ ਅਸਵਾਸ਼ਨਾਂ ਤੇ ਅਣਦੇਖੀ ਦੇ ਇਲਾਵਾ ਸਵਰਨਕਾਰ ਸਮਾਜ ਨੂੰ ਕੁਝ ਨਹੀਂ ਦਿੱਤਾ। ਸਮੂਹ ਸਵਰਨਕਾਰ ਸਮਾਜ, ਪੰਜਾਬ, ਸਰਕਾਰ ਨੂੰ ਪੁਰਜੋਰ ਬੇਨਤੀ ਕਰਦਾ ਹੈ ਕਿ, ਸਵਰਨਕਾਰ ਭਾਈਚਾਰੇ ਦੀ ਭਲਾਈ ਲਈ ਜੋ ਸਵਰਨਕਾਰ ਭਲਾਈ ਬੋਰਡ ਦਾ ਗਠਨ ਪਿਛਲੀ ਸਰਕਾਰ ਨੇ ਕੀਤਾ ਸੀ ਉਸ ਨੂੰ ਮੁੜ ਸਿਰਜਣਸ਼ੀਲ ਬਨਾਉਣ ਅਤੇ ਇਸ ਦੇ ਵਿਸਥਾਰ ਲਈ ਮਾਨਯੋਗ ਪੰਜਾਬ ਸਰਕਾਰ ਦੇ ਅਪਣੇ ਦਿਸ਼ਾ-ਨਿਰਦੇਸ਼ਾਂ ਦੀ ਜਰੂਰਤ ਹੈ, ਤਾਂ ਜੋ ਇਹ ਸਵਰਨਕਾਰ ਭਲਾਈ ਬੋਰਡ, ਸਵਰਨਕਾਰ ਸਮਾਜ ਅਤੇ ਬਿਰਾਦਰੀ ਦੀ ਬੇਹਤਰੀ ਤੇ ਵਿਕਾਸ 'ਚ ਵਿਸ਼ੇਸ ਯੋਗਦਾਨ ਪਾ ਸਕੇ।

## ਰਾਸਤਗੋ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਅੱਠਵੀਂ ਦਾ ਨਤੀਜਾ ਸ਼ਾਨਦਾਰ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-** ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰਾਸਤਗੋ ਜਿਲ੍ਹਾ ਜਲੰਧਰ ਦਾ ਅੱਠਵੀਂ ਜਮਾਤ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਵਾਰੀ ਵੀ 100 ਫੀਸਦੀ ਰਿਹਾ। ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਨਤੀਜਿਆਂ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਸਕੂਲ ਪ੍ਰਿੰਸੀਪਲ ਪ੍ਰੇਮ ਸਿੰਘ ਅਤੇ ਇੰਚਾਰਜ ਸ੍ਰੀਮਤੀ ਮਹਿੰਦਰ ਪਾਲ ਵੱਲੋਂ ਖੁਸ਼ੀ ਦਾ ਇਜ਼ਹਾਰ ਕਰਦਿਆਂ ਇਸ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਗਈ ਕਿ ਸਕੂਲ ਦਾ ਅੱਠਵੀਂ ਜਮਾਤ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਇਨ੍ਹਾਂ ਨਤੀਜਿਆਂ ਦੌਰਾਨ ਅੱਠਵੀਂ ਕਲਾਸ ਦੀ ਵਿਦਿਆਰਥਣਾ ਜਸਮੀਨ ਕੌਰ ਨੇ 94% ਅੰਕ, ਮੀਨੂੰ ਸਿਧੂ ਨੇ 93.5% ਅੰਕ,ਅਤੇ ਬਨੀਤਾ ਬਾਸਲ ਨੇ 91.2% ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਣ ਕੀਤਾ। ਸਕੂਲ ਦੇ ਬਾਕੀ ਵਿਦਿਆਰਥੀਆਂ ਨੇ ਵੀ ਸ਼ਾਨਦਾਰ ਅੰਕ ਹਾਸਿਲ ਕਰਕੇ ਸਕੂਲ ਦੇ ਅਧਿਆਪਕਾਂ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਦੇ ਪ੍ਰਿੰਸੀਪਲ ਪ੍ਰੇਮ ਸਿੰਘ ਨੇ ਸਕੂਲ ਦੇ ਸਮੂਹ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਸਕੂਲ ਦੇ ਵਧੀਆ ਨਤੀਜੇ ਦਾ ਸਿਹਰਾ ਸਕੂਲ ਦੇ ਮਿਹਨਤੀ ਸਟਾਫ਼ ਮੈਂਬਰਾਂ ਦੇ ਸਿਰ ਸਜਾਇਆ।

## ਕੰਢੀ ਕੈਨਾਲ ਨਹਿਰ ਨਾਲ ਗੜ੍ਹਸ਼ੰਕਰ ਦੇ 16 ਹਜ਼ਾਰ ਏਕੜ ਰਕਬੇ ਨੂੰ ਸਿੰਚਾਈ ਲਈ ਮਿਲੇਗਾ ਪਾਣੀ : ਰੋੜੀ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)** ਕੰਢੀ ਕਨਾਲ ਨਹਿਰ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਵਿਧਾਨ ਸਭਾ ਸਥਿਤ ਆਪਣੇ ਦਫਤਰ 'ਚ ਵਿਭਾਗ ਦੇ ਵੱਖ ਵੱਖ ਅਧਿਕਾਰੀਆਂ ਨਾਲ ਇਕ ਅਹਿਮ ਬੈਠਕ ਕੀਤੀ। ਗੱਲਬਾਤ ਦੌਰਾਨ ਸ੍ਰੀ ਰੋੜੀ ਨੇ ਕਿਹਾ ਕਿ ਸਬੰਧਿਤ ਅਧਿਕਾਰੀਆਂ ਨੂੰ ਨਹਿਰੀ ਪਾਣੀ ਹਰ ਖੇਤ ਤੱਕ ਪੁੱਜਦਾ ਕਰਨ ਦੀ ਹਦਾਇਤ ਕੀਤੀ ਹੈ ਤੇ ਕਿਸਾਨਾਂ ਨੂੰ ਜੇਕਰ ਨਹਿਰੀ ਪਾਣੀ ਸਬੰਧੀ ਸਮੱਸਿਆਵਾਂ ਆ ਰਹੀਆਂ ਹਨ ਤਾਂ ਉਹਨਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇ। ਸ੍ਰੀ ਰੋੜੀ ਨੇ ਕਿਹਾ ਕਿ ਕੰਢੀ ਕਨਾਲ ਨਹਿਰ ਨਾਲ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ 16000 ਏਕੜ ਰਕਬੇ ਨੂੰ ਸੰਜਾਈ ਲਈ ਪਾਣੀ ਮਿਲੇਗਾ। ਸ੍ਰੀ ਰੋੜੀ ਨੇ ਕਿਸਾਨਾਂ ਨੂੰ ਕਿਹਾ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਲਈ ਉਹ ਸਿੱਧੇ ਓਹਨਾ ਨਾਲ ਸੰਪਰਕ ਕਰਨ। ਇਸ ਮੌਕੇ ਬੈਠਕ 'ਚ ਸ੍ਰੀ ਹਰਿੰਦਰ ਪਾਲ ਸਿੰਘ ਨਿਗਰਾਨ ਇੰਜੀਨੀਅਰ, ਸਿਧਾਰਥ ਵਰਮਾ ਕਾਰਜਕਾਰੀ ਇੰਜੀਨੀਅਰ, ਲਵਦੀਪ ਸਿੰਘ ਉਪ ਮੰਡਲ ਅਫਸਰ, ਹਿਤੇਸ਼ ਸੂਦ ਤੋਂ ਇਲਾਵਾ ਜੇ ਈ, ਪਟਵਾਰੀ ਆਦਿ ਹਾਜ਼ਰ ਸਨ।

## ਪੀ ਸੀ ਐਮ ਐਸ ਡੀ ਕਾਲਜ 'ਚ ਓਰੀਐਂਟੇਸ਼ਨ ਪ੍ਰੋਗਰਾਮ

**ਜਲੰਧਰ (ਇਕਬਾਲ ਸਿੰਘ ਉੱਭੀ)** ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਰਾਜਾਂ ਦੇ ਲੋਕਾਂ 'ਚ ਰੁਝੇਵਿਆਂ ਨੂੰ ਉਤਸਾਹਿਤ ਕਰਨ ਲਈ ਸ਼ੁਰੂ ਕੀਤੀ ਗਈ 'ਏਕ ਭਾਰਤ ਉੱਤਮ ਭਾਰਤ' ਸਕੀਮ ਤਹਿਤ ਪੰਜਾਬ ਨੂੰ ਆਂਧਰਾ ਪ੍ਰਦੇਸ਼ ਨਾਲ ਜੋੜਿਆ ਗਿਆ ਹੈ। ਇਸ ਤਹਿਤ ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ ਜਲੰਧਰ ਨੇ ਸਰਕਾਰੀ ਮਾਡਲ ਡਿਗਰੀ ਕਾਲਜ, ਪਠਾਪਟਨਮ, ਆਂਧਰਾ ਪ੍ਰਦੇਸ਼ ਨਾਲ ਇੱਕ 'ਤੇ ਹਸਤਾਖਰ ਕੀਤੇ ਅਤੇ ਕਲਚਰਲ ਐਕਸਚੇਂਜ ਕਮੇਟੀ ਨੇ ਓਰੀਐਂਟੇਸਨ ਪ੍ਰੋਗਰਾਮ ਦਾ ਆਯੋਜਨ ਕੀਤਾ।

ਕਲਚਰਲ ਐਕਸਚੇਂਜ ਪ੍ਰੋਗਰਾਮ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੂੰ ਮਿਲਣ ਅਤੇ ਗੱਲਬਾਤ ਕਰਨ ਅਤੇ ਸਾਂਝਾ ਕਰਨ ਲਈ ਇਕੱਠੇ ਕਰਦਾ ਹੈ। ਇਸ ਪ੍ਰੋਗਰਾਮ ਨੇ ਉਹਨਾਂ ਦੇ ਵਿਚਾਰ ਅਤੇ ਸੱਭਿਆਚਾਰ ਸਮੇਂ ਅਤੇ ਤਕਨਾਲੋਜੀ ਨੇ ਸੰਪਰਕ ਦੇ ਮਾਮਲੇ ਵਿੱਚ ਦੂਰੀਆਂ ਨੂੰ ਘਟਾ ਦਿੱਤਾ ਹੈ। ਪ੍ਰੋਗਰਾਮ ਦੀ ਸ਼ੁਰੂਆਤ 'ਚ ਕਲਚਰਲ ਐਕਸਚੇਂਜ ਕਮੇਟੀ ਦੇ ਇੰਚਾਰਜ ਡਾ. ਸੰਦੀਪ ਕੌਰ ਨੇ ਪ੍ਰੋਗਰਾਮ ਦੀ ਸੰਖੇਪ ਜਾਣ-ਪਛਾਣ ਕਰਵਾਈ। ਪ੍ਰੋਗਰਾਮ ਦੇ ਮਹਿਮਾਨ ਕੇ. ਸੂਰਿਆ ਚੰਦਰ ਰਾਓ, ਪ੍ਰਿੰਸੀਪਲ, ਸਰਕਾਰੀ ਸੀ. ਡਿਗਰੀ ਕਾਲਜ, ਆਂਧਰਾ ਪ੍ਰਦੇਸ ਅਤੇ ਉਨ੍ਹਾਂ ਦੇ ਕਾਲਜ ਤੋਂ ਪ੍ਰੋਗਰਾਮ ਦੇ ਕੋਆਰਡੀਨੇਟਰ ਜੀ. ਸ੍ਰੀਨਿਵਾਸਰਾਓ ਸਨ। ਉਹਨਾਂ ਦੇ ਆਂਧਰਾ ਪ੍ਰਦੇਸ ਦੇ ਸੱਭਿਆਚਾਰ ਅਤੇ ਸਿੱਖਿਆ ਪ੍ਰਣਾਲੀ ਬਾਰੇ ਬੀ.ਐਸ.ਸੀ (ਕੰਪਿਊਟਰ ਸਾਇੰਸ) ਸਮੈਸਟਰ ਛੇਵੇਂ ਦੀ ਪਰਿਣੀਤਾ ਨੇ ਭਾਗੀਦਾਰਾਂ ਨੂੰ ਜਾਣੂ ਕਰਵਾਇਆ। ਪੰਜਾਬ ਦੇ ਸੱਭਿਆਚਾਰ ਬਾਰੇ ਬੀ ਕਾਮ ਸਮੈਸਟਰ ਚੌਥੇ ਦੀ ਸਾਚੀ ਸ਼ਰਮਾ ਨੇ ਗੱਲ ਕੀਤੀ। ਅੰਤ ਵਿੱਚ ਕਲਚਰਲ ਐਕਸਚੇਂਜ ਕਮੇਟੀ ਦੇ ਇੰਚਾਰਜ ਡਾ: ਇੰਦੂ ਤਿਆਗੀ ਨੇ ਮਹਿਮਾਨ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ। ਦੋਵਾਂ ਸੰਸਥਾਵਾਂ ਦੇ ਲਗਭਗ 50 ਵਿਦਿਆਰਥੀ ਸਨ। ਇਸ ਮੌਕੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਯੋਗ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਕਲਚਰਲ ਐਕਸਚੇਂਜ ਕਮੇਟੀ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ।

## ਜਲੰਧਰ ਜ਼ਿਮਨੀ ਚੋਣ: 'ਆਪ ਦੀ ਚੜ੍ਹਤ ਨੇ ਵਿਰੋਧੀਆਂ ਨੂੰ ਲਿਆਂਦੀਆਂ ਤਰੇਲੀਆਂ



**ਜਲੰਧਰ, (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)** ਜਲੰਧਰ ਜਿਮਨੀ ਚੋਣਾਂ ਦੇ ਨਜਦੀਕ ਆਉਂਦਿਆਂ ਹੀ ਆਪ ਪਾਰਟੀ ਦੀ ਚੜ੍ਹਤ ਦਿਨੋਂ-ਦਿਨ ਵੱਧ ਰਹੀ ਹੈ। ਪਾਰਟੀ ਦੀ ਮਜਬੂਤ ਹੋ ਰਹੀ ਸਥਿਤੀ ਵਿਰੋਧੀਆਂ ਲਈ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਇਸੇ ਵਿਚਾਲੇ ਮਾਨ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋਕੇ ਇਲਾਕੇ ਦੇ ਕਾਰੋਬਾਰੀ, ਆਗੂ, ਪੰਚ-ਸਰਪੰਚ ਅਤੇ ਹੋਰ ਸਥਾਨਕ ਨਿਵਾਸੀ ਮੁੱਖ ਮੰਤਰੀ ਭਗਵੰਤ ਮਾਨ ਦੀ ਹਾਜ਼ਰੀ ਵਿੱਚ ਆਪ ਪਾਰਟੀ ਦਾ ਹਿੱਸਾ ਬਣ ਗਏ। ਜਿੰਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕਰਨ ਲਈ ਮਾਨ ਤੋਂ ਇਲਾਵਾ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ, 'ਆਪ' ਆਗੂ ਜਗਬੀਰ ਬਰਾੜ, ਬੀਬੀ ਰਾਜਵਿੰਦਰ ਕੌਰ ਥਿਆੜਾ ਅਤੇ ਪੰਜਾਬ ਐਗਰੋ ਐਕਸਪੋਰਟ ਦੇ ਚੈਅਰਮੈਨ ਮੰਗਲ ਸਿੰਘ ਅਤੇ ਹੋਰ ਉੱਥੇ ਮੌਜੂਦ ਸਨ।

ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਇਲਾਕੇ ਦੇ ਸਫਲ ਕਾਰੋਬਾਰੀ ਅਤੇ ਆਹਲੂਵਾਲੀਆ ਫਰਨੀਚਰਜ ਐਂਡ ਡੈਕੋਰੇਟਸ ਦੇ ਮੈਨੇਜਿੰਗ ਡਾਈਰੈਕਟਰ ਦਲਜੀਤ ਸਿੰਘ ਆਹਲੂਵਾਲੀਆ ਪ੍ਰਮੁੱਖ ਸਨ। ਆਹਲੂਵਾਲੀਆ ਇੱਕ ਸਫਲ ਕਾਰੋਬਾਰੀ ਦੇ ਨਾਲ-ਨਾਲ ਕਾਂਗਰਸ ਦੇ ਸਰਗਰਮ ਆਗੂ ਰਹਿ ਚੁੱਕੇ ਹਨ। ਇਸਤੋਂ ਇਲਾਵਾ 'ਆਪ ਆਗੂ ਸ. ਜਗਬੀਰ ਬਰਾੜ ਦੀ ਪ੍ਰੇਰਣਾ ਨਾਲ ਦੀਪ ਨਗਰ (ਜਲੰਧਰ ਕੈਂਟ) ਤੋਂ ਕਈ ਪਰਵਾਰ ਆਮ ਆਦਮੀ ਪਾਰਟੀ ਦੇ ਪਰਵਾਰ 'ਚ ਸ਼ਾਮਲ ਹੋਏ। ਜਿੰਨ੍ਹਾਂ ਵਿੱਚੋਂ ਸੁਰਿੰਦਰ ਸਿੰਘ ਮਿਨਹਾਸ (ਸਾਬਕਾ ਸਰਪੰਚ ਅਤੇ ਜਲੰਧਰ ਦਿਹਾਤੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ), ਸ੍ਰੀ ਸਵਰਨ ਚੰਦ (ਸਾਬਕਾ ਸਰਪੰਚ), ਵਿਨੋਦ ਸਹੋਤਾ, ਧੀਰਜ ਖੰਨਾ, ਬਲਜੀਤ ਸਿੰਘ ਜੱਗੀ, ਸੂਬੇਦਾਰ ਦਰਸ਼ਨ ਸਿੰਘ, ਸ਼ੇਰ ਸਿੰਘ ਪਰਹਾਰ, ਭੁਲਾ ਸਿੰਘ ਬਲਬੀਰ ਸਿੰਘ ਬੀਰਾ, ਸੁਖਦੇਵ ਰਾਜ, ਸੁੱਚਾ ਰਾਮ, ਅਜੇ ਪੀਵਾਲ, ਰਣਜੀਤ ਸਿੰਘ ਗਿੱਲ, ਪਾਸਟਰ ਰੋਸ਼ਨੀ ਵਿਰਦੀ ਆਦਿ ਪ੍ਰਮੁੱਖ ਹਨ।

## ਡਾ. ਅੰਬੇਡਕਰ ਦਾ ਜਨਮ ਦਿਵਸ ਮਨਾਇਆ



**ਭੋਗਪੁਰ:-(ਗੁਰਪ੍ਰੀਤ ਸਿੰਘ ਭੋਗਲ)**-ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦਾ 132ਵਾਂ ਜਨਮ ਦਿਵਸ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਪਿੰਡ ਦੌਲੇਵਾਲ ਜਿਲ੍ਹਾ ਹੁਸ਼ਿਆਰਪੁਰ ਵਿਖੇ ਸਮੂਹ ਨਗਰ ਨਿਵਾਸੀਆਂ ਵੱਲੋਂ ਸ਼ਰਧਾ ਤੇ ਸਤਿਕਾਰ ਦੇ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਵੱਲੋਂ ਕਵਿਤਾਵਾਂ ਅਤੇ ਭਾਸ਼ਣ ਪੇਸ਼ ਕੀਤੇ ਗਏ। ਸਮਾਗਮ ਦੇ ਮੁੱਖ ਬੁਲਾਰੇ ਮਾਸਟਰ ਅਰਸਦੀਪ ਵੱਲੋਂ ਬਾਬਾ ਸਾਹਿਬ ਦੇ ਜੀਵਨੀ ਅਤੇ ਇਤਿਹਾਸ 'ਤੇ ਵਿਸਥਾਰ-ਪੂਰਵਕ ਚਾਨਣਾ ਪਾਇਆ ਗਿਆ। ਚਰਨਜੀਤ ਸਿੰਘ ਬਿਨਪਾਲਕੇ ਨੇ ਬਾਬਾ ਸਾਹਿਬ ਦੀ ਵਿਚਾਰਧਾਰਾ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਬੁੱਧ ਸਿੰਘ ਨੇ ਨਿਭਾਈ। ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਵੱਲੋਂ ਇਸ ਸਮਾਗਮ ਦੇ ਪ੍ਰਬੰਧਕਾਂ ਨੂੰ ਵਿਸੇਸ ਸਨਮਾਨ ਦਿੱਤਾ ਗਿਆ। ਇਸ ਮੌਕੇ ਪ੍ਰਬੰਧਕਾਂ ਸ੍ਰੀ ਪਰਮਿੰਦਰ ਸਿੰਘ, ਹਰਜੋਤ ਸਿੰਘ, ਮਾਸਟਰ ਬੁੱਧ ਸਿੰਘ, ਸੂਬੇਦਾਰ ਬਹਾਦਰ ਸਿੰਘ ਬਲਜਿੰਦਰ ਕੌਰ, ਪਰਮਜੀਤ ਸਿੰਘ ਫੌਜੀ, ਸੁਖਵੀਰ ਸਿੰਘ, ਸਰਬਜੀਤ ਸਿੰਘ, ਹਰਜਿੰਦਰ ਸਿੰਘ, ਮਨਪ੍ਰੀਤ ਸਿੰਘ,ਇੰਦਰ ਸਿੰਘ, ਗੁਰਜੀਤ ਸਿੰਘ, ਸਾਂਤੀ ਰਾਣੀ, ਮਨਜੀਤ ਕੌਰ ਪ੍ਰਿਆਂਸੂ ਅਤੇ ਹੋਰ ਸੰਗਤਾਂ ਨੇ ਹਾਜਰੀ ਭਰੀ। ਸਮਾਪਤੀ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਬੱਚਿਆਂ ਨੂੰ ਕਾਪੀਆਂ ਪੈਨਸ਼ਨਾਂ ਵੀ ਤਕਸੀਮ ਕੀਤੀਆਂ ਗਈਆਂ।

## ਸੇਂਟ ਸੋਲਜਰ ਕਾਲਜ 'ਚ ਕਨਵੋਕੇਸ਼ਨ ਤੇ ਇਨਾਮ ਵੰਡ ਸਮਾਰੋਹ




**ਜਲੰਧਰ (ਇਕਬਾਲ ਸਿੰਘ ਉੱਭੀ)** - ਸੇਂਟ ਸੋਲਜਰ ਕਾਲਜ ਹਦੀਆਬਾਦ 'ਚ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਲਈ ਕਨਵੋਕੇਸ਼ਨ ਅਤੇ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਜਿਸ 'ਚ ਬੀ ਏ, ਬੀ ਸੀ ਏ, ਬੀ ਕਾਮ, ਬੀ ਬੀ ਏ, ਬੀ ਐਸ ਸੀ (ਆਈ ਟੀ, ਇਕਨਾਮਿਕਸ) ਆਦਿ ਕਲਾਸਾਂ ਦੇ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ ਅਤੇ ਵਿੱਦਿਅਕ, ਖੇਡਾਂ, ਸੱਭਿਆਚਾਰਕ ਗਤੀਵਿਧੀਆਂ 'ਚ ਨਾਂਅ ਚਮਕਾਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਵਾਈਸ ਚਾਂਸਲਰ ਡਾ.ਐਸ.ਪੀ.ਸਿੰਘ ਮੁੱਖ ਮਹਿਮਾਨ ਵਜੋਂ ਪਹੁੰਚ ਜਿਨ੍ਹਾਂ ਦਾ ਸਵਾਗਤ ਮੈਨੇਜਿੰਗ ਡਾਇਰੈਕਟਰ ਪ੍ਰੋ. ਮਨਹਰ ਅਰੋੜਾ, ਕਾਲਜ ਪ੍ਰਿੰਸੀਪਲ ਸ੍ਰੀਮਤੀ ਮੰਜੂ ਸ਼ਰਮਾ ਆਦਿ ਨੇ ਕੀਤਾ ਗਿਆ। ਡਾ.ਐਸ.ਪੀ.ਸਿੰਘ ਅਤੇ ਸਮੂਹ ਮਹਿਮਾਨਾਂ ਨੇ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨ ਤੋਂ ਇਲਾਵਾ ਅਕਾਦਮਿਕ, ਯੂਨੀਵਰਸਿਟੀ ਦੇ ਪੁਜ਼ੀਸ਼ਨਾਂ, ਖੇਡਾਂ, ਸੱਭਿਆਚਾਰਕ ਅਤੇ ਹੋਰ ਗਤੀਵਿਧੀਆਂ 'ਚ ਨਾਂਅ ਚਮਕਾਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ। ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਾ.ਐਸ.ਪੀ.ਸਿੰਘ ਨੇ ਕਿਹਾ ਕਿ ਇਹ ਜ਼ਿੰਦਗੀ ਦੀ ਨਵੀਂ ਦਿਸ਼ਾ ਦਾ ਆਗਾਜ਼ ਹੈ। ਨੌਜਵਾਨਾਂ ਨੂੰ ਜ਼ਿੰਦਗੀ ਦੀਆਂ ਚੁਣੌਤੀਆਂ ਨੂੰ ਹਿੰਮਤ, ਮਿਹਨਤ, ਲਗਨ ਅਤੇ ਵਿਸ਼ਵਾਸ ਨਾਲ ਸਵੀਕਾਰ ਕਰਕੇ ਸਫ਼ਲ ਹੋਣਾ ਚਾਹੀਦਾ ਹੈ। ਕਾਲਜ ਸ੍ਰੀਮਤੀ ਮੰਜੂ ਸ਼ਰਮਾ ਵੱਲੋਂ ਸਾਲਾਨਾ ਰਿਪੋਰਟ ਪੜ੍ਹੀ ਗਈ ਅਤੇ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਦੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਐਮ ਐਲ ਕੌੜਾ, ਅਵਤਾਰ ਸਿੰਘ ਟੁਰਨਾ, ਸਰਕਾਰੀ ਸਕੂਲ ਧਨੀ ਪਿੰਡ ਦੇ ਪ੍ਰਿੰਸੀਪਲ ਹਰਮੇਸ਼ ਲਾਲ ਗੇੜਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਅੰਤਰਰਾਸ਼ਟਰੀ ਪ੍ਰੈੱਸ ਅਜ਼ਾਦੀ ਦਿਵਸ 'ਤੇ ਪੱਤਰਕਾਰਾਂ ਦਾ ਸਨਮਾਨ



**ਬਹਿਰਾਮ (ਅਵਤਾਰ ਕਲੇਰ)** ਪ੍ਰੈੱਸ ਸਾਡੇ ਲੋਕਤੰਤਰ ਦਾ ਸਭ ਤੋਂ ਮਜਬੂਤ ਚੌਥਾ ਸਤੰਭ ਹੈ। ਜੋ ਕਿ ਲੋਕ ਹਿੱਤਾਂ ਦੀ ਰੱਖਿਆ ਕਰਨ ,ਆਮ ਜਨਤਾ ਦੀ ਹੱਕ ਦੀ ਆਵਾਜ ਬਣਨ ਅਤੇ ਗੈਰ ਕਾਨੂੰਨੀ ਮਸਲਿਆਂ ਨੂੰ ਸੁਲਝਾ ਕੇ ਸਮਾਜ ਵਿੱਚ ਸਾਂਤੀ ਬਣਾਈ ਰੱਖਣ 'ਚ ਸਭ ਤੋਂ ਅਹਿਮ ਰੋਲ ਨਿਭਾਉਂਦੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰਾਜਾ ਸਾਹਿਬ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਿੰਗੜਾਂ ਦੇ ਪ੍ਰਿੰਸੀਪਲ ਤਰਜੀਵਨ ਸਿੰਘ ਗਰਚਾ ਨੇ ਅੰਤਰਰਾਸ਼ਟਰੀ ਪ੍ਰੈਸ ਅਜਾਦੀ ਦਿਵਸ ਤੇ ਕਰਵਾਏ ਗਏ ਪ੍ਰੋਗਰਾਮ ਦੌਰਾਨ ਕੀਤਾ। ਇਸ ਉਪਰੰਤ ਆਏ ਹੋਏ ਪਤਵੰਤੇ ਸੱਜਣਾ 'ਚੋਂ ਸਭ ਤੋਂ ਪਹਿਲਾਂ ਬਿਸ਼ਨ ਲਾਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਅਤੇ ਪੱਤਰਕਾਰੀ ਦੇ ਵੱਡਮੁਲੇ ਪੱਖਾਂ ਪ੍ਰਤੀ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨੀ ਸੰਘਰਸ਼ ਵਿੱਚ ਮੀਡੀਆ ਦਾ ਰੋਲ ਬਹੁਤ ਸ਼ਲਾਘਾਯੋਗ ਸੀ। ਮੀਡੀਆ ਦੇ ਸਹਿਯੋਗ ਸਦਕਾ ਕਿਸਾਨੀ ਸੰਘਰਸ਼ ਕਾਲੇ ਕਨੂੰਨ ਵਾਪਸ ਕਰਵਾਉਣ 'ਚ ਸਫਲ ਰਿਹਾ। ਇਸ ਉਪਰੰਤ ਪੱਤਰਕਾਰ ਅਤੇ ਪੰਜਾਬ-ਚੰਡੀਗੜ੍ਹ ਜਰਨਲਿਸਟ ਯੂਨੀਅਨ ਸਬ ਡਿਵੀਜ਼ਨ ਬੰਗਾ ਦੇ ਜਨਰਲ ਸਕੱਤਰ ਨਵਕਾਂਤ ਭਰੋਮਜਾਰਾ ਨੇ ਕਿਹਾ ਕਿ ਸਮਾਜ ਵਿਚ ਸੱਚ ਬੋਲਣਾ ਸਭ ਤੋਂ ਵੱਡਾ ਅਪਰਾਧ ਮੰਨਿਆ ਜਾਂਦਾ ਹੈ। ਫਿਰ ਵੀ ਅਸੀਂ ਆਪਣੀ ਜਾਨ ਹਥੇਲੀ 'ਤੇ ਰੱਖਕੇ ਹਰ ਰੋਜ ਤੁਹਾਡੇ ਲਈ ਹਰ ਸੱਚੀ ਖਬਰ ਪੇਸ਼ ਕਰਦੇ ਹਾਂ। ਸਾਡੀ ਇਹੀ ਕੋਸ਼ਿਸ਼ ਰਹਿੰਦੀ ਹੈ ਕਿ ਅਸੀਂ ਸਮਾਜ ਵਿਚ ਵਾਪਰ ਰਹੇ ਹਰ ਅਪਰਾਧ ਨੂੰ ਬਿਲਕੁਲ ਸਹੀ ਤਰੀਕੇ ਨਾਲ ਤੁਹਾਡੇ ਤੱਕ ਪਹੁੰਚਾਈਏ। ਪ੍ਰੋਗਰਾਮ ਦੇ ਅੰਤ ਦੇ ਪ੍ਰਿੰਸੀਪਲ ਸਾਹਿਬ ਨੇ ਆਏ ਹੋਏ ਸਾਰੇ ਪੱਤਰਕਾਰਾਂ ਨੂੰ ਸਨਮਾਨਿਤ ਕੀਤਾ । ਇਸ ਮੌਕੇ ਕੁਲਦੀਪ ਸਿੰਘ ਝਿੰਗੜ, ਅਸ਼ਵਨੀ ਪਾਠਕ, ਪਰਦੀਪ ਕੁਮਾਰ, ਕੁਲਦੀਪ ਬੰਗਾ, ਕੁਲਦੀਪ ਸਿੰਘ ਸੋਗੀ ਅਤੇ ਵੱਖ ਵੱਖ ਜਮਾਤਾਂ ਦੇ ਵਿਦਿਆਰਥੀ ਹਾਜ਼ਰ ਸਨ।

# ਵਧ ਰਹੇ ਨਸ਼ੇ ਨੌਜਵਾਨਾਂ ਤੇ ਪੰਜਾਬ ਦੇ ਭਵਿੱਖ ਲਈ ਵੱਡਾ ਖਤਰਾ : ਚੌਹਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਵਧ ਰਹੇ ਨਸ਼ਿਆਂ ਨੇ ਪੰਜਾਬ ਅਤੇ ਨੌਜਵਾਨੀ ਦੇ ਭਵਿੱਖ 'ਤੇ ਸਵਾਲੀਆਂ ਚਿੰਨ੍ਹ ਲਗਾ ਦਿੱਤਾ ਹੈ,ਬੇਸ਼ੱਕ ਸਮੇਂ ਦੀਆਂ ਸਰਕਾਰਾਂ ਨੇ ਨਸ਼ੇ ਖਤਮ ਕਰਨ ਸੰਬੰਧੀ ਵੱਡੇ ਵੱਡੇ ਦਾਅਵੇ ਕਰ ਕਰਕੇ ਗੁੰਮਰਾਹ ਕੀਤਾ ਹੈ। ਨਸ਼ੇੜੀਆਂ ਵੱਲੋਂ ਜਿਥੇ ਆਮ ਸ਼ਹਿਰੀਆਂ ਤੇ ਲੋਕਾਂ ਨਾਲ ਕੁੱਟਮਾਰ ਤੇ ਲੁੱਟ ਖੋਹ ਦੀਆਂ ਘਟਨਾਵਾਂ ਨੂੰ ਅੰਜਾਮ ਦੇ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਗਿਆ ਹੈ। ਪਰੰਤੂ ਜ਼ਿਲ੍ਹਾ ਪ੍ਰਸ਼ਾਸਨ ਤੇ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਨਸ਼ੇੜੀ ਬੇਲਗਾਮ ਹੋ ਰਹੇ ਹਨ। ਜਿਸ ਖਿਲਾਫ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਕਾਰਵਾਈ ਨੂੰ ਤੇਜ਼ ਕਰਕੇ ਆਮ ਲੋਕਾਂ ਨੂੰ ਰਾਹਤ ਦੇਣ ਦਾ ਕੰਮ ਕਰੇ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਸੂਬਾ ਕਾਰਜਕਾਰਨੀ ਮੈਂਬਰ ਤੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਨਸ਼ਾ ਛੁਡਾਊ ਕੇਂਦਰ 'ਤੇ ਜਾਣ ਵਾਲੇ ਲੋਕਾਂ ਕਾਰਨ ਮੁਹੱਲਾ ਨਿਵਾਸੀਆਂ ਨੂੰ ਆ ਰਹੀਆਂ ਦਿੱਕਤਾਂ ਕਾਰਨ ਅਤੇ ਹੱਲ ਲਈ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦੇਣ ਸਮੇਂ ਸਾਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਸਮੇਂ ਜਸਵੀਰ ਕੌਰ ਐਮ ਸੀ , ਮਨਜੀਤ ਸਿੰਘ, ਡਾ. ਗੋਪਾਲ, ਕੌਰ ਸਿੰਘ, ਅਜੀਤ ਸਿੰਘ ਸਰਪੰਚ, ਮਨਜੀਤ ਕੌਰ ਅਤੇ ਕਰਮਜੀਤ ਕੌਰ ਆਦਿ ਮੁਹੱਲਾ ਨਿਵਾਸੀਆਂ ਨੇ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਠੂਠਿਆਂ ਵਾਲੀ ਰੋਡ 'ਤੇ ਚਲ ਰਹੇ ਨਸ਼ਾ ਛੁਡਾਊ ਕੇਂਦਰ ਵਿੱਚ ਨਸ਼ੇ ਸੰਬੰਧੀ ਦਵਾਈ ਲੈਣ ਆਉਣ ਵਾਲੇ ਲੋਕਾਂ ਕਾਰਨ ਨੇੜ ਗੁਆਢ ਵਿੱਚ ਰਹਿੰਦੇ ਲੋਕਾਂ ਨੂੰ ਭਾਰੀ ਦਿੱਕਤਾਂ ਆ ਰਹੀਆਂ ਹਨ, ਕਿਉਂਕਿ ਨਸ਼ੇੜੀਆਂ ਦੇ ਗਲਤ ਰਵੱਈਏ ਕਾਰਨ ਆਮ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਬਣ ਚੁੱਕਾ ਹੈ। ਉਨ੍ਹਾ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਫੌਰੀ ਤੌਰ 'ਤੇ ਇਸ ਕੇਂਦਰ ਨੂੰ ਇਥੋਂ ਬਦਲਿਆ ਜਾਵੇ।

ਅਗਰ ਇਸ 'ਤੇ ਗੌਰ ਨਾ ਕੀਤੀ ਗਈ ਤਾਂ ਲੋਕਾਂ ਨੂੰ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਣਾ ਪਵੇਗਾ। ਇਸ ਦੀ ਕਾਪੀ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਚਰਨਜੀਤ ਸਿੰਘ ਅੱਕਾਂਵਾਲੀ ਨੂੰ ਵੀ ਦਿੱਤੀ ਗਈ। ਵਫਦ ਦੌਰਾਨ ਪਿਆਰਾ ਸਿੰਘ, ਪ੍ਰੇਮ ਸਿੰਘ, ਹਰਬੰਸ ਸਿੰਘ, ਦਰਸ਼ਨ ਸਿੰਘ, ਨਿਰਮਲ ਸਿੰਘ, ਬਲਜੀਤ ਸਿੰਘ, ਸਿੰਦਰਪਾਲ ਸਿੰਘ, ਵੀਰਪਾਲ ਕੌਰ, ਨਸੀਬ ਕੌਰ, ਜਸਮੇਲ ਕੌਰ, ਮਹਿੰਦਰ ਕੌਰ, ਕੁਲਦੀਪ ਸਿੰਘ, ਹਰਪਾਲ ਸਿੰਘ, ਸੁਖਦੇਵ ਸਿੰਘ ਆਦਿ ਮੁਹੱਲਾ ਨਿਵਾਸੀ ਵੀ ਹਾਜ਼ਰ ਸਨ।

# ਇੱਕ ਦਿਨ ਲਈ ਐੱਸ ਐੱਸ ਪੀ ਬਣੀ 9ਵੀਂ ਦੀ ਵਿਦਿਆਰਥਣ ਖੁਸ਼ਦੀਪ ਕੌਰ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਫਾਜ਼ਿਲਕਾ ਦੇ ਪਿੰਡ ਅਜਾਮਵਾਲਾ ਦੀ 9ਵੀਂ ਜਮਾਤ ਦੀ ਵਿਦਿਆਰਥਣ ਖੁਸ਼ਦੀਪ ਕੌਰ ਨੂੰ ਐੱਸ ਐੱਸ ਪੀ ਫਾਜ਼ਿਲਕਾ ਨੇ ਇੱਕ ਦਿਨ ਲਈ ਐੱਸ.ਐੱਸ.ਪੀ. ਬਣਾਇਆ। ਇਸ ਮੌਕੇ ਸੀਨੀਅਰ ਪੁਲਸ ਅਧਿਕਾਰੀਆਂ ਸਮੇਤ ਸਟਾਫ ਨੇ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਇੱਕ ਦਿਨ ਲਈ ਐੱਸ ਐੱਸ ਪੀ ਬਣੀ ਖੁਸ਼ਦੀਪ ਕੌਰ ਨੇ ਕਿਹਾ ਕਿ ਇਹ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਖੁਸ਼ਦੀਪ ਨੇ ਐੱਸ ਐੱਸ ਪੀ ਫਾਜ਼ਿਲਕਾ ਮੈਡਮ ਅਵਨੀਤ ਸਿੱਧੂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵੱਡਾ ਹੋ ਕੇ ਐੱਸ ਐੱਸ ਪੀ ਬਣਨਾ ਉਸ ਦਾ ਸੁਪਨਾ ਸੀ। ਇਹ ਸੁਪਨਾ ਅੱਜ ਐੱਸ.ਐੱਸ.ਪੀ. ਫਾਜ਼ਿਲਕਾ ਮੈਡਮ ਅਵਨੀਤ ਕੌਰ ਸਿੱਧੂ ਨੇ ਸਾਕਾਰ ਕੀਤਾ ਹੈ। ਖੁਸ਼ਦੀਪ ਨੇ ਕਿਹਾ ਕਿ ਐੱਸ ਐੱਸ ਪੀ ਬਣਨ ਤੋਂ ਬਾਅਦ ਉਨ੍ਹਾਂ ਦਾ ਪਹਿਲਾ ਕਦਮ ਵਧ ਰਹੇ ਨਸ਼ੇ ਨੂੰ ਰੋਕਣਾ ਹੋਵੇਗਾ। ਇਸ ਦੌਰਾਨ ਖੁਸ਼ਦੀਪ ਦੇ ਪਰਿਵਾਰ ਨੇ ਵੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਆਪਣੀ ਧੀ ਨੂੰ ਇਹ ਸਨਮਾਨ ਦੇਣ ਲਈ ਐੱਸ ਐੱਸ ਪੀ ਮੈਡਮ ਦਾ ਧੰਨਵਾਦ ਕੀਤਾ।

ਇਸ ਮੌਕੇ ਐੱਸ ਐੱਸ ਪੀ ਫਾਜ਼ਿਲਕਾ ਅਵਨੀਤ ਕੌਰ ਸਿੱਧੂ ਨੇ ਦੱਸਿਆ ਕਿ ਖੁਸ਼ਦੀਪ ਨਾਲ ਉਸ ਦੀ ਜਾਣ-ਪਛਾਣ ਸੋਸ਼ਲ ਮੀਡੀਆ 'ਤੇ ਹੋਈ ਸੀ। ਉਸ ਸਮੇਂ ਖੁਸ਼ਦੀਪ ਨੇ ਉਸ ਨੂੰ ਆਪਣੇ ਸੁਪਨੇ ਬਾਰੇ ਦੱਸਿਆ ਸੀ। ਇਸੇ ਲਈ ਹੁਣ ਉਸ ਨੇ ਖੁਸ਼ਦੀਪ ਦੇ ਸੁਪਨੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾ ਕਿਹਾ ਕਿ ਖੁਸ਼ਦੀਪ ਤੋਂ ਇਲਾਵਾ ਹੋਰ ਬੱਚਿਆਂ ਦਾ ਆਤਮਵਿਸ਼ਵਾਸ ਵੀ ਵਧੇਗਾ ਤੇ ਉਹ ਵੀ ਸੀਨੀਅਰ ਅਧਿਕਾਰੀ ਬਣ ਕੇ ਆਪਣੇ ਮਾਪਿਆਂ ਤੇ ਇਲਾਕੇ ਦਾ ਨਾਂ ਰੌਸ਼ਨ ਕਰਨਗੇ।

# ਬਹਾਵਲਪੁਰ ਵੈੱਲਫੇਅਰ ਮਹਾਂਸੰਘ ਵੱਲੋਂ ਰਾਸ਼ਟਰੀ ਮਹਾਂਸੰਮੇਲਨ ਦਾ ਸੱਦਾ ਪੱਤਰ ਜਾਰੀ



ਮੀਡੀਆ ਕਲੱਬ ਨੇ ਮਨਾਇਆ ਕੌਮਾਂਤਰੀ ਪ੍ਰੈੱਸ ਅਜ਼ਾਦੀ ਦਿਵਸ।

**ਰਾਜਪੁਰਾ (ਰਮੇਸ਼ ਕਟਾਰੀਆ)**-ਬਹਾਵਲਪੁਰ ਵੈੱਲਫੇਅਰ ਮਹਾਂਸੰਘ (ਰਜਿ.) ਦਾ ਪਹਿਲਾ ਰਾਸ਼ਟਰੀ ਮਹਾਂਸੰਮੇਲਨ 24 ਮਈ 2023 ਨੂੰ ਹੋਣ ਜਾ ਰਿਹਾ ਹੈ, ਜਿਸਦਾ ਸੱਦਾ ਪੱਤਰ ਬਹਾਵਲਪੁਰ ਵੈੱਲਫੇਅਰ ਮਹਾਂਸੰਘ ਦੇ ਕੌਮੀ ਪ੍ਰਧਾਨ ਕ੍ਰਿਸ਼ਨ ਕੁਕਰੇਜਾ ਤੇ ਉਨ੍ਹਾਂ ਦੀ ਟੀਮ ਵੱਲੋਂ ਇਥੋਂ ਦੇ ਸ਼ਾਮ ਪੈਲੇਸ ਵਿੱਚ ਰੱਖੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਜਾਰੀ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਪ੍ਰਧਾਨ ਕ੍ਰਿਸ਼ਨ ਕੁਕਰੇਜਾ ਨੇ ਦੱਸਿਆ ਕਿ ਬਹਾਵਲਪੁਰ ਵੈੱਲਫੇਅਰ ਮਹਾਂਸੰਘ (ਰਜਿ.) ਦੀ ਸਥਾਪਨਾ 24 ਮਈ 2022 ਨੂੰ ਹੋਈ ਸੀ, ਜਿਸ ਦਾ ਪਹਿਲਾ ਰਾਸ਼ਟਰੀ ਮਹਾਂਸੰਮੇਲਨ ਆਉਣ ਵਾਲੀ 24 ਮਈ 2023 ਨੂੰ ਸ਼ਾਮ 5 ਵਜੇ ਤੋਂ ਰਾਤ 10 ਵਜੇ ਤੱਕ ਇਥੋਂ ਦੇ ਅਭਿਨੰਦਨ ਪੈਲੇਸ ਵਿੱਚ ਹੋਣ ਜਾ ਰਿਹਾ ਹੈ, ਜਿਸ ਵਿੱਚ ਪੂਰੇ ਭਾਰਤ ਤੋਂ ਵੱਡੀ ਗਿਣਤੀ 'ਚ ਬਿਰਾਦਰੀ ਦੇ ਪਤਵੰਤੇ ਸੱਜਣਾਂ ਸਮੇਤ ਕੇਂਦਰੀ ਮੰਤਰੀ, ਵਕੀਲ, ਫਿਲਮੀ ਸਿਤਾਰੇ, ਉੱਚ ਪੁਲਸ ਅਧਿਕਾਰੀ ਤੇ ਰਾਜਨੀਤਕ ਪਾਰਟੀਆਂ ਦੇ ਲੋਕ ਪਹੁੰਚ ਕੇ ਸੰਮੇਲਨ ਦੀ ਸ਼ੋਭਾ ਵਧਾਉਣਗੇ ਅਤੇ ਇਸ ਦੌਰਾਨ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਆਜ਼ਾਦੀ ਤੋਂ ਬਾਅਦ ਇਸ ਤਰ੍ਹਾਂ ਦਾ ਇਹ ਪਹਿਲਾ ਰਾਸ਼ਟਰੀ ਸੰਮੇਲਨ ਹੋਵੇਗਾ, ਜਿਸ 'ਚ ਬਹਾਵਲਪੁਰ ਵਿਰਸੇ ਦਾ ਸੱਭਿਆਚਾਰ ਅਤੇ ਸਨਮਾਨ ਤੇ ਹਾਸਰਸ ਪ੍ਰੋਗਰਾਮ ਪੇਸ਼ ਕੀਤੇ ਜਾਣਗੇ। ਕੁਕਰੇਜਾ ਨੇ ਕਿਹਾ ਕਿ ਬਹਾਵਲਪੁਰ ਵੈੱਲਫੇਅਰ ਮਹਾਂਸੰਘ ਦੇ ਇਸ ਸੰਮੇਲਨ ਦਾ ਉਦੇਸ਼ ਕੇਵਲ ਬਿਰਾਦਰੀ ਨੂੰ ਇੱਕ ਮੰਚ 'ਤੇ ਇਕੱਠਾ ਕਰਨਾ ਹੈ। ਇਸ ਮੌਕੇ ਬਹਾਵਲਪੁਰ ਵੈੱਲਫੇਅਰ ਮਹਾਂਸੰਘ ਦੇ ਸੀਨੀਅਰ ਵਾਈਸ ਚੇਅਰਮੈਨ ਅਸ਼ੋਕ ਅਰੋੜਾ, ਸਕੱਤਰ ਸੋਨੂੰ ਵਧਵਾ, ਪੰਜਾਬ ਪ੍ਰਧਾਨ ਡਾ. ਸੰਜੀਵ ਚੌਧਰੀ ਕਾਕੂ, ਵਪਾਰ ਮੰਡਲ ਦੇ ਪ੍ਰਧਾਨ ਨਰਿੰਦਰ ਸੋਨੀ, ਮਹੇਸ਼ ਪਹੂਜਾ, ਦੀਪਕ ਕਟਾਰੀਆ, ਅਸ਼ੋਕ ਹਿਮਾਂਸ਼ੂ, ਮਨੋਜ ਚੌਧਰੀ, ਵਿਸ਼ਾਲ ਸੱਚਦੇਵਾ, ਰਵੀ ਸੱਚਦੇਵਾ ਤੇ ਕਪਿਲ ਸ਼ਰਮਾ ਸਮੇਤ ਵੱਡੀ ਗਿਣਤੀ 'ਚ ਮਹਾਂ ਸੰਘ ਦੇ ਮੈਂਬਰ ਮੌਜੂਦ ਸਨ।

## ਕਾਤਰਾਂ

### ਰੇਲ ਗੱਡੀ ਥੱਲੇ ਆ ਕੇ ਕੀਤੀ ਖੁਦਕੁਸ਼ੀ

**ਮਾਨਸਾ (ਰੀਤਵਾਲ)**-ਬੀਤੀ ਰਾਤ ਮਾਨਸਾ ਤੇ ਨਰਿੰਦਰਪੁਰਾ ਰੇਲਵੇ ਲਾਇਨ 'ਤੇ ਨਹਿਰੀ ਸੂਏ ਦੇ ਨਜ਼ਦੀਕ ਇੱਕ 35 ਸਾਲਾ ਅਣਪਛਾਤੇ ਵਿਅਕਤੀ ਤੇ 15 ਸਾਲਾ ਨਾਬਾਲਗ ਨੇ ਰੇਲ ਗੱਡੀ ਹੇਠ ਆ ਕੇ ਖੁਦਕੁਸ਼ੀ ਕਰ ਲਈ। ਸਥਾਨਕ ਰੇਲਵੇ ਪੁਲਸ ਚੌਕੀ ਦੇ ਇੰਚਾਰਜ ਨਿਰਮਲ ਸਿੰਘ ਨੇ ਦੱਸਿਆ ਕਿ ਮੰਗਲਵਾਰ ਦੀ ਰਾਤ ਮਾਨਸਾ ਤੇ ਨਰਿੰਦਰਪੁਰਾ ਰੇਲਵੇ ਲਾਇਨ 'ਤੇ ਇੱਕ ਅਣਪਛਾਤੇ ਵਿਅਕਤੀ ਤੇ ਬੱਚੇ ਨੇ ਰੇਲ ਗੱਡੀ ਥੱਲੇ ਆ ਕੇ ਆਤਮ ਹੱਤਿਆ ਕਰ ਲਈ। ਉਨ੍ਹਾ ਕਿਹਾ ਕਿ ਹਾਲੇ ਦੋਵੇਂ ਮ੍ਰਿਤਕਾਂ ਦੀ ਪਹਿਚਾਣ ਨਹੀਂ ਹੋਈ ਹੈ। ਦੋਵੇ ਮ੍ਰਿਤਕਾਂ ਦੀ ਪਛਾਣ ਲਈ ਲਾਸ਼ਾਂ ਨੂੰ 72 ਘੰਟਿਆਂ ਲਈ ਸਿਵਲ ਹਸਪਤਾਲ ਮਾਨਸਾ ਵਿਖੇ ਮੋਰਚਰੀ 'ਚ ਰੱਖਿਆ ਗਿਆ ਹੈ।

### ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਮੁੱਲਾਂਪੁਰ ਦਾਖਾ (ਗੁਰਮੇਲ ਸਿੰਘ ਮੈਲਡੇ)**-ਮਈ ਦਿਵਸ 'ਤੇ ਸੀ ਆਈ ਟੀ ਯੂ ਵੱਲੋਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਕੈਂਸਰ ਓਸਵਾਲ ਹਸਪਤਾਲ ਦੇ ਸਾਹਮਣੇ ਵੱਖ ਵੱਖ ਆਗੂਆਂ ਨੇ ਸ਼ਰਧਾਂਜਲੀ ਭੇਟ ਕੀਤੀ ਗਈ। ਇੱਕ ਮਤਾ ਪਾਸ ਕਰਕੇ ਗਿਆਸਪੁਰਾ ਗੈਸ ਲੀਕ ਹੋਣ ਦੀ ਨਖੇਧੀ ਕੀਤੀ ਗਈ, ਜੋ ਜਾਨੀ ਨੁਕਸਾਨ ਹੋਇਆ, ਸਰਕਾਰ ਤੋਂ ਮੰਗ ਕੀਤੀ ਗਈ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੂੰ 20-20 ਲੱਖ ਰੁਪਏ ਰੁਪਏ ਤੇ ਸਰਕਾਰੀ ਨੌਕਰੀ ਦਿੱਤੀ ਜਾਵੇ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ। ਉਪਰੰਤ ਦੋ ਮਿੰਟ ਦਾ ਮੌਨ ਰੱਖਿਆ ਗਿਆ। ਇਸ ਮੌਕੇ ਸਾਥੀ ਸੁਖਵਿੰਦਰ ਸਿੰਘ ਲੋਟੇ, ਕਾਮਰੇਡ ਜੋਗਿੰਦਰ ਰਾਮ, ਸ਼ਹਿਰੀ ਕਮੇਟੀ ਸੀ ਪੀ ਆਈ ਕਾਮਰੇਡ ਰਾਮ ਲਾਲ, ਕਾਮਰੇਡ ਵਿਨੋਦ ਤਿਵਾੜੀ, ਹਨੂੰਮਾਨ ਪ੍ਰਸਾਦਿ ਦੁਬੇ, ਰਾਮ ਵਾਰਸ, ਜਗਦੀਸ਼ ਚੌਧਰੀ, ਸੋਨੂੰ ਪਾਸਵਾਨ ਆਦਿ ਹਾਜ਼ਰ ਸਨ।

### ਤਰਸੇਮ ਗਰਗ ਸੀਨੀਅਰ ਮੀਤ ਪ੍ਰਧਾਨ ਬਣੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਰਾਜ ਅੰਦਰ ਛੋਟੇ ਵਪਾਰੀਆਂ ਨੂੰ ਦਰਪੇਸ਼ ਮਸਲਿਆਂ ਦੇ ਹੱਲ ਤੇ ਲੋਕਾਂ ਨੂੰ ਚੰਗੀਆਂ ਸੇਵਾਵਾਂ ਦੇਣ ਦੇ ਮਕਸਦ ਨਾਲ ਬਣਾਈ ਪੰਜਾਬ ਕਰਿਆਨਾ ਰੀਟੇਲਰਜ਼ ਯੂਨੀਅਨ ਵੱਲੋਂ ਸੀਨੀਅਰ ਮੀਤ ਪ੍ਰਧਾਨ ਵਜੋਂ ਤਰਸੇਮ ਗਰਗ ਦੀ ਨਿਯੁਕਤੀ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਪੰਜਾਬ ਕਰਿਆਨਾ ਰੀਟੇਲਰਜ਼ ਐਸੋਸੀਏਸ਼ਨ ਵੱਲੋਂ ਸਰਬਸੰਮਤੀ ਨਾਲ ਓਮਕਾਰ ਗੋਇਲ ਨੂੰ ਪੰਜਾਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ, ਜਦੋਂਕਿ ਤਰਸੇਮ ਗਰਗ ਦੀ ਸੀਨੀਅਰ ਮੀਤ ਪ੍ਰਧਾਨ ਵਜੋਂ ਨਿਯੁਕਤੀ ਕੀਤੀ ਗਈ ਹੈ। ਇਸ ਦੌਰਾਨ ਤਰਸੇਮ ਗਰਗ ਨੇ ਕਿਹਾ ਕਿ ਉਹ ਇਸ ਅਹੁਦੇ ਪ੍ਰਤੀ ਇਮਾਨਦਾਰੀ, ਨਿਸ਼ਠਾ ਤੇ ਪੂਰੀ ਲਗਨ ਨਾਲ ਸਮਰਪਤ ਹੁੰਦਿਆਂ ਸਮੁੱਚੇ ਵਪਾਰੀ ਵਰਗ ਦੀ ਭਲਾਈ ਲਈ ਕੰਮ ਕਰਾਂਗਾ ਤੇ ਸਮੂਹ ਦੁਕਾਨਦਾਰਾਂ ਨੂੰ ਆਉਣ ਵਾਲੀਆਂ ਦਿਕਤਾਂ ਨੂੰ ਦੂਰ ਕਰਨ ਲਈ ਤਨਦੇਹੀ ਨਾਲ ਆਪਣੇ ਫਰਜ਼ ਨਿਭਾਉਣਗੇ। ਇਸ ਸਮੇਂ ਪਾਤੜਾਂ, ਘੱਗਾ ਤੇ ਬਾਦਸ਼ਾਹਪੁਰ ਦੇ ਦੁਕਾਨਦਾਰਾਂ ਵੱਲੋਂ ਤਰਸੇਮ ਗਰਗ ਨੂੰ ਸੀਨੀਅਰ ਮੀਤ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ ਜਾ ਰਹੀ ਹੈ।

### ਡਰੇਨਾਂ ਦੀ ਸਫਾਈ ਲਈ 17.98 ਲੱਖ ਦੀ ਰਾਸ਼ੀ ਜਾਰੀ : ਸੇਖੋਂ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬਰਸਾਤੀ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਡ੍ਰੇਨਾਂ ਦੀ ਸਫਾਈ ਮੁਹਿੰਮ ਆਰੰਭੀ ਗਈ ਹੈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਸੰਭਾਵੀਂ ਹੜ੍ਹਾਂ ਦੀ ਸਥਿਤੀ ਤੋਂ ਬਚਿਆ ਜਾ ਸਕੇ। ਉਨ੍ਹਾ ਕਿਹਾ ਕਿ ਫਰੀਦਕੋਟ ਹਲਕੇ ਵਿੱਚ ਪੈਂਦੀ ਰਾਜਸਥਾਨ ਡ੍ਰੇਨ, ਬਾਬਾ ਫਰੀਦ ਲਿੰਕ ਡ੍ਰੇਨ ਤੇ ਪੱਕਾ ਡ੍ਰੇਨ ਦੀ ਸਫਾਈ ਲਈ 17.98 ਲੱਖ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਹੈ, ਜਿਸ ਨੂੰ ਮੁੱਖ ਰੱਖਦੇ ਹੋਏ ਡ੍ਰੇਨੇਜ਼ ਡਵੀਜ਼ਨ ਫਰੀਦਕੋਟ ਵੱਲੋਂ ਇਸ ਕੰਮ ਦੇ ਟੈਂਡਰ ਲਗਾ ਵੀ ਦਿੱਤੇ ਗਏ ਹਨ। ਟੈਂਡਰ ਮਨਜ਼ੂਰ ਹੋਣ ਤੋਂ ਕੰਮ ਖਤਮ ਹੋਣ ਲਈ 40 ਦਿਨ ਦਾ ਸਮਾਂ ਮਿੱਥਿਆ ਗਿਆ ਹੈ। ਜਲਦੀ ਹੀ ਇਨ੍ਹਾਂ ਡ੍ਰੇਨਾਂ ਦੀ ਸਫਾਈ ਵਿਭਾਗ ਵੱਲੋਂ ਕਰਵਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਨੇ ਦੱਸਿਆ ਕਿ ਪਿੰਡ ਡੋਡ ਦੇ ਛੱਪੜ ਦੀ ਰੈਨੋਵੇਸ਼ਨ ਲਈ 6.63 ਲੱਖ ਰੁਪਏ ਪੰਜਾਬ ਸਰਕਾਰ ਵੱਲੋਂ ਪ੍ਰਵਾਨ ਕੀਤੇ ਗਏ ਹਨ, ਜਿਸ ਦੇ ਟੈਂਡਰ ਲਗਾਏ ਜਾ ਚੁੱਕੇ ਹਨ। ਜਲਦੀ ਹੀ ਇਹ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

### ਡਰੋਨ ਤੇ ਪੈਰਾਗਲਾਈਡਰ ਉਡਾਉਣ 'ਤੇ ਪਾਬੰਦੀ

**ਸ੍ਰੀ ਮੁਕਤਸਰ ਸਾਹਿਬ (ਪੂਜਾ)**-ਵਿਨੀਤ ਕੁਮਾਰ ਜ਼ਿਲ੍ਹਾ ਮੈਜਿਸਟਰੇਟ ਸ੍ਰੀ ਮੁਕਤਸਰ ਸਾਹਿਬ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਦੇ ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਹਦੂਦ ਅੰਦਰ 4 ਮਈ ਨੂੰ ਡਰੋਨ ਅਤੇ ਪੈਰਾਗਲਾਈਡਰ ਉਡਾਉਣ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਜ਼ਿਲ੍ਹਾ ਮੈਜਿਸਟਰੇਟ ਅਨੁਸਾਰ 4 ਮਈ ਨੂੰ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਦੀ ਆਤਮਿਕ ਸ਼ਾਂਤੀ ਦੀ ਰਸਮ ਮਾਤਾ ਜਸਵੰਤ ਕੌਰ ਸਕੂਲ, ਬਾਦਲ ਵਿਖੇ ਅਦਾ ਕੀਤੀ ਜਾਣੀ ਹੈ ਅਤੇ ਜਿਥੇ ਕਾਫੀ ਗਿਣਤੀ 'ਚ ਵੀ.ਵੀ.ਆਈ.ਪੀਜ਼ ਦੇ ਹਵਾਈ ਰਸਤੇ ਪਹੁੰਚਣ ਦੀ ਸੰਭਾਵਨਾ ਹੈ। ਸ਼ਰਾਰਤੀ ਅਨਸਰਾਂ ਦੀਆਂ ਅਣਸੁਖਾਵੀਆਂ ਘਟਨਾਵਾਂ ਨੂੰ ਰੋਕਣ ਲਈ ਜ਼ਿਲ੍ਹੇ 'ਚ ਡਰੋਨ ਅਤੇ ਪੈਰਾਗਲਾਈਡਰ ਉਡਾਉਣ ਦੀ ਪੂਰਨ ਪਾਬੰਦੀ ਹੋਵੇਗੀ।

# ਖੂਨ ਦਾਨ ਸਭ ਤੋਂ ਉੱਤਮ ਦਾਨ : ਡਾ. ਅਰੋੜਾ



ਖੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕਰਦੇ ਹੋਏ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ।

**ਮੋਗਾ (ਅਮਰਜੀਤ ਬੱਬਰੀ)**

ਸਾਵਨ ਕ੍ਰਿਪਾਲ ਰੂਹਾਨੀ ਮਿਸ਼ਨ ਵੱਲੋਂ ਬੱਸ ਸਟੈਂਡ ਨੇੜੇ ਬਣੇ ਕ੍ਰਿਪਾਲ ਆਸ਼ਰਮ ਵਿੱਚ ਖੂਨਦਾਨ ਕੈਂਪ ਲਾਇਆ ਗਿਆ। ਇਸ ਖੂਨਦਾਨ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਮੋਗਾ ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਖੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਤੇ ਬੈਚ ਲਗਾ ਕੇ ਸਨਮਾਨਤ ਕੀਤਾ। ਸਿਵਲ ਹਸਪਤਾਲ ਬਲੱਡ ਬੈਂਕ ਦੀ ਟੀਮ ਵੱਲੋਂ 21 ਯੂਨਿਟ ਇੱਕਠਾ ਕੀਤਾ ਗਿਆ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਖੂਨ ਦਾਨ ਮਹਾਨ ਦਾਨ ਹੈ, ਇਸ ਕਾਰਜ ਲਈ ਸਾਰਿਆਂ ਨੂੰ ਅੱਗੇ ਆਉਣਾ ਚਾਹੀਦਾ ਹੈ, ਤਾਂ ਜੋ ਸਾਡੇ ਵੱਲੋਂ ਦਿੱਤਾ ਗਿਆ ਖੂਨ ਕਿਸੇ ਲੋੜਵੰਦ ਦੀ ਜਾਨ ਬਚਾਉਣ ਵਿੱਚ ਸਹਾਇਕ ਹੋ ਸਕੇ। ਉਨ੍ਹਾਂ ਖੂਨਦਾਨੀਆਂ ਦਾ ਧੰਨਵਾਦ ਕਰਦੇ ਕਿਹਾ ਕਿ ਖੂਨ ਦਾਨ ਕਰਨ ਨਾਲ ਕਿਸੇ ਤਰ੍ਹਾਂ ਦੀ ਕੋਈ ਕਮਜ਼ੋਰੀ ਨਹੀਂ ਆਉਂਦੀ, ਬਲਕਿ ਸਾਡੇ ਵੱਲੋਂ ਦਿੱਤਾ ਗਿਆ ਖੂਨ ਐਮਰਜੈਂਸੀ ਸਮੇਂ ਮਰੀਜ਼ਾਂ ਲਈ ਸਹਾਇਕ ਸਾਬਿਤ ਹੁੰਦਾ ਹੈ। ਇਸ ਮੌਕੇ ਪ੍ਰਧਾਨ ਹਜ਼ੂਰਾ ਸਿੰਘ, ਸੈਕਟਰੀ ਰਾਜਵਿੰਦਰ ਸਿੰਘ, ਮੀਤ ਪ੍ਰਧਾਨ ਵਿੱਦਿਆ ਸਾਗਰ, ਕੈਸ਼ੀਅਰ ਪ੍ਰਭਾ ਗੁਪਤਾ, ਦਰਸ਼ਨ ਸਿੰਘ, ਵੀ. ਕੇਅਰ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਐਡਵੋਕੇਟ ਦਿਨੇਸ਼ ਗਰਗ, ਮੀਤ ਪ੍ਰਧਾਨ ਲੱਕੀ ਗਿੱਲ, ਦਰਬਾਰਾ ਸਿੰਘ ਆਦਿ ਹਾਜ਼ਰ ਸਨ।

# ਠੇਕੇਦਾਰ ਦੇ ਕਰਿੰਦੇ ਦੀ ਕੁੱਟਮਾਰ ਕਰਕੇ ਨਕਦੀ ਖੋਹਣ ਵਾਲੇ 10 ਲੋਕਾਂ 'ਤੇ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਪੁਲਸ ਵੱਲੋਂ ਸ਼ਰਾਬ ਠੇਕੇਦਾਰ ਦੇ ਕੋਲ ਨੌਕਰੀ ਕਰਦੇ ਵਿਅਕਤੀ ਦੀ ਕੁੱਟਮਾਰ ਕਰਨ ਤੇ 34 ਹਜ਼ਾਰ ਰੁਪਏ ਦੀ ਰਾਸ਼ੀ ਖੋਹਣ ਵਾਲੇ 10 ਵਿਅਕਤੀਆਂ ਦੇ ਖਿਲਾਫ਼ ਪਰਚਾ ਦਰਜ ਕੀਤਾ ਗਿਆ ਹੈ। ਇਨ੍ਹਾਂ ਨਾਮਜ਼ਦ ਵਿਅਕਤੀਆਂ ਵਿੱਚ 7 ਗਿਆਤ ਤੇ 3 ਅਣਪਛਾਤੇ ਵਿਅਕਤੀ ਸ਼ਾਮਲ ਹਨ।

ਮੁਦੱਈ ਬੂਟਾ ਸਿੰਘ ਪੁੱਤਰ ਭੂੰਮਣ ਸਿੰਘ ਵਾਸੀ ਚੱਕ ਅਰਾਈਆਂਵਾਲਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਹ ਜਲਾਲਾਬਾਦ ਵਿਚ ਸ਼ਰਾਬ ਦੇ ਠੇਕੇਦਾਰ ਦੇ ਨਾਲ ਨੌਕਰੀ ਕਰਦਾ ਹੈ ਤੇ 1 ਮਈ 2023 ਨੂੰ ਦੇਰ ਸ਼ਾਮ ਕਰੀਬ 9 ਵਜੇ ਹੋਵੇਗਾ। ਉਹ ਸ਼ਾਮ ਦੇ ਵੇਲੇ ਸ਼ਰਾਬ ਦੇ ਠੇਕਿਆਂ ਤੋਂ ਕੈਸ਼ ਇਕੱਠੀ ਕਰਨ ਲਈ ਗਿਆ ਹੋਇਆ ਸੀ, ਜਿਸ 'ਤੇ ਸੰਦੀਪ ਸਿੰਘ ਵਗੈਰਾ ਬਾਹਮਣੀ ਫਾਟਕ ਦੇ ਨਜ਼ਦੀਕ ਸਥਿਤ ਠੇਕੇ ਦੇ ਕੋਲ ਪਹਿਲਾਂ ਤੋਂ ਹੀ ਖੜੇ ਸਨ, ਜਿਨ੍ਹਾਂ ਨੇ ਮੈਨੂੰ ਦੇਖ ਕੇ ਲਲਕਾਰਾ ਮਾਰਿਆ ਕਿ ਇਹ ਉਹੀ ਹੈ, ਜਿਸ ਨੇ ਕੁਝ ਦਿਨ ਪਹਿਲਾਂ ਠੇਕੇਦਾਰਾਂ ਦੇ ਨਾਲ ਮਿਲ ਕੇ ਸਾਡੇ 'ਤੇ ਪਰਚਾ ਕਰਾਇਆ ਸੀ। ਮੈਂ ਇਨ੍ਹਾਂ ਤੋਂ ਡਰਦਾ ਹੋਇਆ ਠੇਕੇ ਦੇ ਅੰਦਰ ਚਲਾ ਗਿਆ, ਜਿਥੇ ਇਨ੍ਹਾਂ ਨੇ ਦੁਕਾਨ ਦੇ ਅੰਦਰ ਆ ਕੇ ਮੇਰੀ (ਮੁਦੱਈ) ਦੀ ਕੁੱਟਮਾਰ ਕੀਤੀ ਅਤੇ ਮੇਰਾ ਕੈਸ਼ ਵਾਲਾ ਬੈਗ, ਜਿਸ ਵਿੱਚ ਮੇਰੇ ਵਲੋਂ ਠੇਕਿਆ ਤੋਂ ਇਕੱਠੀ ਕੀਤੀ ਹੋਈ ਤਕਰੀਬਨ 29 ਹਜ਼ਾਰ ਰੁਪਏ ਕੈਸ਼ ਸੀ, ਉਹ ਖੋਹ ਕੇ ਲੈ ਗਏ ਅਤੇ ਜਾਂਦੇ ਹੋਏ ਦੁਕਾਨ ਦੇ ਅੰਦਰ ਵਾਲੇ ਗੱਲੇ ਵਿਚੋਂ 5 ਹਜ਼ਾਰ ਰੁਪਏ ਕੈਸ਼ ਕੱਢ ਕੇ ਲੈ ਗਏ। ਜਿਸਦੇ ਬਾਅਦ ਉਥੇ ਮੌਜੂਦ ਵਿਅਕਤੀਆਂ ਦੁਆਰਾ ਮੈਨੂੰ ਸਰਕਾਰੀ ਹਸਪਤਾਲ ਜਲਾਲਾਬਾਦ ਵਿੱਚ ਦਾਖਲ ਕਰਾਇਆ ਹੈ। ਪੁਲਸ ਨੇ ਮੁਦੱਈ ਬੂਟਾ ਸਿੰਘ ਦੇ ਬਿਆਨਾਂ ਦੇ ਅਧਾਰ ਤੇ ਸੰਦੀਪ ਸਿੰਘ, ਅਜੇ ਸਿੰਘ, ਕ੍ਰਿਸ਼ਨਾ ਰਾਣੀ, ਪੂਜਾ ਰਾਣੀ, ਕੁਲਦੀਪ ਸਿੰਘ ਵਾਸੀਆਨ ਕੰਨਲਾ ਵਾਲੇ ਝੁੱਗੇ (ਜਲਾਲਾਬਾਦ), ਗੋਰੂ ਵਾਸੀ ਕਾਠਗੜ੍ਹ, ਅਜੇ ਸਿੰਘ ਵਾਸੀ ਭਗਵਾਨ ਪੁਰਾ ਬਸਤੀ ਜਲਾਲਾਬਾਦ ਅਤੇ 3 ਹੋਰ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

# ਬੀ ਬੀ ਐੱਸ ਬੀ ਕਾਨਵੈਂਟ ਸਕੂਲ 'ਚ ਪ੍ਰਦੂਸ਼ਣ ਤੇ ਬਚਾਅ ਸੰਬੰਧੀ ਡਰਾਇੰਗ ਮੁਕਾਬਲੇ



**ਜਗਰਾਓਂ (ਨਛੱਤਰ ਸੰਧੂ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਛੇਵੀਂ ਤੋਂ ਅੱਠਵੀਂ ਤੱਕ ਅਤੇ ਨੌਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਵਿਚਕਾਰ ਡਰਾਇੰਗ ਮੁਕਾਬਲੇ ਕਰਵਾਏ ਗਏ, ਜਿਸ ਦਾ ਮੁੱਖ ਮਕਸਦ ਅੱਜ-ਕੱਲ੍ਹ ਫੈਲ ਰਹੇ ਪ੍ਰਦੂਸ਼ਣ ਤੇ ਉਸ ਤੋਂ ਆਪਣੇ ਵਾਤਾਵਰਣ ਨੂੰ ਕਿਵੇਂ ਬਚਾਉਣਾ ਹੈ, ਬਾਰੇ ਬੱਚਿਆਂ ਦੀ ਜਾਣਕਾਰੀ ਵਿੱਚ ਵਾਧਾ ਕਰਨਾ ਸੀ। ਬੱਚਿਆਂ ਦੇ ਚਾਰ ਹਾਊਸ ਯੂਨਿਟੀ, ਸਟ੍ਰੈਂਥ, ਡਿਸਕਵਰੀ ਤੇ ਸਿਪਿਰਟ ਛੇਵੀਂ ਤੋਂ ਅੱਠਵੀਂ ਤੱਕ ਅਤੇ ਚੈਲੰਜਰਸ, ਡਿਸਕਵਰਰ, ਐਡਵੈਂਚਰਸ ਤੇ ਐਕਸਪਲੋਰਲ ਨੌਵੀਂ ਤੋਂ ਬਾਰਵੀਂ ਤੱਕ ਦੇ ਹਾਊਸ ਦੇ ਬੱਚਿਆਂ ਨੇ ਭਾਗ ਲਿਆ। ਇਸ ਪ੍ਰਤੀਯੋਗਿਤਾ ਨੂੰ ਲੈ ਕੇ ਵੱਖ-ਵੱਖ ਹਾਊਸ ਦੇ ਬੱਚਿਆਂ ਵਿਚਕਾਰ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ। ਉਨ੍ਹਾਂ ਵੱਖ-ਵੱਖ ਤਰ੍ਹਾਂ ਦੇ ਪ੍ਰਦੂਸ਼ਣ ਪੈਦਾ ਕਰਨ ਵਾਲੇ ਕਾਰਨਾਂ ਨਾਲ ਸੰਬੰਧਤ ਚਾਰਟ ਬੜੇ ਹੀ ਸੁੰਦਰ ਤਰੀਕਿਆਂ ਨਾਲ ਬਣਾਏ। ਬੱਚਿਆਂ ਵੱਲੋਂ ਬਣਾਏ ਗਏ ਚਾਰਟਾਂ ਨੇ ਸਭ ਦਾ ਮਨ ਮੋਹ ਲਿਆ। ਇਸ ਪ੍ਰਤੀਯੋਗਤਾ ਵਿੱਚ ਨੌਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਹਾਊਸਾਂ ਵਿੱਚੋਂ ਚੈਲੰਜਰਜ਼, ਐਕਸਪਲੋਰਲ, ਐਡਵੈਂਚਰਸ ਤੇ ਡਿਸਕਵਰਰ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਤੇ ਚੌਥਾ ਸਥਾਨ ਪ੍ਰਾਪਤ ਕੀਤਾ। ਇਸੇ ਪ੍ਰਕਾਰ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਹਾਊਸਾਂ ਵਿੱਚੋਂ ਯੂਨਿਟੀ, ਸਿਪਿਰਟ, ਸਟ੍ਰੈਂਥ ਤੇ ਡਿਸਕਵਰੀ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਤੇ ਚੌਥਾ ਸਥਾਨ ਪ੍ਰਾਪਤ ਕੀਤਾ। ਜਿੱਤਣ ਵਾਲੇ ਸਾਰੇ ਹਾਊਸ ਦੇ ਬੱਚਿਆਂ ਨੂੰ ਮੈਨੇਜਮੈਂਟ ਕਮੇਟੀ ਵੱਲੋਂ ਮੈਡਲਾਂ ਨਾਲ ਸਨਮਾਨਤ ਕੀਤਾ ਗਿਆ। ਉਨ੍ਹਾਂ ਇਸ ਪ੍ਰਤੀਯੋਗਿਤਾ ਦੀ ਖੂਬ ਸ਼ਲਾਘਾ ਵੀ ਕੀਤੀ ਤੇ ਭਵਿੱਖ ਵਿੱਚ ਵੀ ਅਜਿਹੀਆਂ ਪ੍ਰਤੀਯੋਗਿਤਾਵਾਂ ਕਰਵਾਉਂਦੇ ਰਹਿਣ ਦਾ ਪ੍ਰਣ ਕੀਤਾ।

# ਰਾਜਪਾਲ ਵੱਲੋਂ ਬੀ ਐੱਸ ਐੱਫ ਕਮਾਂਡੈਂਟ ਸਨਮਾਨਤ





**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ 66ਵੀਂ ਬਟਾਲੀਅਨ, ਰਾਮਪੁਰਾ, ਫਾਜ਼ਿਲਕਾ ਦੇ ਕਮਾਂਡੈਂਟ ਦਿਨੇਸ਼ ਕੁਮਾਰ ਨੂੰ ਸੀਮਾ ਸੁਰੱਖਿਆ ਬਲ ਵੱਲੋਂ ਟੈਗੋਰ ਥੀਏਟਰ, ਚੰਡੀਗੜ੍ਹ ਵਿਖੇ ਕਰਵਾਏ ਗਏ ਸਨਮਾਨ ਸਮਾਰੋਹ ਵਿੱਚ ਮੈਰੀਟੋਰੀਅਸ ਪੁਲਸ ਸਰਵਿਸ ਮੈਡਲ ਨਾਲ ਸਨਮਾਨਤ ਕੀਤਾ ਹੈ। ਇਸ ਮੌਕੇ ਬੀ.ਐੱਸ.ਐੱਫ ਦੇ ਟੀ.ਵੀ. ਰਾਮ ਸ਼ਾਸਤਰੀ ਐਡੀ. ਦੇ ਡਾਇਰੈਕਟਰ ਜਨਰਲ ਤੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਫਾਜ਼ਿਲਕਾ ਸੈਕਟਰ 'ਚ ਭਾਰਤ-ਪਾਕਿ ਸਰਹੱਦ 'ਤੇ ਸਮਾਜ ਵਿਰੋਧੀ ਅਨਸਰਾਂ 'ਤੇ ਸਖਤੀ ਨਾਲ ਨਕੇਲ ਕੱਸਣ ਵਾਲੇ ਕਮਾਂਡੈਂਟ ਦਿਨੇਸ਼ ਕੁਮਾਰ ਪਿਛਲੇ ਸਾਲ ਵੀ ਬੀ.ਐੱਸ.ਐੱਫ. ਦੀਆਂ ਸਾਰੀਆਂ ਬਟਾਲੀਅਨਾਂ 'ਚ ਉੱਤਮਤਾ ਦਾ ਮੈਡਲ ਪ੍ਰਾਪਤ ਕਰ ਚੁੱਕੇ ਹਨ। ਫਾਜ਼ਿਲਕਾ ਇਲਾਕੇ ਦੀਆਂ ਧਾਰਮਿਕ, ਸਮਾਜਿਕ ਜਥੇਬੰਦੀਆਂ ਤੇ ਸਰਹੱਦੀ ਪਿੰਡ ਵਾਸੀਆਂ ਨੇ ਮੈਡਲ ਹਾਸਲ ਕਰਨ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ।

# ਰੋਟਰੀ ਕਲੱਬ ਵੱਲੋਂ ਪ੍ਰੈੱਸ ਅਜ਼ਾਦੀ ਦਿਵਸ ਮੌਕੇ ਪੱਤਰਕਾਰਾਂ ਦਾ ਸਨਮਾਨ



ਰੋਟਰੀ ਕਲੱਬ ਰਾਇਲ ਪਾਤੜਾਂ ਦੇ ਮੈਂਬਰ ਪੱਤਰਕਾਰਾਂ ਨੂੰ ਸਨਮਾਨਤ ਕਰਦੇ ਹੋਏ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਪਾਤੜਾਂ (ਰਾਇਲ) ਵੱਲੋਂ ਕੌਮਾਂਤਰੀ ਪ੍ਰੈੱਸ ਅਜ਼ਾਦੀ ਦਿਵਸ ਮੌਕੇ ਕਲੱਬ ਦੇ ਪ੍ਰਧਾਨ ਅਸ਼ੋਕ ਕੁਮਾਰ ਗਰਗ ਤੇ ਮਦਰ ਇੰਡੀਆ ਐਜੂਕੇਸ਼ਨ ਟਰੱਸਟ ਦੇ ਚੇਅਰਮੈਨ ਰਾਕੇਸ਼ ਕੁਮਾਰ ਗਰਗ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ। ਸਮਾਗਮ ਦੌਰਾਨ ਇਲਾਕੇ ਵਿੱਚ ਵੱਖ-ਵੱਖ ਅਖਬਾਰਾਂ ਤੇ ਟੈਲੀਵਿਜ਼ਨ ਚੈਨਲਾਂ ਵਿੱਚ ਕੰਮ ਕਰਨ ਵਾਲੇ ਸਰਗਰਮ ਪੱਤਰਕਾਰਾਂ ਦਾ ਸਨਮਾਨ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਰੋਟਰੀ ਕਲੱਬ ਰਾਇਲ ਦੇ ਪ੍ਰਧਾਨ ਅਸ਼ੋਕ ਗਰਗ ਨੇ ਕਿਹਾ ਕਿ ਅਜੋਕੇ ਸਮੇਂ ਦੌਰਾਨ ਪੱਤਰਕਾਰੀ ਸਭ ਤੋਂ ਵੱਡੀ ਸਮਾਜ ਸੇਵਾ ਹੈ, ਕਿਉਂਕਿ ਬਿਨਾਂ ਤਨਖਾਹ ਤੋਂ ਮਾਮੂਲੀ ਮਾਣਭੱਤੇ 'ਤੇ ਕੰਮ ਕਰਨ ਵਾਲੇ ਪੱਤਰਕਾਰ ਨਾ ਸਿਰਫ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬਣਦੇ ਹਨ, ਸਗੋਂ ਸਮਾਜ ਵਿੱਚ ਵਾਪਰਨ ਵਾਲੀ ਹਰ ਨਿੱਕੀ ਵੱਡੀ ਘਟਨਾ ਦੀ ਜਾਣਕਾਰੀ ਆਮ ਜਨਤਾ ਤੇ ਸਰਕਾਰ ਤੱਕ ਪੁੱਜਦਾ ਕਰਨ ਨਾਲ ਨਾਲ ਸਰਕਾਰ ਦੀਆਂ ਪ੍ਰਾਪਤੀਆਂ ਤੇ ਖਾਮੀਆਂ ਨੂੰ ਉਜਾਗਰ ਕਰਦੇ ਹਨ। ਉਨ੍ਹਾਂ ਕਿਹਾ ਕਿ ਪ੍ਰੈੱਸ ਲੋਕਤੰਤਰ ਦਾ ਚੌਥਾ ਥੰਮ੍ਹ ਮੰਨਿਆ ਜਾਂਦਾ ਹੈ ਤੇ ਇਸ ਦਾ ਆਜ਼ਾਦ ਰਹਿਣਾ ਅੱਜ ਦੇ ਸਮੇਂ 'ਚ ਸਭ ਤੋਂ ਵੱਡੀ ਚੁਣੌਤੀ ਬਣਿਆ ਹੋਇਆ ਹੈ। ਸਮਾਗਮ ਦੌਰਾਨ ਕਲੱਬ ਵੱਲੋਂ ਕੀਤੇ ਗਏ ਉਪਰਾਲੇ ਲਈ ਧੰਨਵਾਦ ਕਰਦਿਆਂ ਮੀਡੀਆ ਕਲੱਬ ਪਾਤੜਾਂ ਦੇ ਪ੍ਰਧਾਨ ਗੁਰਨਾਮ ਸਿੰਘ ਚੌਹਾਨ, ਜਨਰਲ ਸਕੱਤਰ ਭੁਪਿੰਦਰਜੀਤ ਮੌਲਵੀਵਾਲਾ ਤੇ ਕੈਸ਼ੀਅਰ ਜਗਦੀਸ਼ ਸਿੰਘ ਕੰਬੋਜ ਨੇ ਪੱਤਰਕਾਰਾਂ ਨੂੰ ਪੇਸ਼ ਆ ਰਹੀਆਂ ਚੁਣੌਤੀਆਂ ਸੰਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਲੱਬ ਦੇ ਸਕੱਤਰ ਕਪਿਲ ਕੌਸ਼ਲ, ਕੈਸ਼ੀਅਰ ਹਰਮੇਸ਼ ਮੇਸ਼ੀ, ਅਮਨਦੀਪ ਸਿੰਘ, ਨਰਾਇਣ ਗਰਗ, ਕੁਨਾਲ ਗੋਇਲ, ਡਾਕਟਰ ਮੋਹਣ ਲਾਲ ਸਿੰਗਲਾ, ਸੰਦੀਪ ਕੁਮਾਰ, ਹਿਮਾਂਸ਼ੀ ਗਰਗ, ਸੁਨੀਲ ਕੁਮਾਰ, ਪਵਨ ਗੋਇਲ, ਰਾਕੇਸ਼ ਕੁਮਾਰ ਤੇ ਦੀਪਕ ਗਰਗ ਹਾਜ਼ਰ ਸਨ।

# ਪੰਜਾਬ ਦੇ ਰਾਜਨੀਤਕ ਇਤਿਹਾਸ 'ਚ ਬਾਦਲ ਇੱਕ ਇਮਾਨਦਾਰ, ਬੇਦਾਗ ਤੇ ਲੋਕ ਪੱਖੀ ਸ਼ਖਸੀਅਤ ਵਜੋਂ ਜਾਣੇ ਜਾਣਗੇ : ਸ਼ਾਹਪੁਰ/ਸੇਹ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਪੰਜਾਬ ਸਟੇਟ ਸੇਵਾ-ਮੁਕਤ ਜ਼ਿਲ੍ਹਾ ਵੈਟਨਰੀ ਇੰਸਪੈਕਟਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰੈੱਸ ਸਕੱਤਰ ਤੇ ਸੀਨੀਅਰ ਅਕਾਲੀ ਆਗੂ ਸੁਰਿੰਦਰ ਸਿੰਘ ਸਾਹਪੁਰ ਤੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਚਰਨਜੀਤ ਸਿੰਘ ਸੇਹ ਨੇ ਗੱਲਬਾਤ ਕਰਦਿਆਂ ਕਿਹਾ ਕਿ ਸ੍ਰ. ਪ੍ਰਕਾਸ ਸਿੰਘ ਬਾਦਲ ਪੰਜਾਬ ਦੇ ਰਾਜਨੀਤਕ ਖੇਤਰ ਦੀ ਇੱਕ ਮੰਨੀ ਪ੍ਰਮੰਨੀ, ਇਮਾਨਦਾਰ, ਬੇਦਾਗ ਤੇ ਇੱਕ ਲੋਕ ਪੱਖੀ ਸ਼ਖਸੀਅਤ ਵਜੋਂ ਜਾਣੇ ਜਾਂਦੇ ਰਹਿਣਗੇ।

ਉਪਰੋਕਤ ਆਗੂਆਂ ਨੇ ਕਿਹਾ ਕਿ ਸ੍ਰ. ਬਾਦਲ ਨੇ ਆਪਣੇ ਰਾਜਨੀਤਕ ਸਮੇਂ ਦੌਰਾਨ ਹਰ ਵਰਗ ਜਿਵੇਂ ਕਿ ਕਿਸਾਨ, ਮਜ਼ਦੂਰ, ਮੁਲਾਜ਼ਮ, ਵਪਾਰੀ, ਉਦਯੋਗਪਤੀਆਂ ਦੇ ਕੰਮ ਕਰਕੇ ਲੋਕਪ੍ਰਿਅਤਾ ਹਾਸਲ ਕੀਤੀ। ਉਨ੍ਹ ਕਿਹਾ ਕਿ ਸ੍ਰ. ਬਾਦਲ ਹਰ ਪ੍ਰੋਗਰਾਮ 'ਤੇ ਸਮੇਂ ਤੋਂ ਪਹਿਲਾਂ ਆਉਂਦੇ ਸੀ। ਉਨ੍ਹਾਂ ਦੀ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਨ ਵਾਲਿਆਂ ਵਿੱਚ ਸਰਪੰਚ ਹਰਿੰਦਰਪਾਲ ਸਿੰਘ, ਸਰਪੰਚ ਨਰਿੰਦਰਪਾਲ ਸਿੰਘ, ਸਰਪੰਚ ਪਰਮਿੰਦਰ ਸਿੰਘ, ਸਰਪੰਚ ਹਰਵਿੰਦਰ ਸਿੰਘ, ਗੁਰਦੀਪ ਸਿੰਘ ਮੌਂਟੀ, ਗੁਰਪ੍ਰੀਤ ਸਿੰਘ, ਕਰਨੈਲ ਸਿੰਘ ਫੌਜੀ, ਸੁਖਵਿੰਦਰ ਸਿੰਘ, ਮਨਜੀਤ ਸਿੰਘ ਘੁਡਾਣੀ, ਪਰਮਿੰਦਰ ਸਿੰਘ ਭੱਠਲ, ਨੰਬਰਦਾਰ ਹਰਜੀਤ ਸਿੰਘ, ਹਰਭਜਨ ਸਿੰਘ, ਜੋਧ ਸਿੰਘ ਕੈਨੇਡਾ, ਚਮਕੌਰ ਸਿੰਘ, ਉਜਾਗਰ ਸਿੰਘ, ਬਲਵੰਤ ਸਿੰਘ ਸ਼ਾਮਲ ਸਨ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਬਠਿੰਡਾ ਦਾ ਚੋਣ ਅਜਲਾਸ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਦੇ ਬਲਾਕ ਬਠਿੰਡਾ ਦੀ ਚੋਣ ਦਾ ਇਜਲਾਸ ਕਰਵਾਇਆ ਗਿਆ। ਜਿਸ ਵਿੱਚ ਨਵੇਂ ਮੈਂਬਰਾਂ ਦੀ ਚੋਣ ਕਰਦੇ ਹੋਏ ਸਰਬਸੰਮਤੀ ਨਾਲ ਡਾ. ਜਗਸੀਰ ਸ਼ਰਮਾ ਨੂੰ ਚੌਥੀ ਵਾਰ ਪ੍ਰਧਾਨ ਨਿਯੁਕਤ ਕੀਤਾ ਗਿਆ।

ਇਸ ਮੌਕੇ ਜ਼ਿਲ੍ਹੇ ਵਲੋਂ ਅਬਜ਼ਰਬਰ ਦੇ ਤੌਰ 'ਤੇ ਪਹੁੰਚੇ ਡਾ. ਜਗਤਾਰ ਫੂਲ ਅਤੇ ਡਾ. ਮਨਪ੍ਰੀਤ ਸਿੰਘ ਧਾਲੀਵਾਲ ਨੇ ਸਟੇਜ ਸੰਭਾਲਦੇ ਹੋਏ ਆਪਣੇ ਵਿਚਾਰ ਪੇਸ਼ ਕੀਤੇ। ਇਜਲਾਸ 'ਚ ਵਿਸ਼ੇਸ਼ ਤੌਰ 'ਤੇ ਸਟੇਟ ਤੋਂ ਡਾ. ਐਚ. ਐਸ. ਰਾਣੂ ਅਤੇ ਜ਼ਿਲ੍ਹਾ ਪ੍ਰਧਾਨ ਡਾ. ਮੇਵਾ ਸਿੰਘ ਲੇਡੀਜ਼ ਵਿੰਗ ਦੇ ਪ੍ਰਧਾਨ ਡਾ. ਸਰਬਜੀਤ ਕੌਰ ਭੱਟੀ ਜ਼ਿਲ੍ਹਾ ਕੈਸ਼ੀਅਰ ਅਤੇ ਡਾ. ਖੁਸ਼ਵਿੰਦਰ ਮਾਨ ਨੇ ਆਪਣੇ ਵਿਚਾਰ ਪੇਸ਼ ਕੀਤੇ । ਇਸ ਮੌਕੇ ਡਾ. ਐਚ.ਐਸ. ਰਾਣੂ, ਡਾ. ਮੇਵਾ ਸਿੰਘ ਤੇ ਡਾ. ਹਰਬੰਸ ਲਾਲ ਕੌਂਸਲ ਨੇ ਕਿਹਾ ਕਿ ਉਨ੍ਹਾਂ ਵੱਲੋਂ ਬਲਾਕ ਬਠਿੰਡਾ ਦੀ ਚੋਣ ਸਰਬਸੰਮਤੀ ਨਾਲ ਤੋਂ ਪਹਿਲਾਂ ਝੰਡਾ ਰਸਮ ਕੀਤੀ ਗਈ। ਜਿਸ ਵਿਚ ਡਾ. ਜਗਸੀਰ ਸ਼ਰਮਾ ਨੂੰ ਚੌਥੀ ਵਾਰ ਸਰਬਸੰਮਤੀ ਨਾਲ ਪ੍ਰਧਾਨ ਬਣਾਇਆ ਗਿਆ।

ਇਜਲਾਸ ਦੀ ਸਟੇਜ ਡਾ. ਧਰਵਿੰਦਰ ਗਹਿਰੀ ਵੱਲੋਂ ਸੰਭਾਲੀ ਗਈ। ਡਾ: ਜਗਸੀਰ ਸ਼ਰਮਾ ਬਲਾਕ ਪ੍ਰਧਾਨ ਨੇ ਸਾਰੇ ਆਏ ਹੋਏ ਸਾਥੀਆਂ ਦਾ ਵੈਲਕਮ ਕੀਤਾ। ਇਸ ਤੋਂ ਬਾਅਦ ਜਨਰਲ ਸਕੱਤਰ ਬਲਾਕ ਡਾ. ਮੱਖਣ ਸਿੰਘ ਵੱਲੋਂ ਰਿਪੋਰਟ ਪੜ੍ਹੀ ਗਈ, ਜਿਸ ਨੂੰ ਸਾਰੇ ਸਾਥੀਆਂ ਨੇ ਪ੍ਰਵਾਨਗੀ ਦੇ ਕੇ ਪਾਸ ਕੀਤਾ। ਇਸ ਤੋਂ ਬਾਅਦ ਦੋ ਸਾਲਾਂ ਦੀ ਕੈਸ਼ੀਅਰ ਰਿਪੋਰਟ ਬਲਾਕ ਕੈਸ਼ੀਅਰ ਡਾ. ਬਲਵਿੰਦਰ ਸਿੰਘ ਵੱਲੋਂ ਪੜ੍ਹੀ ਗਈ। ਜਿਸ ਨੂੰ ਸਾਰੇ ਸਾਥੀਆਂ ਨੇ ਪ੍ਰਵਾਨਗੀ ਦੇ ਕੇ ਪਾਸ ਕੀਤਾ।

ਬਾਕੀ ਬਲਾਕ ਕਮੇਟੀ 'ਚ ਸਰਪ੍ਰਸਤ ਡਾ. ਕ੍ਰਿਸ਼ਨ ਸਿੰਘ, ਚੇਅਰਮੈਨ ਡਾ. ਧਰਵਿੰਦਰ ਗਹਿਰੀ ਅਤੇ ਡਾ. ਪ੍ਰੀਤਮ ਵਿਰਕ, ਸੀਨੀਅਰ ਪ੍ਰਧਾਨ ਡਾ. ਗੁਰਮੇਲ ਮਹਿਣਾ ਅਤੇ ਡਾ. ਐਮ.ਐਸ. ਬੇਦੀ ਲੇਡੀਜ਼ ਵਿੰਗ ਦੇ ਪ੍ਰਧਾਨ ਡਾ. ਰੁਪਿੰਦਰ ਕੌਰ ਭੁੱਲਰ, ਜਨਰਲ ਸਕੱਤਰ ਡਾ. ਮੱਖਣ ਸਿੰਘ, ਕੈਸ਼ੀਅਰ ਡਾ. ਬਲਵਿੰਦਰ ਸਿੰਘ, ਸਹਾਇਕ ਕੈਸ਼ੀਅਰ ਡਾ. ਜੋਗਿੰਦਰ ਸਿੰਘ, ਸਹਾਇਕ ਸਕੱਤਰ ਡਾ. ਗੁਲਾਬ ਸਿੰਘ, ਡਾ. ਨਵਤੇਜ ਜੱਸੀ, ਸਟੇਜ ਸਕੱਤਰ ਡਾ. ਸੁਨੀਲ ਬਾਂਸਲ, ਸਲਾਹਕਾਰ ਡਾ. ਜਗਦੀਸ਼ ਅਹੂਜਾ ਅਤੇ ਡਾ. ਮੰਦਰ ਸਿੰਘ ਅਤੇ ਡਾ. ਧਰਮਿੰਦਰ ਬੱਚਿਆਂ ਦੇ ਮਾਹਿਰ, ਬਲਾਕ ਹੈਡ ਆਫਿਸ ਇੰਚਾਰਜ ਡਾ. ਖੁਸ਼ਵਿੰਦਰ ਮਾਨ ਚੁਣੇ ਗਏ। ਇਸ ਤੋਂ ਬਾਅਦ ਨਵਨਿਯੁਕਤ ਪ੍ਰਧਾਨ ਡਾ. ਜਗਸੀਰ ਸ਼ਰਮਾ ਨੇ ਸਾਰੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ।

# ਮੋਦੀ ਸਰਕਾਰ ਦੀਆਂ ਮਾਰੂ ਨੀਤੀਆਂ ਕਾਰਨ ਖੇਤੀਬਾੜੀ ਸੰਕਟ ਗਹਿਰਾ ਹੋ ਰਿਹਾ : ਮਹਿਮਾ

## ਬੀ ਕੇ ਯੂ ਏਕਤਾ ਡਕੌਂਦਾ ਦੀ ਸੂਬਾਈ ਕਨਵੈਨਸ਼ਨ 7 ਨੂੰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਸੂਬਾਈ ਮੀਟਿੰਗ ਮਨਜੀਤ ਸਿੰਘ ਧਨੇਰ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਬਾਬਾ ਕਾਲਾ ਮਹਿਰ ਬਰਨਾਲਾ ਵਿਖੇ ਹੋਈ। ਇਸ ਵਿੱਚ ਸੂਬਾ ਕਮੇਟੀ ਮੈਂਬਰਾਂ ਤੋਂ ਇਲਾਵਾ ਜ਼ਿਲ੍ਹਿਆਂ ਦੇ ਪ੍ਰਧਾਨ ਤੇ ਜਨਰਲ ਸਕੱਤਰ ਸ਼ਾਮਲ ਹੋਏ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦੇ ਹੋਏ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਦੱਸਿਆ ਕਿ ਮੋਦੀ ਸਰਕਾਰ ਵੱਲੋਂ ਸਮੁੱਚੇ ਦੇਸ਼ 'ਚ ਲਾਗੂ ਕੀਤੀਆਂ ਜਾ ਰਹੀਆਂ ਲੋਕ ਵਿਰੋਧੀ ਤੇ ਕਿਸਾਨ ਵਿਰੋਧੀ ਨੀਤੀਆਂ ਕਾਰਨ ਖੇਤੀਬਾੜੀ ਦਾ ਸੰਕਟ ਗਹਿਰਾ ਹੋ ਰਿਹਾ ਹੈ। ਇਸ ਸੰਕਟ ਨੂੰ ਵਿਸਥਾਰ 'ਚ ਸਮਝਣ, ਚੁਣੌਤੀਆਂ ਤੇ ਸੰਭਾਵਨਾਵਾਂ ਨੂੰ ਟਿਕਣ ਲਈ ਜਥੇਬੰਦੀ ਵੱਲੋਂ 07 ਮਈ 2023 ਨੂੰ ਬਰਨਾਲਾ ਦੇ ਤਰਕਸ਼ੀਲ ਭਵਨ ਵਿਖੇ ਸੂਬਾਈ ਕਨਵੈਨਸ਼ਨ ਕੀਤੀ ਜਾਵੇਗੀ। ਇਸ ਵਿੱਚ ਪ੍ਰਸਿੱਧ ਪੱਤਰਕਾਰ ਪੀ ਸਾਈਨਾਥ ਕੁੰਜੀਵਤ ਭਾਸ਼ਣ ਦੇਣਗੇ। ਵਰਨਣਯੋਗ ਹੈ ਕਿ ਪੱਤਰਕਾਰ ਪੀ ਸਾਈਨਾਥ, ਪੀਪਲਜ਼ ਆਰਕਾਈਵ ਆਫ ਰੂਰਲ ਇੰਡੀਆ ਦੇ ਮੁੱਖ ਸੰਪਾਦਕ ਹਨ। ਇਸ ਕਨਵੈਨਸ਼ਨ 'ਚ ਪ੍ਰੋਫੈਸਰ ਜਗਮੋਹਣ ਸਿੰਘ ਤੇ ਪ੍ਰੋ: ਬਾਵਾ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਆਗੂਆਂ ਨੇ ਸਾਰੀਆਂ ਕਿਸਾਨ, ਮਜ਼ਦੂਰ ਤੇ ਇਨਕਲਾਬੀ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਨੂੰ ਕਨਵੈਨਸ਼ਨ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਇਸ ਮੌਕੇ ਸੂਬਾ ਮੀਤ ਪ੍ਰਧਾਨ ਹਰੀਸ਼ ਨੱਢਾ, ਖਜ਼ਾਨਚੀ ਬਲਵੰਤ ਸਿੰਘ ਉੱਪਲੀ ਤੇ ਕੁਲਵੰਤ ਸਿੰਘ ਕਿਸ਼ਨਗੜ੍ਹ ਨੇ ਮੋਦੀ ਸਰਕਾਰ ਵੱਲੋਂ ਕਿਸਾਨੀ ਘੋਲ ਦੀ ਹਮਾਇਤ ਕਰਨ ਵਾਲੇ ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਨੂੰ ਕੇਂਦਰੀ ਏਜੰਸੀਆਂ ਵੱਲੋਂ ਪ੍ਰੇਸ਼ਾਨ ਕਰਨ ਦੀ ਸਖਤ ਨਿੰਦਾ ਕੀਤੀ ਗਈ ਤੇ ਸਰਕਾਰ ਨੂੰ ਅਜਿਹੀਆਂ ਸਾਜ਼ਿਸ਼ਾਂ ਤੋਂ ਬਾਜ਼ ਆਉਣ ਦੀ ਚਿਤਾਵਨੀ ਦਿੱਤੀ ਗਈ। ਮੀਟਿੰਗ 'ਚ ਪ੍ਰਦੀਪ ਮਿੱਤਲ ਨੂੰ ਮੁਹਾਲੀ ਜ਼ਿਲ੍ਹੇ ਦਾ ਕਨਵੀਨਰ ਨਿਯੁਕਤ ਕੀਤਾ ਗਿਆ।

# ਬਾਬਾ ਫ਼ਰੀਦ ਕਾਲਜ ਦੇ ਵਿਦਿਆਰਥੀਆਂ ਵੱਲੋਂ 'ਯੋਗਾ ਦੇ ਲਾਭ' ਮੁਹਿੰਮ ਤਹਿਤ ਭੁੱਚੋ ਸਕੂਲ ਦਾ ਦੌਰਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਾਬਾ ਫ਼ਰੀਦ ਕਾਲਜ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਇੱਕ ਮੋਹਰੀ ਬੀ-ਸਕੂਲ) ਦੇ ਬਿਜ਼ਨੈੱਸ ਸਟਡੀਜ਼ ਵਿਭਾਗ ਨੇ 'ਉੱਨਤ ਭਾਰਤ ਅਭਿਆਨ' ਦੇ ਸਹਿਯੋਗ ਨਾਲ 'ਯੋਗਾ ਦੇ ਲਾਭ' ਤਹਿਤ ਇੱਕ ਮੁਹਿੰਮ ਦਾ ਆਯੋਜਨ ਕੀਤਾ। ਬਾਬਾ ਫ਼ਰੀਦ ਕਾਲਜ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਦੇ ਐੱਮ.ਬੀ.ਏ. ਦੇ ਵਿਦਿਆਰਥੀਆਂ ਨੇ ਗਤੀਵਿਧੀ ਦੇ ਹਿੱਸੇ ਵਜੋਂ ਭੁੱਚੋ ਕਲਾਂ ਦੇ ਸਥਾਨਕ ਸਕੂਲ ਦਾ ਦੌਰਾ ਕੀਤਾ। ਉਨ੍ਹਾਂ ਬੱਚਿਆਂ ਨਾਲ ਯੋਗਾ ਦੇ ਫ਼ਾਇਦਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਤੇ ਵੱਖ-ਵੱਖ ਯੋਗਾ ਅਭਿਆਸ ਕਰਵਾਏ। ਉਨ੍ਹਾਂ ਵੱਖ-ਵੱਖ ਆਸਣਾਂ ਦਾ ਪ੍ਰਦਰਸ਼ਨ ਕੀਤਾ ਤੇ ਦੱਸਿਆ ਕਿ ਉਹ ਸਰੀਰ ਤੇ ਦਿਮਾਗ਼ ਨੂੰ ਕਿਵੇਂ ਲਾਭ ਪਹੁੰਚਾ ਸਕਦੇ ਹਨ। ਪਿੰਡ ਵਾਸੀ ਐੱਮ.ਬੀ.ਏ. ਦੇ ਵਿਦਿਆਰਥੀਆਂ ਤੋਂ ਸਿੱਖਣ ਲਈ ਉਤਸੁਕ ਸਨ ਤੇ ਉਨ੍ਹਾਂ ਨੇ ਵੀ ਯੋਗਾ ਸੈਸ਼ਨ 'ਚ ਸਰਗਰਮੀ ਨਾਲ ਹਿੱਸਾ ਲਿਆ। ਵਿਦਿਆਰਥੀਆਂ ਨੇ ਧੀਰਜ ਨਾਲ ਉਨ੍ਹਾਂ ਦਾ ਵੱਖ-ਵੱਖ ਅਭਿਆਸਾਂ ਰਾਹੀਂ ਮਾਰਗ ਦਰਸ਼ਨ ਕੀਤਾ। ਉਨ੍ਹਾਂ ਦੱਸਿਆ ਕਿ ਕਿਵੇਂ ਯੋਗਾ ਤਣਾਅ, ਚਿੰਤਾ ਤੇ ਉਦਾਸੀ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦਾ ਹੈ ਤੇ ਭਾਵਨਾਤਮਕ ਤੰਦਰੁਸਤੀ ਨੂੰ ਉਤਸ਼ਾਹਤ ਕਰ ਸਕਦਾ ਹੈ। ਉਨ੍ਹਾਂ ਨੇ ਸਿਹਤਮੰਦ ਜੀਵਨ ਸ਼ੈਲੀ ਲਈ ਰੋਜ਼ਾਨਾ ਯੋਗਾ ਕਰਨ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਰੋਜ਼ਾਨਾ ਜੀਵਨ ਵਿੱਚ ਯੋਗਾ ਦੀ ਮਹੱਤਤਾ ਬਾਰੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਐੱਮ.ਬੀ.ਏ. ਦੇ ਵਿਦਿਆਰਥੀਆਂ ਨੇ ਆਪਣੇ ਨਿੱਜੀ ਤਜਰਬਿਆਂ ਨੂੰ ਸਾਂਝਾ ਕੀਤਾ। ਇਸ ਮੁਹਿੰਮ ਨੂੰ ਪਿੰਡ ਵਾਸੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਤੇ ਉਨ੍ਹਾਂ ਨੇ ਆਪਣਾ ਗਿਆਨ ਸਾਂਝਾ ਕਰਨ ਤੇ ਯੋਗਾ ਦੇ ਲਾਭਾਂ ਨੂੰ ਉਤਸ਼ਾਹਤ ਕਰਨ ਲਈ ਐੱਮ.ਬੀ.ਏ. ਦੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਸਚਿਨ ਦੇਵ ਨੇ ਕਿਹਾ ਕਿ ਬੀ.ਐੱਫ.ਸੀ.ਐੱਮ.ਟੀ. ਦੁਆਰਾ ਉੱਨਤ ਭਾਰਤ ਅਭਿਆਨ ਦੇ ਤਹਿਤ ਕੀਤੀ ਗਈ ਇਸ ਗਤੀਵਿਧੀ ਨੇ ਨਾ ਸਿਰਫ਼ ਯੋਗਾ ਦੇ ਲਾਭਾਂ ਨੂੰ ਉਜਾਗਰ ਕੀਤਾ, ਸਗੋਂ ਐੱਮ.ਬੀ.ਏ. ਦੇ ਵਿਦਿਆਰਥੀਆਂ 'ਚ ਭਾਈਚਾਰਕ ਸ਼ਮੂਲੀਅਤ ਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਵੀ ਪੈਦਾ ਕੀਤੀ ਹੈ। ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇੱਕ ਸਿਹਤਮੰਦ ਤੇ ਸੰਪੂਰਨ ਸਮਾਜ ਦੀ ਸਿਰਜਣਾ ਵਿੱਚ ਅਜਿਹੀਆਂ ਪਹਿਲਕਦਮੀਆਂ ਬਹੁਤ ਮਹੱਤਵਪੂਰਨ ਹਨ।

# ਪੈਰਾਡਾਈਜ਼ ਪਬਲਿਕ ਸਕੂਲ਼ ਸੀਂਗੋ ਦਾ ਨਤੀਜਾ ਸ਼ਾਨਦਾਰ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੈਰਾਡਾਈਜ਼ ਪਬਲਿਕ ਸਕੂਲ ਸੀਂਗੋ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅੱਠਵੀਂ ਸ਼੍ਰੇਣੀ ਦੀਆਂ ਪ੍ਰੀਖਿਆਵਾਂ ਦੇ ਆਏ ਨਤੀਜਿਆਂ ਵਿੱਚ ਸ਼ਾਨਦਾਰ ਗ੍ਰੇਡ ਤੇ ਅੰਕ ਪ੍ਰਾਪਤ ਕਰਕੇ ਸੌ ਫ਼ੀਸਦੀ ਨਤੀਜਾ ਹਾਸਲ ਕਰਕੇ ਵੱਡੀਆਂ ਮੱਲਾਂ ਮਾਰੀਆਂ ਹਨ। ਉਕਤ ਜਾਣਕਾਰੀ ਇੱਥੇ ਪੈਰਾਡਾਈਜ਼ ਪਬਲਿਕ ਸਕੂਲ ਦੇ ਪ੍ਰਿੰਸੀਪਲ ਸ੍ਰ. ਗੁਰਪ੍ਰੀਤ ਸਿੰਘ ਰਿਪੀ ਨੇ ਸਾਂਝੀ ਕਰਦਿਆਂ ਦੱਸਿਆ ਕਿ ਸਾਡੇ ਸਕੂਲ ਦੇ ਵਿਦਿਆਰਥੀਆਂ ਨੇ ਬੋਰਡ ਪ੍ਰੀਖਿਆਵਾਂ ਵਿੱਚੋਂ ਗਗਨਦੀਪ ਕੌਰ ਪੁੱਤਰੀ ਨਿਰਭੈ ਸਿੰਘ ਨੇ 94% ਅੰਕਾਂ ਨਾਲ ਪਹਿਲਾ ਸਥਾਨ, ਅਮਨਵੀਰ ਕੌਰ ਪੁੱਤਰੀ ਬਿੰਦਰ ਸਿੰਘ ਨੇ 92.67% ਅੰਕਾਂ ਨਾਲ ਦੂਸਰਾ ਸਥਾਨ, ਅਰਮਾਨਜੋਤ ਕੌਰ ਪੁੱਤਰੀ ਬੋਹੜ ਸਿੰਘ ਨੇ 92.67% ਅੰਕਾਂ ਨਾਲ ਤੀਸਰਾ ਸਥਾਨ ਅਤੇ ਸਤਵੀਰ ਕੌਰ ਪੁੱਤਰੀ ਗੁਰਪ੍ਰੀਤ ਸਿੰਘ ਨੇ 90.67% ਅੰਕਾਂ ਨਾਲ ਚੌਥਾ ਸਥਾਨ ਹਾਸਲ ਕੀਤਾ ਹੈ। ਉਨ੍ਹਾ ਦੱਸਿਆ ਕਿ ਪੰਦਰਾਂ ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕਰਕੇ ਸ਼ਾਨਦਾਰ ਨਤੀਜੇ ਹਾਸਲ ਕੀਤੇ ਹਨ। ਇਸ ਮੌਕੇ ਵਿਦਿਆਰਥੀਆਂ ਨੂੰ ਸਕੂਲ ਮੈਨੇਜਮੈਂਟ ਵੱਲੋਂ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਸਕੂਲ ਸਟਾਫ ਵੱਲੋਂ ਸਮੂਹ ਮਾਪਿਆਂ ਨੂੰ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਉਨ੍ਹਾਂ ਨਾਲ ਸਕੂਲ ਮੈਨੇਜਮੈਂਟ ਤੋਂ ਮਾਸਟਰ ਨਿਰਮਲ ਸਿੰਘ, ਸਾ. ਗੁਰਪ੍ਰੀਤ ਸਿੰਘ ਭਾਕਰ ਸਮੇਤ ਸਮੂਹ ਸਕੂਲ ਸਟਾਫ਼ ਆਦਿ ਹਾਜ਼ਰ ਸਨ।

# ਧਾਰਮਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਵਿਰੁੱਧ ਸਖਤ ਕਾਨੂੰਨ ਬਣਾਵੇ ਸਰਕਾਰ : ਨਾਗਰਾ



**ਸਮਰਾਲਾ (ਸੁਰਜੀਤ ਸਿੰਘ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਲੁਧਿਆਣਾ ਜ਼ਿਲ੍ਹਾ ਦੇ ਪ੍ਰਧਾਨ ਸੰਤੋਖ ਸਿੰਘ ਨਾਗਰਾ ਅਤੇ ਹੋਰ ਭਰਾਤਰੀ ਜਥੇਬੰਦੀਆਂ ਦੀ ਅਗਵਾਈ ਹੇਠ ਐਸ. ਡੀ. ਐਮ. ਸਮਰਾਲਾ ਰਾਹੀਂ ਧਾਰਮਕ ਗ੍ਰੰਥਾਂ ਦੀਆਂ ਹੋ ਰਹੀਆਂ ਬੇਅਦਬੀਆਂ ਦੇ ਵਿਰੋਧ 'ਚ ਇੱਕ ਰੋਸ ਪੱਤਰ ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਗਿਆ। ਮੰਗ ਪੱਤਰ ਦੇਣ ਤੋਂ ਪਹਿਲਾਂ ਵੱਖ ਵੱਖ ਹਿੰਦੂ, ਮੁਸਲਿਮ ਭਰਾਵਾਂ ਅਤੇ ਸਮਾਜਕ ਜਥੇਬੰਦੀਆਂ ਦੇ ਆਗੂਆਂ ਵੱਲੋਂ ਐਸ. ਡੀ. ਐਮ. ਸਮਰਾਲਾ ਦੇ ਦਫਤਰ ਸਾਹਮਣੇ ਰੋਸ ਧਰਨਾ ਦਿੱਤਾ ਗਿਆ। ਬੁਲਾਰਿਆਂ ਨੇ ਸਮਾਜ ਵਿਰੋਧੀ ਅਨਸਰਾਂ ਵੱਲੋਂ ਧਾਰਮਕ ਗ੍ਰੰਥਾਂ ਦੀਆਂ ਕੀਤੀਆਂ ਜਾ ਰਹੀਆਂ ਬੇਅਦਬੀਆਂ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਅਜਿਹੇ ਲੋਕਾਂ ਲਈ ਫਾਂਸੀ ਦੀ ਸਜ਼ਾ ਮੁਕਰਰ ਕੀਤੀ ਜਾਵੇ। ਧਰਨੇ ਉਪਰੰਤ ਜਥੇਬੰਦੀਆਂ ਵੱਲੋਂ ਐਸ. ਡੀ. ਐਮ. ਸਮਰਾਲਾ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਰੋਸ ਪੱਤਰ ਭੇਜਿਆ ਗਿਆ ਜਿਸ ਵਿੱਚ ਮੰਗ ਕੀਤੀ ਗਈ ਕਿ ਬੀਤੇ ਕੁਝ ਸਮੇਂ ਤੋਂ ਲੋਕਾਂ ਦੀਆਂ ਧਾਰਮਕ ਭਾਵਨਾਵਾਂ ਨਾਲ ਖਿਲਵਾੜ ਕਰਨ ਦੇ ਇਰਾਦੇ ਨਾਲ ਕੁਝ ਸ਼ਰਾਰਤੀ ਅਨਸਰ ਦੇਸ਼ ਵਿਰੋਧੀ ਤਾਕਤਾਂ ਦੇ ਢਾਹੇ ਚੜ੍ਹ ਕੇ ਧਾਰਮਕ ਅਸਥਾਨਾਂ 'ਤੇ ਜਾ ਕੇ ਜਾਣਬੁੱਝ ਕੇ ਬੇਅਦਬੀ ਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ। ਜਿਸ ਨਾਲ ਆਮ ਲੋਕਾਂ ਦੇ ਹਿਰਦੇ ਵਲੂੰਧਰੇ ਜਾਂਦੇ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਲੋਕਾਂ ਵਿਰੁੱਧ ਸਖਤ ਕਾਰਵਾਈ ਦੇ ਨਾਲ ਨਾਲ ਕਾਨੂੰਨ ਵਿੱਚ ਵੀ ਸੋਧ ਕਰਕੇ, ਅਜਿਹੇ ਵਿਅਕਤੀਆਂ ਵਿਰੁੱਧ ਹੋਰ ਕਰੜੀਆਂ ਧਾਰਾਵਾਂ ਲਗਾ ਕੇ ਫਾਂਸੀ ਦੀ ਸਜ਼ਾ ਮੁਕਰਰ ਕੀਤੀ ਜਾਵੇ। ਇਸ ਮੌਕੇ ਉਪਰੋਕਤ ਤੋਂ ਇਲਾਵਾ ਅਮਰਜੀਤ ਸਿੰਘ ਬਾਲਿਓਂ ਪ੍ਰਧਾਨ ਭ੍ਰਿਸ਼ਟਾਚਾਰ ਵਿਰੋਧੀ ਫਰੰਟ, ਕੇਵਲ ਸਿੰਘ ਮੰਜਾਲੀਆਂ, ਗੁਰਚਰਨ ਸਿੰਘ, ਕੁਲਦੀਪ ਸਿੰਘ ਉਟਾਲ, ਰੁਲਦਾ ਸਿੰਘ, ਜਸਵੰਤ ਸਿੰਘ, ਕੁਲਵਿੰਦਰ ਸਿੰਘ, ਕੇਵਲ ਸਿੰਘ, ਬਲਵਿੰਦਰ ਕੁਮਾਰ ਵਰਮਾ, ਜਗਤਾਰ ਸਿੰਘ, ਅਵਤਾਰ ਸਿੰਘ, ਕਾਮਰੇਡ ਬੰਤ ਸਿੰਘ ਤੋਂ ਇਲਾਵਾ ਵੱਖ ਵੱਖ ਸਮਾਜਕ ਤੇ ਧਾਰਮਕ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ।

5-May-PAGE-11-Majha-23.qxd 5/4/2023 11:28 PM Page 1



# ਨਕਾਬਪੋਸ਼ ਲੁਟੇਰੇ ਵਿਅਕਤੀ ਕੋਲੋਂ ਮੋਟਰਸਾਈਕਲ, 18 ਹਜ਼ਾਰ ਨਕਦੀ ਤੇ ਮੋਬਾਈਲ ਖੋਹ ਕੇ ਫਰਾਰ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਬੀਤੀ ਰਾਤ ਕਸਬਾ ਸੁਰਸਿੰਘ ਨਿਆਈ ਮਾੜੀ ਨਜ਼ਦੀਕ ਕੁਝ ਨਕਾਬਪੋਸ਼ ਲੁਟੇਰਿਆਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਵਿਅਕਤੀ ਨੂੰ ਜ਼ਖਮੀ ਕਰਨ ਮਗਰੋਂ ਨਕਦੀ, ਮੋਬਾਈਲ ਅਤੇ ਮੋਟਰਸਾਈਕਲ ਖੋਹ ਕੇ ਫਰਾਰ ਹੋ ਜਾਣ ਦੀ ਖਬਰ ਸਾਹਮਣੇ ਆਈ ਹੈ। ਪੁਲਸ ਚੌਕੀ ਸੁਰਸਿੰਘ ਵਿਖੇ ਦਰਜ ਕਰਵਾਈ ਦਰਖਾਸਤ ਵਿੱਚ ਪੀੜਤ ਅਵਤਾਰ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਦੁਬਲੀਆਂ ਨੇ ਦੱਸਿਆ ਕਿ ਕੱਲ੍ਹ ਰਾਤ ਉਹ ਕਮੇਟੀ ਦੇ ਪੈਸੇ ਦੇਣ ਲਈ ਮੋਟਰਸਾਈਕਲ 'ਤੇ ਭਿੱਖੀਵਿੰਡ ਗਿਆ ਸੀ।

ਅਵਤਾਰ ਸਿੰਘ ਨੇ ਦੱਸਿਆ ਕਿ ਕਮੇਟੀ ਲੈਣ ਵਾਲਾ ਵਿਅਕਤੀ ਨਾ ਮਿਲਣ ਕਾਰਨ ਜਦੋਂ ਉਹ ਵਾਪਸ ਆ ਰਿਹਾ ਸੀ ਤਾਂ ਸ਼ਾਮ ਕਰੀਬ 8:30 ਵਜੇ ਕਸਬਾ ਸੁਰਸਿੰਘ ਨਿਆਈ ਮਾੜੀ ਨਜ਼ਦੀਕ ਦੋ ਨਕਾਬਪੋਸ਼ ਲੁਟੇਰੇ, ਜੋ ਦੂਜੇ ਪਾਸਿਓਂ ਆ ਰਹੇ ਸੀ, ਨੇ ਦਾਤਰ ਦੀ ਨੋਕ 'ਤੇ ਉਸ ਕੋਲੋਂ 18 ਹਜ਼ਾਰ ਰੁਪਏ ਨਕਦ, ਮੋਬਾਈਲ ਅਤੇ ਉਸ ਦਾ ਐਚ.ਐਫ ਡੀਲੈਕਸ ਮੋਟਰਸਾਈਕਲ, ਜਿਸ ਦਾ ਨੰਬਰ 467217 ਹੈ, ਖੋਹ ਕੇ ਫਰਾਰ ਹੋ ਗਏ। ਇਸ ਮੌਕੇ ਉਨ੍ਹਾਂ ਐਸ.ਐਸ.ਪੀ ਤਰਨ ਤਾਰਨ ਪਾਸੋਂ ਮੰਗ ਕੀਤੀ ਕਿ ਲੁੱਟਖੋਹ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਲੁਟੇਰਿਆਂ ਨੂੰ ਜਲਦ ਤੋਂ ਜਲਦ ਕਾਬੂ ਕਰਕੇ ਉਸ ਦਾ ਮੋਬਾਈਲ, ਪੈਸੇ ਅਤੇ ਮੋਟਰਸਾਈਕਲ ਵਾਪਸ ਦਿਵਾਇਆ ਜਾਵੇ। ਇਸ ਮਾਮਲੇ ਸੰਬੰਧੀ ਥਾਣਾ ਭਿੱਖੀਵਿੰਡ ਦੇ ਮੁਖੀ ਨਰੇਸ਼ ਕੁਮਾਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਦਰਖਾਸਤ ਕਰਤਾ ਵੱਲੋਂ ਦਰਜ ਕਰਵਾਏ ਗਏ ਬਿਆਨਾਂ ਦੇ ਅਧਾਰ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਵਰਤਮਾਨ ਰਾਜਨੀਤੀ ਸਮਾਜ ਲਈ ਘਾਤਕ : ਪਾਸਲਾ



ਪੱਟੀ (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ) - ਕਾਮਰੇਡ ਧਰਮ ਸਿੰਘ ਪੱਟੀ, ਹਰਭਜਨ ਸਿੰਘ ਚੂਸਲੇਵੜ, ਨਰਿੰਦਰ ਕੌਰ ਤੇ ਦਿਲਬਾਗ ਸਿੰਘ ਲੌਹਕਾ ਦੀ ਪ੍ਰਧਾਨਗੀ ਹੇਠ ਮੀਟਿੰਗ ਸਥਾਨਕ ਸ਼ਹਿਰ ਅੰਦਰ ਹੋਈ।

ਮੀਟਿੰਗ 'ਚ ਵਿਸ਼ੇਸ਼ ਤੌਰ ਇਲਾਕੇ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਆਰ ਐਮ ਪੀ ਆਈ ਦੇ ਭਾਰਤ ਦੇ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਅਜੋਕੀਆਂ ਸਰਕਾਰਾਂ ਦੀਆਂ ਫਾਸ਼ੀਵਾਦੀ ਤੇ ਫਿਰਕੂਵਾਦੀ ਤਾਕਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਦੱਸਿਆ ਕਿਵੇਂ ਇਹਨਾਂ ਨੀਤੀਆਂ ਨਾਲ ਭਾਰਤ ਵਿੱਚ ਵਸਦੇ ਤੇ ਮਿਲਜੁਲ ਕੇ ਰਹਿੰਦੇ ਵੱਖ ਵੱਖ ਧਰਮਾਂ ਦੇ ਲੋਕ ਕਿਵੇਂ ਫਿਰਕੂ ਦੰਗਿਆਂ ਦੀ ਭੇਟ ਚੜ੍ਹਦੇ ਹਨ। 84 ਵਿੱਚ ਸਿੱਖਾਂ ਦਾ ਕਤਲੇਆਮ, ਦੇਸ਼ ਵਿੱਚ ਘੱਟ ਗਿਣਤੀਆਂ ਤੇ ਨਿਤ ਦਿਨ ਹਮਲੇ, ਬਿਲਕਿਸ ਬਾਨੋ ਵਾਂਗ ਔਰਤਾਂ 'ਤੇ ਅੱਤਿਆਚਾਰ ਇਹਨਾਂ ਨੀਤੀਆਂ ਕਰਕੇ ਹੁੰਦੇ ਹਨ। ਉਹਨਾ ਇਹ ਵੀ ਦੱਸਿਆ ਕਿ ਸਾਡੇ ਦੇਸ਼ ਦੀਆਂ ਸਰਕਾਰਾਂ ਸਾਡੇ ਦੇਸ਼ ਦਾ ਪਬਲਿਕ ਸੈਕਟਰ, ਜਲ, ਜ਼ਮੀਨ, ਜੰਗਲ ਸਭ ਕਾਰਪੋਰੇਟ ਘਰਾਣਿਆਂ ਨੂੰ ਵੇਚ ਰਹੀਆਂ ਹਨ। ਉਹਨਾ ਹਾਜ਼ਰੀਨ ਨੂੰ ਅਪੀਲ ਕੀਤੀ ਕਿ ਇਹਨਾਂ ਨੀਤੀਆਂ ਨੂੰ ਮੋੜਾ ਦੇਣ ਲਈ ਸਾਨੂੰ ਸਭ ਧਰਮਾਂ, ਜਾਤਾਂ ਤੇ ਹਰ ਵਰਗ ਦੇ ਮਜ਼ਦੂਰਾਂ, ਕਿਸਾਨਾਂ, ਕਿਰਤੀਆਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਮੁਕਾਬਲਾ ਕਰਨਾ ਪਵੇਗਾ। ਹਾਜ਼ਰੀਨ ਨੇ ਯਕੀਨ ਦਿਵਾਇਆ ਕਿ ਅਸੀਂ ਸਭ ਇਸ ਸੋਚ ਨਾਲ ਸਹਿਮਤ ਹਾਂ। ਅੰਤ 'ਚ ਔਰਤਾਂ ਦੀ ਆਗੂ ਨਰਿੰਦਰ ਕੌਰ ਨੇ ਸਭ ਦਾ ਧੰਨਵਾਦ ਕੀਤਾ।

ਇਸ ਮੌਕੇ ਜਰਨੈਲ ਸਿੰਘ ਦਿਆਲਪੁਰਾ, ਕਾਮਰੇਡ ਮਾਹਾਂਬੀਰ ਸਿੰਘ ਗਿੱਲ, ਜਗਤਾਰ ਸਿੰਘ ਆਸਲ, ਜਗੀਰ ਸਿੰਘ ਗੰਡੀਵਿੰਡ, ਬਲਜੀਤ ਕੌਰ, ਰਾਣੀ, ਕਲਵਿੰਦਰ ਕੌਰ ਮਾਣਕਪੁਰ, ਸੁਖਵੰਤ ਕੌਰ ਠੱਕਰਪੁਰਾ ਵਰਿੰਦਰ ਸਿੰਘ, ਲਖਬੀਰ ਸਿੰਘ ਜੌਣੇਕੇ, ਰਾਜ ਸਿੰਘ, ਬਲਬੀਰ ਸਿੰਘ, ਭਜਨ ਸਿੰਘ, ਸੁੱਖਾ ਸਿੰਘ ਰਣਜੀਤ ਸਿੰਘ ਆਦਿ ਹਾਜ਼ਰ ਸਨ।

# ਤੀਸਰੇ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਬਾਸਰਕੇ ਗਿੱਲਾਂ ਵਿਖੇ ਮਨਾਇਆ



ਝਬਾਲ (ਮੱਖਣ ਮਨੋਜ)- ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਜਨਮ ਸਥਾਨ ਬਾਸਰਕੇ ਗਿੱਲਾਂ ਵਿਖੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਦੇ ਭੋਗ ਪੈਣ ਉਪਰੰਤ ਪੰਥ ਪ੍ਰਸਿੱਧ ਰਾਗੀਆਂ, ਢਾਡੀਆਂ, ਕਵੀਸ਼ਰਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਇਤਿਹਾਸ ਅਤੇ ਸੂਰਬੀਰ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਕੀਤਾ। ਬਾਬਾ ਸੰਤੋਖ ਸਿੰਘ ਦੇ ਪ੍ਰਬੰਧਾਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਮਨਾਏ ਪ੍ਰਕਾਸ਼ ਪੁਰਬ ਮੌਕੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਹਾਜ਼ਰੀਆਂ ਭਰੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ ਮਨੋਕਾਮਨਾਵਾਂ ਦੀ ਪੂਰਤੀ ਅਤੇ ਸਰਬੱਤ ਦੇ ਭਲੇ ਦੀਆਂ ਅਰਦਾਸਾਂ ਕੀਤੀਆਂ। ਇਸ ਮੌਕੇ ਤਰ੍ਹਾਂ ਤਰਾਂ ਦੇ ਪਕਵਾਨਾਂ ਦੇ ਲੰਗਰ ਲਗਾਏ ਗਏ। ਇਸ ਮੌਕੇ ਹਾਜ਼ਰੀਆਂ ਭਰਨ ਵਾਲਿਆਂ ਵਿੱਚ ਬਾਬਾ ਭੋਲਾ ਸਿੰਘ, ਬਾਬਾ ਦਲਬੀਰ ਸਿੰਘ, ਹੀਰਾ ਸਿੰਘ ਆੜ੍ਹਤੀ, ਸਾਹਿਤਕਾਰ ਮਨਮੋਹਨ ਸਿੰਘ ਬਾਸਰਕੇ, ਹੀਰਾ ਸਿੰਘ ਖੂਹੀ ਵਾਲਾ, ਡਾ. ਜਸਬੀਰ ਸਿੰਘ, ਪ੍ਰਿੰਸੀਪਲ ਰਣਜੀਤ ਸਿੰਘ ਬਾਸਰਕੇ, ਗਿਆਨੀ ਰਛਪਾਲ ਸਿੰਘ ਮੁੱਖ ਗ੍ਰੰਥੀ, ਭੁਪਿੰਦਰ ਸਿੰਘ, ਅਜਮੇਰ ਸਿੰਘ ਬਾਸਰਕੇ, ਪ੍ਰੇਮ ਸਿੰਘ ਸਰਪੰਚ ਤਾਜੇਚੱਕ, ਅਮਨਪ੍ਰੀਤ ਸਿੰਘ ਸਰਪੰਚ, ਗੁਰਦੀਪ ਸਿੰਘ ਪ੍ਰਧਾਨ, ਗੁਰਦਿਆਲ ਸਿੰਘ, ਬਲਵਿੰਦਰ ਸਿੰਘ ਬਾਊ, ਗੁਰਵੇਲ ਸਿੰਘ, ਸੰਤੋਖ ਸਿੰਘ, ਕਾਬਲ ਸਿੰਘ ਨਿਹੰਗ, ਦਲਬੀਰ ਸਿੰਘ ਸਾਬਕਾ ਸਰਪੰਚ, ਬਾਬਾ ਦਿਆਲ ਸਿੰਘ ਅਤੇ ਸਤਨਾਮ ਸਿੰਘ ਨੰਬਰਦਾਰ ਵੀ ਹਾਜ਼ਰ ਸਨ।

# ਰੋਟਰੀ ਕਲੱਬ ਨਾਰਥ ਵੱਲੋਂ ਮੈਗਾ ਮੈਡੀਕਲ ਜਾਂਚ ਕੈਂਪ



ਅੰਮ੍ਰਿਤਸਰ (ਅਰੋੜੀ ਕਲੱਬ ਅੰਮ੍ਰਿਤਸਰ ਨਾਰਥ ਵੱਲੋਂ ਸਮਾਜ ਕਲਿਆਣ ਦੇ ਕੰਮਾਂ ਨੂੰ ਅੱਗੇ ਵਧਾਉਂਦੇ ਹੋਏ ਵਿਜੇ ਭਸੀਨ, ਸਕੱਤਰ ਗੁਰਮੀਤ ਸਿੰਘ, ਸਾਬਕਾ ਸਹਾਇਕ ਗਵਰਨਰ ਆਰ.ਐਸ.ਚੱਠਾ ਅਤੇ ਰੋਟੇਰੀਅਨ ਰਸਜੀਤ ਸਿੰਘ ਖੇੜਾ ਦੀ ਪ੍ਰਧਾਨਗੀ ਹੇਠ ਸ੍ਰੀ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਦੇ ਨਿਰਮਲ ਮੈਡੀਕਲ ਸੈਂਟਰ ਦੀ ਸਹਾਇਤਾ ਨਾਲ ਆਪਣੇ ਸਥਾਈ ਪ੍ਰੋਜੈਕਟ ਬਿਮਲਾ ਨੰਦ ਰੋਟਰੀ ਕਲੱਬ ਨਾਰਥ ਕਮਿਊਨਟੀ ਵੈਲਫੇਅਰ ਸੈਂਟਰ 'ਤੇ ਇੱਕ ਮੈਗਾ ਮੈਡੀਕਲ ਜਾਂਚ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਵਿੱਚ ਲੋਕਾਂ ਨੇ ਓ.ਪੀ.ਡੀ. ਦਿਲ ਅਤੇ ਹੱਡੀਆਂ ਸੰਬੰਧੀ ਸਮੱਸਿਆਵਾਂ ਦਾ ਇਲਾਜ ਮੁਫਤ ਪ੍ਰਾਪਤ ਕੀਤਾ। 150 ਤੋਂ ਜ਼ਿਆਦਾ ਮਰੀਜ਼ਾਂ ਨੇ ਇਸ ਮੁਫਤ ਕੈਂਪ ਦਾ ਲਾਭ ਉਠਾਇਆ। ਕਲੱਬ ਪ੍ਰਧਾਨ ਵਿਜੇ ਭਸੀਨ ਨੇ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਪ੍ਰੋਜੈਕਟਾਂ ਦਾ ਆਯੋਜਨ ਕੀਤਾ ਜਾਵੇਗਾ। ਇਸ ਮੌਕੇ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ।

ਇਸ ਮੌਕੇ ਪ੍ਰੋਜੈਕਟ ਚੇਅਰਮੇਨ ਮੁਕੇਸ਼ ਨੰਦਾ, ਡਾ.ਜੀ.ਐਸ ਮਦਾਨ, ਰਾਜ ਕੁਮਾਰ, ਸਚਦੇਵਾ, ਵਿਪਨ ਕੁਮਾਰ ਲੂੰਬਾ, ਵਰੁਣ ਕੱਕੜ, ਟੀ.ਪੀ.ਐਸ ਚਾਵਲਾ ਸਹਿਤ ਕਲੱਬ ਦੇ ਸਮੂਹ ਮੈਂਬਰ ਮੌਜੂਦ ਸਨ।

# ਪੰਜਾਬ ਨੈਸ਼ਨਲ ਬੈਂਕਾਂ 'ਚ ਸੇਵਾ ਮੁਕਤ ਮੁਲਾਜ਼ਮਾਂ ਦੀ ਪੈਨਸ਼ਨ ਨਾ ਆਉਣ ਕਰਕੇ ਲੋਕ ਪ੍ਰੇਸ਼ਾਨ

ਗੁਰਦਾਸਪੁਰ (ਜਨਕ ਮਹਾਜਨ)- ਪੰਜਾਬ ਨੈਸ਼ਨਲ ਬੈਂਕ ਵਿੱਚੋਂ ਪੈਨਸ਼ਨਾਂ ਪ੍ਰਾਪਤ ਕਰਨ ਵਾਲੇ ਪੈਨਸ਼ਨਰਾਂ ਨੂੰ ਇਸ ਮਹੀਨੇ ਪੈਨਸ਼ਨ ਨਾ ਮਿਲਣ ਕਰਕੇ ਪੰਜਾਬ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਗੁਰਦਾਸਪੁਰ ਇਕਾਈ ਦੇ ਜ਼ਿਲ੍ਹਾ ਪ੍ਰਧਾਨ ਜਵੰਦ ਸਿੰਘ ਅਤੇ ਵਿਤ ਸਕੱਤਰ ਸੁਰੇਸ਼ ਸ਼ਰਮਾ ਤੇ ਪੈਨਸ਼ਨਰ ਜਗਦੀਸ਼ ਰਾਜ, ਜਨਕ ਮਹਾਜਨ ਤੇ ਮੱਖਣ ਸਿੰਘ ਆਦਿ ਨੇ ਦੱਸਿਆ ਕਿ ਉਨ੍ਹਾਂ ਦੇ ਖ਼ਾਤਿਆਂ ਵਿੱਚ ਪੰਜਾਬ ਨੈਸ਼ਨਲ ਬੈਂਕ ਵਿੱਚ ਹੁਣ ਤੱਕ ਪੈਨਸ਼ਨ ਜਮ੍ਹਾਂ ਨਹੀਂ ਹੋਈ ਜਿਸ ਕਰਕੇ ਪੈਨਸ਼ਨ ਧਾਰਕ ਮੁਲਾਜ਼ਮਾਂ ਦਾ ਮਹਿੰਗਾਈ ਦੇ ਦੌਰ ਵਿੱਚ ਗੁਜ਼ਾਰਾ ਕਰਨਾ ਕਾਫ਼ੀ ਮੁਸ਼ਕਲ ਹੋਇਆ ਪਿਆ ਹੈ ਅਤੇ ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰੀਆਂ ਦੇ ਖ਼ਿਲਾਫ਼ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਸੇਵਾ ਮੁਕਤ ਮੁਲਾਜ਼ਮਾਂ ਦੇ ਖਾਤੇ ਵਿੱਚ ਫੌਰੀ ਤੌਰ 'ਤੇ ਪੈਨਸ਼ਨ ਪਾਈ ਜਾਵੇ।

ਜਦੋਂ ਇਸ ਸੰਬੰਧੀ ਪੰਜਾਬ ਨੈਸ਼ਨਲ ਬੈਂਕ ਦੇ ਉਚ ਅਧਿਕਾਰੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਪੰਜਾਬ ਨੈਸ਼ਨਲ ਬੈਂਕ ਦੇ ਸਰਵਰ ਵਿੱਚ ਥੋੜ੍ਹੀ ਜਿਹੀ ਦਿੱਕਤ ਆ ਗਈ ਹੈ ਜਿਸ ਨੂੰ ਜਲਦੀ ਦੂਰ ਕਰਕੇ ਪੈਨਸ਼ਨਰਾਂ ਦੇ ਖਾਤਿਆਂ ਵਿੱਚ ਪੈਨਸ਼ਨਾਂ ਪਾ ਦਿੱਤੀਆਂ ਜਾਣਗੀਆਂ। ਉਨ੍ਹਾਂ ਇਹ ਵੀ ਸਾਫ਼ ਕੀਤਾ ਕਿ ਬੈਂਕ ਵਿੱਚ ਸਾਬਕਾ ਫ਼ੌਜੀਆਂ ਦੀ ਪੈਨਸ਼ਨਾਂ ਵਿੱਚ ਕਿਸੇ ਕਿਸਮ ਦੀ ਕੋਈ ਵੀ ਰੁਕਾਵਟ ਨਹੀਂ ਆ ਰਹੀ।

# ਪ੍ਰਕਾਸ਼ ਦਿਵਸ ਦੇ ਸੰਬੰਧ 'ਚ ਪ੍ਰਸ਼ਨੋਤਰੀ ਤੇ ਕਵਿਤਾ ਮੁਕਾਬਲੇ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ) ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਆਬਾਦ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਦਿਵਸ ਦੇ ਸਬੰਧ ਵਿਚ ਵਿਦਿਆਰਥੀਆਂ ਦੇ ਪ੍ਰਸ਼ਨੋਤਰੀ ਤੇ ਕਵਿਤਾ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਕੋਲੋਂ ਗੁਰੂ ਅਮਰਦਾਸ ਜੀ ਦੇ ਜੀਵਨ ਤੇ ਸਿੱਖ ਇਤਿਹਾਸ ਨਾਲ ਸਬੰਧਤ ਸਵਾਲ ਪੁੱਛੇ ਗਏ। ਅੱਵਲ ਆਏ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਇਸ ਮੌਕੇ ਅਧਿਆਪਕ ਗੁਰਪ੍ਰੀਤ ਕੌਰ ਤੇ ਸੁਖਦੀਪ ਕੌਰ ਵੱਲੋਂ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੇ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਸੰਸਥਾ ਦੇ ਐੱਮਡੀ ਸੁਰਜੀਤ ਸਿੰਘ ਭਰੋਵਾਲ ਨੇ ਵਿਦਿਆਰਥੀਆਂ ਨੂੰ ਗੁਰੂ ਸਹਿਬਾਨ ਦੁਆਰਾ ਦੱਸੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਸੱਚ ਬੋਲਣ ਤੇ ਸਾਦਾ ਜੀਵਨ ਬਤੀਤ ਕਰਨ ਤੇ ਮਾਤਾ-ਪਿਤਾ ਦੀ ਸੇਵਾ ਕਰਨੀ ਚਾਹੀਦੀ ਹੈ। ਇਸ ਮੌਕੇ ਐਡਵੋਕੇਟ ਸਿਮਰਨਜੀਤ ਸਿੰਘ ਤੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

# ਡਾ. ਮਧੂ ਮਲਹੋਤਰਾ ਨੇ ਆਪਣੇ ਜਨਮ ਦਿਨ 'ਤੇ ਬਜ਼ੁਰਗਾਂ ਨੂੰ ਖੁਆਇਆ ਦੁਪਹਿਰ ਦਾ ਭੋਜਨ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਅੱਜ ਡਾ. ਮਧੂ ਮਲਹੋਤਰਾ ਨੇ (ਬਜ਼ੁਰਗਾਂ ਦਾ ਆਪਣਾ ਘਰ) ਆਦਰਸ਼ ਬ੍ਰਿਧ ਆਸ਼ਰਮ ਝਾਖੋਲਾੜੀ ਵਿੱਚ ਰਹਿ ਰਹੇ ਬਜ਼ੁਰਗਾਂ ਨਾਲ ਆਪਣਾ ਜਨਮ ਦਿਨ ਮਨਾਇਆ । ਉਹਨਾਂ ਦੇ ਪਿਤਾ ਪ੍ਰੇਮ ਕੁਮਾਰ ਅਤੇ ਭਰਾ ਨਵਦੀਪ ਮਲਹੋਤਰਾ ਨੇ ਸਾਰੇ ਹੀ ਬਜ਼ੁਰਗਾਂ ਨਾਲ ਦੁੱਖ ਸਾਂਝੇ ਕੀਤੇ ਤੇ ਉਹਨਾਂ ਦਾ ਹਾਲ ਚਾਲ ਜਾਣਿਆ । ਉਹਨਾਂ ਆਸ਼ਰਮ ਪ੍ਰਬੰਧਕਾਂ ਨੂੰ ਦੱਸਿਆ ਕਿ ਸਾਨੂੰ ਇੱਥੇ ਆ ਕੇ ਬਹੁਤ ਵਧੀਆ ਲੱਗਿਆ । ਸਾਰੇ ਬਜ਼ੁਰਗਾਂ ਨੇ ਡਾ. ਮਧੂ ਨੂੰ ਜਨਮ ਦਿਨ ਦੀ ਵਧਾਈ ਦਿੱਤੀ ਤੇ ਆਸ਼ੀਰਵਾਦ ਦਿੱਤੇ। ਇਸ ਮੌਕੇ ਡਾ. ਮਧੂ ਅਤੇ ਉਸ ਦੇ ਪਰਵਾਰ ਨੇ ਬਜ਼ੁਰਗਾਂ ਨੂੰ ਦੁਪਹਿਰ ਦਾ ਭੋਜਨ ਕਰਵਾਇਆ। ਆਸ਼ਰਮ ਸੁਪਰਡੈਂਟ ਮੈਡਮ ਮਿਸ ਅੰਜਲੀ ਸ਼ਰਮਾ ਨੇ ਉਹਨਾਂ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ, ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਅਤੇ ਸਮੂਹ ਸਟਾਫ ਸਵਿਤਾ, ਕੁਲਵਿੰਦਰ ਕੌਰ, ਸੋਮਾ ਦੇਵੀ, ਕੌਸ਼ਲਿਆ, ਰਾਮ ਫੂਲ, ਰਾਜੇਸ਼ ਕੁਮਾਰ ਅਤੇ ਤਰਸੇਮ ਲਾਲ ਆਦਿ ਵੀ ਮੌਜੂਦ ਸਨ।

# ਗੱਦੀ ਨਾਲੇ ਦੀ ਰੇਲਿੰਗ ਟੁੱਟਣ ਨਾਲ ਰਾਹਗੀਰ ਪ੍ਰੇਸ਼ਾਨ



ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੇ ਗੱਦੀ ਨਾਲੇ 'ਤੇ ਲੱਗੀ ਰੇਲਿੰਗ ਟੁੱਟਣ ਕਾਰਨ ਲੋਕ ਕਾਫ਼ੀ ਪ੍ਰੇਸਾਨ ਹਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਬਲਾਕ ਸੰਮਤੀ ਮੈਂਬਰ ਨੀਲਮ ਵਰਮਾ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਲੋਕ ਨਿਰਮਾਣ ਵਿਭਾਗ ਨੇ ਰੇਲਿੰਗ ਦੀ ਬਜਾਏ ਪੁਲ 'ਤੇ ਇੱਟਾਂ ਦੀਆਂ ਕੰਧਾਂ ਲਗਾਈਆਂ ਸਨ ਅਤੇ ਰਾਤ ਵੇਲੇ ਤੇਜ਼ ਵਹੀਕਲ ਆਉਣ ਕਰਕੇ ਕੰਧਾਂ ਨਾਲ ਟਕਰਾਉਂਦੇ ਹਨ ਅਤੇ ਰੇਲਿੰਗ ਟੁੱਟ ਜਾਂਦੀ ਹੈ। ਇਸ ਨਾਲ ਰਾਤ ਵੇਲੇ ਕਈ ਤਰ੍ਹਾਂ ਦੇ ਹਾਦਸੇ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਕੁਝ ਸਾਲ ਇਕ ਬੱਸ ਨਾਲੇ ਵਿੱਚ ਡਿਗ ਪਈ ਸੀ ਤੇ ਲੋਕਾਂ ਦਾ ਕਾਫ਼ੀ ਜਾਨੀ ਮਾਲੀ ਨੁਕਸਾਨ ਹੋਇਆ ਸੀ ਅਤੇ ਹੁਣ ਦੁਬਾਰਾ ਰੇਲਿੰਗ ਟੁੱਟ ਜਾਣ ਕਾਰਨ ਹਾਦਸੇ ਵਾਪਰਨ ਦਾ ਡਰ ਬਣਿਆ ਹੋਇਆ ਹੈ। ਲੋਕਾਂ ਨੇ ਪੰਜਾਬ ਸਰਕਾਰ ਅਤੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੇ ਗੱਦੀ ਨਾਲ 'ਤੇ ਦੁਬਾਰਾ ਪੱਕੀ ਰੇਲਿੰਗ ਲਗਵਾਉਣ ਲਈ ਯੋਗ ਪ੍ਰਬੰਧ ਕੀਤੇ ਜਾਣ ਜਿਸ ਨਾਲ ਅਗਾਂਹ ਤੋਂ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

ਇਲਾਕਾ ਵਾਸੀਆਂ ਨੇ ਇਹ ਵੀ ਮੰਗ ਕੀਤੀ ਹੈ ਕਿ ਇਸ ਗੱਦੀ ਨਾਲੇ 'ਤੇ ਬਣੇ ਪੁਲ 'ਤੇ ਰਾਤ ਨੂੰ ਜਗਣ ਵਾਸਤੇ ਲਾਈਟਾਂ ਦਾ ਖ਼ਾਸ ਪ੍ਰਬੰਧ ਕੀਤਾ ਜਾਵੇ ਤਾਂ ਜੋ ਦੁਪਹੀਆ ਵਾਹਨਾਂ ਵੀ ਸੁੱਰਖਿਅਤ ਆਵਜਾਈ ਬਣੀ ਰਹੇ।

# ਨਵਾਂ ਟਰਾਂਸਫਾਰਮਰ ਲਗਾਉਣ ਲਈ ਸੌਂਪਿਆ ਮੰਗ ਪੱਤਰ



ਪੱਟੀ (ਬਲਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਯੋਧਾ) - ਸਬ ਡਵੀਜ਼ਨ ਪੱਟੀ ਅਧੀਨ ਪੈਂਦੇ ਪਿੰਡ ਰੱਤਾ ਗੁੱਦਾ ਵਿਖੇ ਪਹਿਲਾਂ ਚੱਲ ਰਹੇ 100 ਕੇ ਵੀ ਟਰਾਂਸਫਾਰਮਰ ਓਵਰਲੋਡ ਹੋਣ ਕਾਰਨ ਬਿਜਲੀ ਦੀ ਸਪਲਾਈ ਬਹੁਤ ਘੱਟ ਮਿਲਣ ਸੰਬੰਧੀ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ. ਸਬ ਡਵੀਜ਼ਨ ਹਰੀਕੇ ਨੂੰ ਨਵਾਂ ਟਰਾਂਸਫਾਰਮਰ ਲਗਾਉਣ ਸੰਬੰਧੀ ਐਸ ਡੀ ਓ ਨੂੰ ਮੰਗ ਪੱਤਰ ਸੌਂਪਿਆ । ਪਿੰਡ ਵਾਸੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਪਿੰਡ ਬੀਤੇ 15-20 ਸਾਲਾਂ ਤੋਂ ਜੀ ਟੀ ਐਲ ਮੋਬਾਇਲ ਕੰਪਨੀ ਦਾ ਟਾਵਰ ਲੱਗਾ ਹੋਇਆ ਹੈ। ਉਸ ਦਾ ਲੋਡ ਬਹੁਤ ਜ਼ਿਆਦਾ ਹੈ। ਜਿਹੜੇ ਟਰਾਂਸਫਾਰਮਰ ਤੋਂ ਉਸ ਨੂੰ ਸਪਲਾਈ ਜਾਂਦੀ ਹੈ ਉਹ 100 ਕ ਵੀ ਦਾ ਹੈ। ਉਸੇ ਟਰਾਂਸਫਾਰਮਰ ਤੋਂ ਕਰੀਬ 47 ਘਰਾਂ ਨੂੰ ਬਿਜਲੀ ਸਪਲਾਈ ਜਾਂਦੀ ਹੈ। ਲੋਡ ਬਹੁਤ ਜ਼ਿਆਦਾ ਹੋਣ ਕਾਰਨ ਹਰ ਰੋਜ਼ ਕੋਈ ਨਾ ਕੋਈ ਤਾਰ ਸੜ ਜਾਂਦੀ ਹੈ ਜਾਂ ਫਿਊਜ਼ ਉਡ ਜਾਂਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਸਾਰੀ ਸਾਰੀ ਰਾਤ ਹਨੇਰੇ ਵਿੱਚ ਰਹਿਣਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਗਰਮੀ ਦਾ ਮੌਸਮ ਆ ਰਿਹਾ ਹੈ ਜਿਸ ਨਾਲ ਬਿਜਲੀ ਦੀ ਮੰਗ ਹੋਰ ਵਧੇਗੀ। ਟਰਾਂਸਫਾਰਮਰ ਓਵਰਲੋਡ ਹੋਣ ਕਾਰਨ ਬਿਜਲੀ ਦੀ ਪੂਰੀ ਸਪਲਾਈ ਨਹੀਂ ਮਿਲਦੀ । ਬਿਜਲੀ ਦੇ ਵੋਲਟੇਜ ਘੱਟ ਆਉਣ ਕਾਰਨ ਘਰੇਲੂ ਸਬਮਰਸੀਬਲ ਮੋਟਰਾਂ ਵੀ ਨਹੀਂ ਚਲਦੀਆਂ। ਬਹੁਤ ਜ਼ਿਆਦਾ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਐਸ ਡੀ ਓ ਪਾਵਰਕਾਮ ਹਰੀਕੇ ਸਤਪਾਲ ਸਿੰਘ ਤੋਂ ਮੰਗ ਕੀਤੀ ਕਿ ਮੋਬਾਇਲ ਟਾਵਰ ਦਾ ਲੋਡ ਬਹੁਤ ਜ਼ਿਆਦਾ ਹੈ, ਟਾਵਰ ਨੂੰ ਵੱਖਰਾ ਟਰਾਂਸਫਾਰਮਰ ਲਗਾ ਕੇ ਦਿੱਤਾ ਜਾਵੇ। ਐਸ ਡੀ ਓ ਸਤਪਾਲ ਸਿੰਘ ਕਿਤੇ ਜ਼ਰੂਰੀ ਕੰਮ ਫੀਲਡ 'ਚ ਗਏ ਹੋਣ ਕਾਰਨ ਮੰਗ ਪੱਤਰ ਜੇ ਈ ਸੁਖਵਿੰਦਰ ਸਿੰਘ ਨੂੰ ਸੌਂਪਿਆ ਗਿਆ। ਮਨਜੀਤ ਸਿੰਘ, ਗਗਨਦੀਪ ਸਿੰਘ, ਬਲਬੀਰ ਸਿੰਘ, ਸੁਖਵਿੰਦਰ ਸਿੰਘ ਫੌਜੀ, ਗੁਰਬਾਜ ਸਿੰਘ, ਗੁਰਪ੍ਰਤਾਪ ਸਿੰਘ, ਸੁਖਵਿੰਦਰ ਸਿੰਘ, ਹਰਵਿੰਦਰ ਸਿੰਘ, ਦਰਸ਼ਨ ਸਿੰਘ, ਰਨਧੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

# ਯੂਨਾਈਟਡ ਪੰਜਾਬ ਪਾਰਟੀ ਵੱਲੋਂ ਬਲਾਕ ਡੇਰਾ ਬਾਬਾ ਨਾਨਕ ਦੀ ਇਕਾਈ ਦਾ ਕੀਤਾ ਗਠਨ



ਡੇਰਾ ਬਾਬਾ ਨਾਨਕ (ਰਮੇਸ ਸ਼ਰਮਾ) ਕ੍ਰਿਸਚਨ ਭਾਈਚਾਰੇ ਵੱਲੋਂ ਪੰਜਾਬ ਵਿੱਚ ਨਵੀ ਬਣਾਈ ਗਈ ਯੂਨਾਇਟਡ ਪੰਜਾਬ ਪਾਰਟੀ ਦੇ ਪ੍ਰਧਾਨ ਅਲਬਰਟ ਦੂਆ ਅਤੇ ਪਾਰਟੀ ਦੇ ਜਨਰਲ ਸਕੱਤਰ ਰੌਸ਼ਨ ਜੌਸਫ, ਵੱਲੋਂ ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਨਜਦੀਕੀ ਪਿੰਡ ਵੈਰੋਕੇ ਦੇ ਚਰਚ 'ਚ ਇੱਕ ਮੀਟਿੰਗ ਕੀਤੀ ਗਈ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਇਸਾਈ ਭਾਈਚਾਰੇ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਪਿਛਲੇ 70 ਸਾਲਾਂ ਤੋਂ ਘੱਟ ਗਿਣਤੀਆਂ ਸਮੇਤ ਹੋਰ ਲੋਕਾਂ ਨਾਲ ਰਵਾਇਤੀ ਪਾਰਟੀਆਂ ਵੱਲੋਂ ਵਿਤਕਰਾ ਕੀਤਾ ਜਾ ਰਿਹਾ ਹੈ ਅਤੇ ਅੱਜ ਤੱਕ ਇਸਾਈ ਭਾਈਚਾਰੇ ਨੂੰ ਬਣਦਾ ਹੱਕ ਨਹੀਂ ਦਿੱਤਾ ਗਿਆ। ਉਹਨਾਂ ਕਿਹਾ ਕਿ ਰਵਾਇਤੀ ਪਾਰਟੀਆਂ ਨੂੰ ਟੱਕਰ ਦੇਣ ਲਈ ਪਾਰਟੀ ਵੱਲੋ ਪੂਰੇ ਸੂਬੇ ਵਿੱਚ ਕਮੇਟੀਆਂ ਦਾ ਵਿਸਥਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਦੇ ਵਿੱਚ ਯੂਨਾਇਟਡ ਪੰਜਾਬ ਪਾਰਟੀ ਆਪਣੇ ਬਲ ਤੇ ਉਮੀਦਵਾਰ ਖੜ੍ਹੇ ਕਰੇਗੀ। ਉਹਨਾਂ ਕਿਹਾ ਕਿ ਅੱਜ ਬਲਾਕ ਡੇਰਾ ਬਾਬਾ ਨਾਨਕ ਦੇ ਪਿੰਡ ਵੈਰੋਕੇ ਵਿੱਚ ਯੂਨਾਇਟਡ ਪੰਜਾਬ ਪਾਰਟੀ ਦਾ ਵਿਸਥਾਰ ਕੀਤਾ ਗਿਆ ਹੈ। ਇਸ ਮੌਕੇ ਕਮਲਜੀਤ ਹੈਪੀ,ਜੋਨ ਗਿੱਲ ਪਾਰਲੀਮੈਂਟ ਇੰਚਾਰਜ ਅਮ੍ਰਿਤਸਰ,ਜੂਸਫ ਮਸੀਹ ਯੂਥ ਆਗੂ,ਆਸੀਸ ਜੌਨ, ਆਲੀਸਾ ਜੌਨ ਆਦਿ ਨੇ ਵੱਡੀ ਗਿਣਤੀ ਵਿੱਚ ਪਾਰਟੀ ਅੰਦਰ ਸਾਮਲ ਹੋਏ ਪਰਿਵਾਰਾਂ ਨੂੰ ਹਾਰ ਪਾ ਕੇ ਸਨਮਾਨਿਤ ਕੀਤਾ।ਗਠਿਤ ਕੀਤੀ ਗਈ ਨਵੀਂ ਕਮੇਟੀ ਵਿੱਚ ਇੰਦਰਾ ਮਸੀਹੀ ਪ੍ਰਧਾਨ ਅਤੇ ਇਸ ਤੋਂ ਇਲਾਵਾ ਅਕਾਸ ਮਸੀਹ, ਜੈਕਬ ਮਸੀਹ, ਸੁਖਵਿੰਦਰ ਮਸੀਹ, ਵੀਰੂ ਮਸੀਹੀ,ਸਦਰਕ ਮਸੀਹ, ਸੈਮੁਏਲ ਮਸੀਹ, ਵਾਰਿਸ ਮਸੀਹ, ਪਾਰਸ ਮਸੀਹ, ਅਮਰਜੀਤ ਮਸੀਹ, ਬੀਬੀ ਰਾਜਵਿੰਦਰ, ਬੀਰੋ, ਸੀਮਾਂ ਆਦਿ ਵੱਲੋਂ ਯੂਨਾਇਟਡ ਪੰਜਾਬ ਪਾਰਟੀ ਦਾ ਖੁੱਲ ਕੇ ਸਾਥ ਦੇਣ ਦਾ ਭਰੋਸਾ ਦਿੱਤਾ ਗਿਆ।

# ਕਸਬਾ ਹਰੀਕੇ 'ਚ ਬੇਕਾਬੂ ਚੋਰੀ ਦੀਆਂ ਵਾਰਦਾਤਾਂ

ਪੱਟੀ, (ਬਲਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਯੋਧਾ) - ਕਸਬਾ ਹਰੀਕੇ 'ਚ ਕਥਿਤ ਲਾਪ੍ਰਵਾਹੀਆਂ ਨੂੰ ਲੈ ਕੇ ਸੁਰਖੀਆਂ 'ਚ ਰਹਿਣ ਵਾਲੀ ਹਰੀਕੇ ਪੁਲਸ ਅਣਪਛਾਤਿਆਂ ਦੇ ਤਾਂਡਵ ਸਾਹਮਣੇ ਬੇਵੱਸ ਨਜ਼ਰ ਆ ਰਹੀ ਹੈ। ਚੋਰਾਂ ਵੱਲੋਂ ਲਗਾਤਾਰ ਲੋਕਾਂ ਦੀਆਂ ਜਾਇਦਾਦਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜਿਥੇ ਬੀਤੇ ਦਿਨੀਂ ਚੋਰਾਂ ਨੇ ਸਰਕਾਰੀ ਹਸਪਤਾਲ ਵਿੱਚੋਂ ਪੰਜਵੀ ਵਾਰ ਸਮਾਨ ਚੋਰੀ ਕੀਤਾ ਜਿਸ ਨੂੰ ਲੈ ਕੇ ਤਫਤੀਸ਼ੀ ਮਾਮਲੇ ਸੰਬੰਧੀ ਬਿਆਨ ਲੈ ਕੇ ਕਾਰਵਾਈ ਕਰਨ ਲਈ ਤਿਆਰ ਨਹੀ ਉਥੇ ਲੰਘੀ ਰਾਤ ਅਣਪਛਾਤਿਆਂ ਨੇ ਮਕੈਨਿਕ ਦੀ ਦੁਕਾਨ ਨੂੰ ਸੰਨ੍ਹ ਲਾ ਕੇ ਚੋਰੀ ਦੀ ਅਸਫਲ ਕੋਸ਼ਿਸ਼ ਕੀਤੀ ਸਿਤਮਜ਼ਰੀਫੀ ਇਹ ਰਹੀ ਕਿ ਇਤਲਾਹ ਮਿਲਣ ਦੇ 12 ਘੰਟੇ ਬਾਅਦ ਵੀ ਸਥਾਨਕ ਪੁਲਸ ਘਟਨਾ ਸਥਾਨ 'ਤੇ ਨਹੀਂ ਪਹੁੰਚੀ। ਜਦੋਂਕਿ ਵਾਰਦਾਤ ਵਾਲੀ ਜਗ੍ਹਾ ਥਾਣੇ ਤੋਂ ਮਹਿਜ਼ 250 ਮੀਟਰ ਹੀ ਦੂਰ ਸੀ। ਬੀਐਸ ਮੋਟਰ ਗੈਰੇਜ ਦੇ ਮਾਲਕ ਬਲਜੀਤ ਸਿੰਘ ਨੇ ਦੱਸਿਆ ਕਿ ਰੋਜ਼ਾਨਾ ਦੀ ਤਰ੍ਹਾਂ ਆਪਣੀ ਦੁਕਾਨ ਤੋਂ ਘਰ ਗਿਆ ਤਾਂ ਸਵੇਰ ਵੇਲੇ ਆਸਪਾਸ ਦੇ ਦੁਕਾਨਦਾਰਾਂ ਫੋਨ ਕੀਤਾ ਕਿ ਤੇਰੀ ਦੁਕਾਨ ਨੂੰ ਸੰਨ੍ਹ ਲੱਗੀ ਹੋਈ ਹੈ। ਪੀੜਤ ਨੇ ਦੱਸਿਆ ਕਿ ਇਸ ਸੰਬੰਧੀ ਥਾਣਾ ਹਰੀਕੇ ਵਿਖੇ ਲਿਖਤੀ ਤੌਰ 'ਤੇ ਸ਼ਿਕਾਇਤ ਤਾਂ ਦਰਜ ਕਰਾਈ ਪਰ 12 ਘੰਟਿਆਂ ਬਾਅਦ ਵੀ ਪੁਲਸ ਨੇ ਜਾਇਜ਼ਾ ਨਹੀ ਲਿਆ। ਉਨ੍ਹਾ ਕਿਹਾ ਕਿ ਲੰਮੀ ਉਡੀਕ ਮਗਰੋਂ ਸੰਨ੍ਹ ਲੱਗੀ ਕੰਧ ਦੀ ਮੁਰੰਮਤ ਕਰਾ ਦਿੱਤੀ। ਦੱਸਣਯੋਗ ਹੈ ਕਿ ਸਰਕਾਰੀ ਹਸਪਤਾਲ ਨੂੰ ਪੰਜ ਵਾਰ ਨਿਸ਼ਾਨਾ ਬਣਾਏ ਜਾਣ ਦੇ ਮਾਮਲੇ ਵਿੱਚ ਹਰੀਕੇ ਪੁਲਸ ਦੇ ਹੱਥ ਅਜੇ ਵੀ ਖਾਲੀ ਹਨ। ਥਾਣਾ ਮੁਖੀ ਵੱਲੋਂ ਫੋਨ ਨਾ ਸੁਣਨ ਕਰਕੇ ਜਦੋਂ ਤਫਤੀਸ਼ੀ ਸਹਾਇਕ ਥਾਣੇਦਾਰ ਤਰਸੇਮ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾ ਕਿਹਾ ਕਿ ਹਸਪਤਾਲ ਦੇ ਡਾਕਟਰਾਂ ਨੂੰ ਆਪਣੇ ਪੱਧਰ 'ਤੇ ਘੋਖ ਕਰਨ ਨੂੰ ਕਿਹਾ ਗਿਆ ਹੈ। ਜੇਕਰ ਕੋਈ ਸੁਰਾਗ ਨਾ ਲੱਗਾ ਤਾਂ ਫਿਰ ਬਿਆਨ ਦਰਜ ਕੀਤੇ ਜਾਣਗੇ। ਮੈਡੀਕਲ ਅਫਸਰ ਡਾਕਟਰ ਬੇਅੰਤ ਸਿੰਘ ਨੇ ਕਿਹਾ ਕਿ ਚੋਰੀ ਦੀਆਂ ਵਾਰਦਾਤਾਂ ਕਾਰਨ ਉਹ ਬਹੁਤ ਪ੍ਰੇਸ਼ਾਨ ਹਨ। ਹਰੀਕੇ ਪੁਲਸ ਨੇ ਇਨਸਾਫ ਦੇਣਾ ਤਾਂ ਦੂਰ, ਸਾਡੇ ਨਾਲ ਇਸ ਮਸਲੇ 'ਤੇ ਕੋਈ ਗੱਲ ਤੱਕ ਨਹੀਂ ਕੀਤੀ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪੱਟੀ ਜ਼ੋਨ ਦੇ ਸੀਨੀਅਰ ਆਗੂ ਸਵਰਨ ਸਿੰਘ ਖਹਿਰਾ ਨੇ ਦੱਸਿਆ ਕਿ ਪੀੜਤ ਧਿਰ ਨਾਲ ਹਮਦਰਦੀ ਰੱਖਦਿਆਂ ਉਨ੍ਹਾ ਖੁਦ ਥਾਣਾ ਮੁਖੀ ਸੁਨੀਤਾ ਰਾਣੀ ਨੂੰ ਫੋਨ ਕਰਕੇ ਮਾਮਲੇ ਤੋਂ ਜਾਣੂੰ ਕਰਾਉਣਾ ਚਾਹਿਆ ਤਾਂ ਉਨ੍ਹਾ ਮਸਰੂਫ ਹੋਣ ਦੀ ਗੱਲ ਕਰਕੇ ਫੋਨ ਕੱਟ ਦਿੱਤਾ। ਉਨ੍ਹਾ ਕਿਹਾ ਕਿ ਥਾਣਾ ਮੁਖੀ ਦੇ ਜਨਤਾ ਪ੍ਰਤੀ ਰਵੱਈਏ ਸੰਬੰਧੀ 10 ਮਈ ਵਾਲੇ ਧਰਨੇ ਵਿੱਚ ਗੱਲਬਾਤ ਰੱਖੀ ਜਾਵੇਗੀ।

# ਐੱਸ ਡੀ ਐੱਮ ਵੱਲੋਂ ਸਰਕਾਰੀ ਦਫਤਰਾਂ 'ਚ ਚੈਕਿੰਗ



ਮਜੀਠਾ (ਸੋਇਮ ਆਨੰਦ)-ਪੰਜਾਬ ਸਰਕਾਰ ਵੱਲੋ ਜਾਰੀ ਨਵੇ ਹੁਕਮਾਂ ਤਹਿਤ 2 ਮਈ ਨੂੰ ਸੂਬੇ ਦੇ ਸਾਰੇ ਸਰਕਾਰੀ ਦਫਤਰ ਸਵੇਰੇ 7.30 ਵਜੇ ਖੁੱਲਣ ਦੇ ਆਦੇਸ਼ ਜਾਰੀ ਕੀਤੇ ਗਏ ਹਨ ਜਿਸ ਦੇ ਤਹਿਤ ਮਜੀਠਾ ਸਥਿਤ ਸਾਰੇ ਸਰਕਾਰੀ ਦਫਤਰਾਂ ਵਿੱਚ ਅਧਿਕਾਰੀ ਅਤੇ ਕਰਮਚਾਰੀ ਸਮੇ ਅਨੁਸਾਰ ਸਵੇਰੇ 7.30 ਵਜੇ ਆਪਣੀਆਂ ਡਿਊਟੀਆਂ 'ਤੇ ਹਾਜ਼ਰ ਹੋ ਗਏ ਜਿਸ ਦਾ ਜਾਇਜ਼ਾ ਐਸ. ਡੀ. ਐਮ. ਮਜੀਠਾ ਡਾ: ਹਰਨੂਰ ਕੌਰ ਢਿੱਲੋ ਨੇ ਦਫਤਰਾਂ ਵਿਚ ਜਾ ਕੇ ਲਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸ.ਡੀ.ਐਮ ਡਾ: ਹਰਨੂਰ ਕੌਰ ਢਿੱਲੋ ਨੇ ਕਿਹਾ ਕਿ ਉਨ੍ਹਾਂ ਵੱਲੋਂ ਸਵੇਰੇ 7.30 ਵਜੇ ਤਹਿਸੀਲਦਾਰ ਦਫਤਰ, ਬੀ.ਡੀ.ਪੀ.ਓ. ਦਫਤਰ ਮਜੀਠਾ, ਨਗਰ ਕੌਂਸਲ ਦਫਤਰ ਮਜੀਠਾ, ਖੇਤੀਬਾੜੀ ਦਫਤਰ ਮਜੀਠਾ ਆਦਿ ਦਫਤਰਾਂ ਦੀ ਚੈਕਿੰਗ ਕੀਤੀ। ਜਿਥੇ ਸਾਰੇ ਦਫਤਰਾਂ ਵਿੱਚ ਸਾਰੇ ਦਾ ਸਾਰਾ ਸਟਾਫ ਹਾਜ਼ਰ ਪਾਇਆ ਗਿਆ ਅਤੇ ਆਪਣੇ ਆਪਣੇ ਕੰਮਾਂ ਵਿੱਚ ਲੱਗੇ ਦਿਖਾਈ ਦਿੱਤੇ। ਉਨ੍ਹਾਂ ਨੇ ਦੱਸਿਆ ਕਿ ਗਰਮੀ ਦੇ ਸੀਜ਼ਨ ਨੂੰ ਮੁੱਖ ਰੱਖ ਕੇ ਪੰਜਾਬ ਸਰਕਾਰ ਵੱਲੋਂ ਲਿਆ ਗਿਆ ਇਹ ਫੈਸਲਾ ਸ਼ਲਾਘਾਯੋਗ ਹੈ ਤਾਂ ਕਿ ਦਫਤਰਾਂ ਵਿੱਚ ਕੰਮ ਕਰਵਾਉਣ ਵਾਸਤੇ ਆਉਣ ਵਾਲੇ ਲੋਕਾਂ ਨੂੰ ਗਰਮੀ ਵਿੱਚ ਕੋਈ ਮੁਸ਼ਕਲ ਨਾਂ ਆਵੇ। ਇਥੇ ਇਹ ਜ਼ਿਕਰਯੋਗ ਹੈ ਕਿ ਅੱਜ ਸਮਾਂ ਬਦਲਣ ਦਾ ਪਹਿਲਾ ਦਿਨ ਹੋਣ ਕਰਕੇ ਦਫਤਰਾਂ ਵਿੱਚ ਕੰਮ ਕਰਵਾਉਣ ਆਉਣ ਵਾਲਿਆਂ ਦੀ ਗਿਣਤੀ ਘੱਟ ਰਹੀ। ਐਸ.ਡੀ.ਐਮ. ਮਜੀਠਾ ਨੇ ਸਾਰੇ ਦਫਤਰਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਦੇਸ਼ ਜਾਰੀ ਕੀਤੇ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਵੇਰੇ ਸਮੇਂ ਸਿਰ ਦਫਤਰ ਵਿੱਚ ਹਾਜ਼ਰ ਹੋਣਾ ਅਤੇ ਦੁਪਹਿਰ 2 ਵਜੇ ਤੱਕ ਡਿਊਟੀ 'ਤੇ ਹਾਜ਼ਰ ਰਹਿਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਡਿਊਟੀ ਵਿੱਚ ਕਿਸੇ ਤਰ੍ਹਾਂ ਦੀ ਕੁਤਾਹੀ ਬਰਦਾਸ਼ਤ ਨਹੀ ਕੀਤੀ ਜਾਵੇਗੀ ਤਾਂ ਕਿ ਲੋਕ ਖੱਜਲ-ਖੁਆਰ ਨਾ ਹੋਣ। ਇਸ ਮੌਕੇ ਉਨ੍ਹਾਂ ਦੇ ਨਾਲ ਰੀਡਰ ਵਰਿੰਦਰ ਭਟੀਆ, ਦੀਪਕ ਭੱਟੀ, ਗੁਰਪ੍ਰੀਤ ਸਿੰਘ, ਸਮੇਤ ਸਾਰਾ ਸਟਾਫ ਮੈਂਬਰ ਹਾਜ਼ਰ ਸਨ।

# ਆਰ ਐਮ ਪੀ ਆਈ ਨੇ ਕੈਬਨਿਟ ਮੰਤਰੀ ਨੂੰ ਬਰਖਾਸਤ ਕਰਨ ਦੀ ਕੀਤੀ ਮੰਗ




ਪਠਾਨਕੋਟ (ਦਵਿੰਦਰ ਸਿੰਘ)- ਪੰਜਾਬ ਦੇ ਫੂਡ ਤੇ ਸਿਵਲ ਸਪਲਾਈ ਅਤੇ ਜੰਗਲਾਤ ਮੰਤਰੀ ਲਾਲ ਚੰਦ ਕਟਾਰੂਚੱਕ ਦੇ ਖ਼ਿਲਾਫ ਲੱਗੇ ਗੰਭੀਰ ਅਰੋਪਾਂ ਦੇ ਮੱਦੇਨਜ਼ਰ ਲਾਲ ਚੰਦ ਕਟਾਰੂਚੱਕ ਨੂੰ ਤੁਰੰਤ ਨੈਤਿਕਤਾ ਦੇ ਅਧਾਰ 'ਤੇ ਅਸਤੀਫਾ ਦੇਣਾ ਚਾਹੀਦਾ ਹੈ। ਜੇ ਮੰਤਰੀ ਅਸਤੀਫਾ ਨਹੀਂ ਦਿੰਦਾ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਫੌਰੀ ਤੌਰ 'ਤੇ ਕਾਰਵਾਈ ਕਰਦਿਆਂ ਕਟਾਰੂਚੱਕ ਨੂੰ ਮੰਤਰੀ ਮੰਡਲ ਚੋਂ ਬਰਖਾਸਤ ਕਰਨਾ ਚਾਹੀਦਾ ਹੈ, ਦੀ ਮੰਗ ਕਰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੇ ਜ਼ਿਲ੍ਹਾ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਅਤੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸ਼ਿਵ ਕੁਮਾਰ ਨੇ ਸਾਂਝੇ ਤੌਰ 'ਤੇ ਕਿਹਾ ਕਿ ਲਾਲ ਚੰਦ ਕਟਾਰੂਚੱਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਇਹ ਕਹਿ ਰਿਹਾ ਸੀ ਕਿ ਮੇਰੀ ਆਰਥਕ ਹਾਲਤ ਬਹੁਤ ਮਾੜੀ ਹੈ, ਇਸ ਲਈ ਮੈਂ ਚਿਕਨ ਕਾਰਨਰ ਜਾਂ ਰੀਅਲ ਅਸਟੇਟ ਦੇ ਕਾਰੋਬਾਰ ਵਿੱਚ ਨੌਕਰੀ ਕਰਨੀ ਹੈ ਪਰ ਜੁਲਾਈ 2020 ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਫੌਰੀ ਬਾਅਦ 2022 ਦੀਆਂ ਅਸੈਂਬਲੀ ਚੋਣਾਂ ਜਿੱਤਣ ਤੱਕ ਕਰੋੜਾਂ ਰੁਪਏ ਖਰਚੇ ਗਏ ਹਨ। ਅਸੀਂ ਮੰਗ ਕਰਦੇ ਹਾਂ ਜੁਲਾਈ 2020 ਤੋਂ ਹੁਣ ਤੱਕ ਸਾਰੇ ਵੇਰਵਿਆਂ ਦੀ ਪੜਤਾਲ ਕਰਾਈ ਜਾਵੇ, ਵਿਧਾਇਕ ਸੁਖਪਾਲ ਸਿੰਘ ਖਹਿਰਾ ਵੱਲੋਂ ਪੇਸ਼ ਕੀਤੀ ਅਸ਼ਲੀਲ ਵੀਡੀਓ ਦਾ ਵਾਜਬ ਹਿੱਸਾ ਜਨਤਕ ਜਾਵੇ ਤਾਂ ਕਿ ਲੋਕਾਂ ਦੇ ਭਰਮ ਭੁਲੇਖੇ ਦੂਰ ਹੋਣ। ਜੇਕਰ ਸੁਖਪਾਲ ਸਿੰਘ ਖਹਿਰਾ ਗਲਤ ਸਾਬਤ ਹੋਵੇ ਤਾਂ ਉਸ ਖਿਲਾਫ ਵੀ ਕਾਰਵਾਈ ਕੀਤੀ ਜਾਵੇ। ਯਾਦ ਰਹੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਸਮੇਂ ਚੰਡੀਗੜ੍ਹ ਪੱਤਰਕਾਰਾਂ ਵੱਲੋਂ ਕੀਤੇ ਸਵਾਲਾਂ ਦਾ ਜਵਾਬ ਦਿੰਦਿਆਂ ਲਾਲ ਚੰਦ ਨੇ ਕਿਹਾ ਸੀ ਮੈਨੂੰ ਸੇਵਾ ਲਈ ਵੱਡਾ ਪਲੇਟਫਾਰਮ ਚਾਹੀਦਾ ਸੀ ਸੋ ਮਿਲ ਗਿਆ ਹੈ, ਪਰ ਮੰਤਰੀ ਬਣਦਿਆਂ ਸਾਰ ਪਹਿਲਾਂ ਆਪਣੇ ਪੁੱਤਰ ਤੇ ਨਜ਼ਦੀਕੀ ਰਿਸ਼ਤੇਦਾਰ ਨੂੰ ਸਰਕਾਰੀ ਨੌਕਰੀ ਦੀ ਸੇਵਾ ਦੀ ਸ਼ੁਰੂਆਤ ਕੀਤੀ। ਆਗੂਆਂ ਨੇ ਜੰਤਰ ਮੰਤਰ ਵਿਖੇ ਮਹਿਲਾ ਪਹਿਲਵਾਨਾਂ ਨਾਲ ਛੇੜਛਾੜ ਦੇ ਦੋਸ਼ੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਖਿਲਾਫ ਦਿੱਤੇ ਜਾ ਰਹੇ ਧਰਨੇ ਦੀ ਹਮਾਇਤ ਵਿੱਚ ਗਈਆਂ ਦਿੱਲੀ ਯੂਨੀਵਰਸਿਟੀ ਦੀਆਂ ਲੜਕੀਆਂ ਉੱਤੇ ਦਿੱਲੀ ਪੁਲਸ ਵਲੋਂ ਕੀਤੇ ਘਿਨਾਉਣੇ ਲਾਠੀਚਾਰਜ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ । ਉਪਰੋਕਤ ਤੋਂ ਇਲਾਵਾ ਕਾਮਰੇਡ ਬਲਵੰਤ ਸਿੰਘ ਘੋਹ, ਬਲਦੇਵ ਰਾਜ ਭੋਆ, ਰਘਬੀਰ ਸਿੰਘ ਧਲੌਰੀਆਂ, ਅਜੀਤ ਰਾਮ ਗੰਦਲਾਂ, ਬਲਬੀਰ ਸਿੰਘ ਬੇੜੀਆਂ, ਬਲਕਾਰ ਚੰਦ ਭਰਿਆਲ ਲਾਹੜੀ, ਲਾਲ ਸਿੰਘ ਭਨਵਾਲ, ਯਸਪਾਲ, ਨਰਿੰਜਨ ਸਿੰਘ, ਸੋਹਨ ਲਾਲ ਅਤੇ ਹੋਰ ਸਾਥੀਆਂ ਨੇ ਰੋਸ ਪ੍ਰਦਰਸ਼ਨ ਦੀ ਅਗਵਾਈ ਕੀਤੀ।

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਸੰਬੰਧੀ ਸ੍ਰੀ ਅਖੰਡ ਪਾਠ ਸਾਹਿਬ ਆਰੰਭ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ ਦੇ ਸਮਾਗਮਾਂ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਸਥਿਤ ਇਤਿਹਾਸਕ ਬੁੰਗਾ ਰਾਮਗੜ੍ਹੀਆ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਇਆ ਗਿਆ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਆ ਭਾਈ ਗੁਰਚਰਨ ਸਿੰਘ ਨੇ ਅਰਦਾਸ ਕੀਤੀ। ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਸਮੇਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਮ ਸਿੰਘ, ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਕੁਲਵਿੰਦਰ ਸਿੰਘ ਰਮਦਾਸ ਸਮੇਤ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

ਦੱਸਣਯੋਗ ਹੈ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ 5 ਮਈ ਨੂੰ ਖਾਲਸਾਈ ਜਾਹੋ-ਜਲਾਲ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ ਮੁੱਖ ਸਮਾਗਮ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਅਸਥਾਨ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕੀਤਾ ਜਾਣਾ ਹੈ। ਇਸ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਤਿਆਰੀਆਂ ਮੁਕੰਮਲ ਹਨ ਅਤੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਹਨ। ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਮੌਕੇ ਪੁੱਜੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਮ ਸਿੰਘ ਤੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਸਬੰਧੀ 16 ਅਪ੍ਰੈਲ ਨੂੰ ਦਿੱਲੀ ਤੋਂ ਖਾਲਸਾ ਫ਼ਤਹ ਮਾਰਚ ਆਰੰਭ ਕੀਤਾ ਗਿਆ ਸੀ, ਜੋ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ 4 ਮਈ ਸ਼ਾਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੇਗਾ। ਉਨ੍ਹਾਂ ਸ਼ਤਾਬਦੀ ਸਬੰਧੀ ਵੱਖ-ਵੱਖ ਸਮਾਗਮ ਉਲੀਕੇ ਗਏ ਹਨ, ਜਿਸ ਤਹਿਤ ਬੁੰਗਾ ਰਾਮਗੜ੍ਹੀਆ ਵਿਖੇ ਚਿੱਤਰ ਪ੍ਰਦਰਸ਼ਨੀ ਲਗਾਈ ਗਈ ਹੈ। 5 ਮਈ ਨੂੰ ਸ਼ਤਾਬਦੀ ਦਾ ਮੁੱਖ ਸਮਾਗਮ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕੀਤਾ ਜਾਵੇਗਾ, ਜਿਸ ਵਿਚ ਸਿੰਘ ਸਾਹਿਬਾਨ, ਤਖ਼ਤ ਸਾਹਿਬਾਨ ਦੇ ਜਥੇਦਾਰ, ਵੱਖ-ਵੱਖ ਸੰਪ੍ਰਦਾਵਾਂ ਦੇ ਮੁਖੀ ਅਤੇ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਸ਼ਿਰਕਤ ਕਰਨਗੀਆਂ। ਇਸ ਮੌਕੇ ਪੰਥ ਪ੍ਰਸਿੱਧਖ ਰਾਗੀ, ਢਾਡੀ ਅਤੇ ਕਥਾਵਾਚਕ ਵੀ ਹਾਜ਼ਰੀ ਭਰਨਗੇ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਮੈਨੇਜਰ ਸੁਖਰਾਜ ਸਿੰਘ, ਸ਼੍ਰੋਮਣੀ ਕਮੇਟੀ ਦੇ ਬੁਲਾਰੇ ਹਰਭਜਨ ਸਿੰਘ ਵਕਤਾ, ਇੰਚਾਰਜ ਮੇਜਰ ਸਿੰਘ, ਗੁਰਦੀਪ ਸਿੰਘ ਮਟੀਆ, ਵਧੀਕ ਮੈਨੇਜਰ ਨਿਸ਼ਾਨ ਸਿੰਘ, ਸਾਬਕਾ ਸਕੱਤਰ ਜਗਜੀਤ ਸਿੰਘ ਜੱਗੀ, ਮੀਤ ਮੈਨੇਜਰ ਗੁਰਤਿੰਦਰਪਾਲ ਸਿੰਘ,. ਹਰਿੰਦਰ ਸਿੰਘ ਪਦਮ, ਨਰਿੰਦਰ ਸਿੰਘ ਐਮਆਰ, ਮਧੂਪਾਲ ਸਿੰਘ, ਅਮਰਦੀਪ ਸਿੰਘ ਮਰਵਾਹਾ, ਭੋਲਾ ਸਿੰਘ ਧੰਜਲ, ਭੁਪਿੰਦਰ ਸਿੰਘ ਪਦਮ, ਹਰਜਿੰਦਰ ਸਿੰਘ, ਸੁਖਪਾਲ ਸਿੰਘ ਆਦਿ ਮੌਜੂਦ ਸਨ।

# ਕਣਕ ਦੀ ਖਰੀਦ ਦੇ ਨਾਲ ਲਿਫਟਿੰਗ ਦਾ ਕੰਮ ਵੀ ਜੰਗੀ ਪੱਧਰ 'ਤੇ ਜਾਰੀ : ਡੀ ਸੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਅੰਮ੍ਰਿਤਸਰ ਦੀਆਂ ਮੰਡੀਆਂ ਵਿਚ ਕਣਕ ਦੀ ਆਮਦ ਅੱਗੇ ਨਾਲੋਂ ਮੱਠੀ ਪਈ ਹੈ ਅਤੇ ਏਜੰਸੀਆਂ ਦਾ ਧਿਆਨ ਕਣਕ ਨੂੰ ਸਾਂਭਣ ਵੱਲ ਹੋ ਗਿਆ ਹੈ, ਜਿਸ ਸਦਕਾ ਅੰਮ੍ਰਿਤਸਰ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ ਹੁਣ ਤੱਕ 2 ਲੱਖ ਮੀਟਰਕ ਟਨ ਸਾਂਭੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਦੇ ਨਾਲ ਲਿਫਟਿੰਗ ਦਾ ਕੰਮ ਵੀ ਜੰਗੀ ਪੱਧਰ 'ਤੇ ਜਾਰੀ ਹੈ। ਉਨ੍ਹਾ ਦੱਸਿਆ ਕਿ ਹੁਣ ਤੱਕ 2 ਲੱਖ ਮੀਟਰਕ ਟਨ ਮੰਡੀਆਂ ਵਿੱਚੋਂ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਖਰੀਦ ਏਜੰਸੀਆਂ ਪਨਗਰੇਨ ਵੱਲੋਂ 53655 ਮੀਟਰਕ ਟਨ, ਮਾਰਕਫੈੱਡ ਵੱਲੋਂ 43263 ਮੀਟਰਕ ਟਨ, ਪਨਸਪ ਵੱਲੋਂ 35104 ਮੀਟਰਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 23891 ਮੀਟਰਕ ਟਨ ਅਤੇ ਐਫ.ਸੀ.ਆਈ ਵੱਲੋਂ 6625 ਮੀਟਰਕ ਟਨ ਅਤੇ ਵਪਾਰੀ ਵਰਗ ਵੱਲੋਂ 31928 ਮੀਟਰਕ ਟਨ ਕਣਕ ਦੀ ਲਿਫਟਿੰਗ ਜ਼ਿਲ੍ਹੇ ਦੀਆਂ ਮੰਡੀਆਂ 'ਚੋਂ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਖ਼ਰੀਦ ਪ੍ਰਬੰਧਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਾ ਆਵੇ।

# ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਨੇ ਰਾਸ਼ਟਰਪਤੀ ਦੇ ਨਾਂਅ ਭੇਜਿਆ ਮੰਗ ਪੱਤਰ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨਿਤਿਕ ਭਾਰਤ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਵਫਦ ਨੇ ਦੇਸ਼ ਦੇ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ: ਹਿਮਾਂਸ਼ੂ ਅਗਰਵਾਲ ਦੀ ਗੈਰ-ਹਾਜ਼ਰੀ ਕਾਰਨ ਜੀ. ਏ. ਸਚਿਨ ਪਾਠਕ ਨੂੰ ਸੌਂਪਿਆ। ਇਸ ਸਬੰਧੀ ਗੱਲਬਾਤ ਕਰਦਿਆਂ ਸੁਖਦੇਵ ਸਿੰਘ ਭੋਜਰਾਜ ਪ੍ਰਧਾਨ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ, ਬਲਬੀਰ ਸਿੰਘ ਰੰਧਾਵਾ ਪ੍ਰਧਾਨ ਪੰਜਾਬ ਕਿਸਾਨ ਮਜ਼ਦੂਰ ਯੂਨੀਅਨ, ਸ਼ਮਸ਼ੇਰ ਸਿੰਘ ਸ਼ੇਰਾ ਪ੍ਰਧਾਨ ਯੂਥ ਕਿਸਾਨ ਵਿੰਗ ਪੰਜਾਬ ਨੇ ਕਿਹਾ ਕਿ ਦੇਸ ਦੇ ਲਈ ਅੰਤਰਰਾਸ਼ਟਰੀ ਪੱਧਰ ਤੇ ਮੈਡਲ ਜਿੱਤਣ ਵਾਲੇ ਪਹਿਲਵਾਨ 23 ਅਪ੍ਰੈਲ ਤੋਂ ਜੰਤਰ ਮੰਤਰ ਉੱਪਰ ਧਰਨੇ ਤੇ ਬੈਠੇ ਹਨ। ਭਾਜਪਾ ਸਾਂਸਦ ਅਤੇ ਕੁਸ਼ਤੀ ਮਹਾਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਸਰਨ ਸਿੰਘ ਦੇ ਉੱਪਰ ਮਹਿਲਾ ਪਹਿਲਵਾਨਾਂ ਦੇ ਯੌਨ ਸ਼ੋਸ਼ਣ ਦੇ ਗੰਭੀਰ ਅਰੋਪ ਹਨ। ਪੀੜਤ ਮਹਿਲਾ ਪਹਿਲਵਾਨਾਂ ਵੱਲੋਂ ਪੁਲਿਸ ਨੂੰ ਸ਼ਿਕਾਇਤ ਕਰਨ ਦੇ ਬਾਵਜੂਦ ਵੀ ਲੰਬਾ ਸਮਾਂ ਬੀਤ ਜਾਣ ਤੇ ਐਫਆਈਆਰ ਦਰਜ ਨਾ ਹੋਣ ਤੇ ਪੀੜਤਾਂ ਨੇ ਮਾਣਯੋਗ ਸੁਪਰੀਮ ਕੋਰਟ ਦਾ ਸਹਾਰਾ ਲਿਆ ਅਤੇ ਫਿਰ ਮਾਣਯੋਗ ਸੁਪਰੀਮ ਕੋਰਟ ਦੇ ਅਦੇਸਾਂ ਤੋਂ ਬਾਅਦ ਬ੍ਰਿਜ ਭੂਸ਼ਨ ਸਰਨ ਦੇ ਉੱਪਰ ਪੋਕਸੋ ਐਕਟ ਵਰਗੀਆਂ ਅਤਿ ਗੰਭੀਰ ਧਾਰਾਵਾਂ ਦੇ ਤਹਿਤ ਮਾਮਲੇ ਦਰਜ ਕਰਨ ਦੇ ਬਾਵਜੂਦ ਵੀ ਆਰੋਪੀ ਬ੍ਰਿਜ ਭੂਸ਼ਨ ਸਰਨ ਨੂੰ ਅੱਜ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨਿਤਿਕ ਦੇ ਆਗੂਆਂ ਨੇ ਮਾਨਯੋਗ ਰਾਸ਼ਟਰਪਤੀ ਤੋਂ ਮੰਗ ਕਰਦਿਆਂ ਕਿਹਾ ਕਿ ਸੰਵਿਧਾਨਕ ਤੌਰ ਤੇ ਭਾਰਤ ਦੇ ਸਰਬ-ਉੱਚ ਪਦ ਉੱਪਰ ਆਪ ਜੀ ਬਿਰਾਜਮਾਨ ਹੋ ਅਤੇ ਸੰਵਿਧਾਨ ਨੂੰ ਬਚਾਉਣ ਦੀ ਜ਼ਿਮੇਵਾਰੀ ਆਪ ਜੀ ਦੀ ਹੈ। ਇਸ ਲਈ ਅਸੀਂ ਆਪ ਜੀ ਨੂੰ ਅਪੀਲ ਕਰਦੇ ਹਾਂ ਕਿ ਇਸ ਅਤਿ ਗੰਭੀਰ ਮਾਮਲੇ ਵਿੱਚ ਮਹਿਲਾ ਪਹਿਲਵਾਨਾਂ ਦੇ ਨਾਲ ਇਨਸਾਫ ਕੀਤਾ ਜਾਵੇ। ਕਿਸਾਨ ਆਗੂਆਂ ਨੇ ਕਿਹਾ ਕਿ ਮਹਿਲਾ ਪਹਿਲਵਾਨਾਂ ਨੂੰ ਇਨਸਾਫ ਦਿਵਾਉਣ ਲਈ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਿਕ ਆਪਣੇ ਦੇਸ਼ ਦੀਆਂ ਧੀਆਂ ਦੇ ਨਾਲ ਚਟਾਨ ਵਾਂਗ ਖੜਾ ਰਹੇਗਾ। ਇਸ ਮੌਕੇ ਪਰਮਪਾਲ ਸਿੰਘ ਮੇਤਲਾ, ਸਤਿੰਦਰ ਸਿੰਘ ਭਗਠਾਣਾ, ਗੁਰਜੀਤ ਸਿੰਘ ਵਡਾਲਾ ਬਾਂਗਰ,ਐਸ ਡੀਓ ਅਜੈਬ ਸਿੰਘ ਬਹਾਦਰ ਸੈਣ, ਸੁਖਵਿੰਦਰ ਸਿੰਘ ਘੁੰਮਣ, ਅਰਸ਼ਪ੍ਰੀਤ ਸਿੰਘ ਤਲਵੰਡੀ ਹਿੰਦੂਆਂ, ਚਰਨਜੀਤ ਸਿੰਘ ਲੱਖੋਵਾਲ, ਮੁਖਤਿਆਰ ਸਿੰਘ ਉਗਰੇਵਾਲ, ਸੁਖਵੰਤ ਸਿੰਘ ਸਠਿਆਲੀ, ਮੁਖਤਾਰ ਸਿੰਘ ਪਰਾਚਾ, ਚਮਨ ਮਸੀਹ, ਲਖਵਿੰਦਰ ਸਿੰਘ ਜਾਗੋਵਾਲ ਬਾਂਗਰ, ਅਮਰੀਕ ਸਿੰਘ ਕੋਟ ਮੌਲਵੀ, ਸਤਨਾਮ ਸਿੰਘ ਕੋਟ ਮੌਲਵੀ, ਚਰਨਜੀਤ ਸਿੰਘ ਉਗਰੇਵਾਲ, ਬਲਵਿੰਦਰ ਸਿੰਘ ਚਾਕਾਂਵਾਲੀ, ਜਸਬੀਰ ਸਿੰਘ ਸੇਖਾ, ਪ੍ਰੇਮ ਮਸੀਹ ਸੋਨਾ, ਸਰਵਣ ਸਿੰਘ ਭੋਲਾ, ਫੂਲ ਚੰਦ, ਬਚਨ ਸਿੰਘ ਬੋਪਾਰਾਏ, ਅਮਨਦੀਪ ਸਿੰਘ ਗੁਰਾਇਆ, ਕੁਲਦੀਪ ਸਿੰਘ ਲਾਡੀ ਆਦਿ ਹਾਜ਼ਰ ਸਨ।

# ਇੰਡੇਨ ਬੋਟਲਿੰਗ ਪਲਾਂਟ ਦੀ ਧੱਕੇਸ਼ਾਹੀ ਖਿਲਾਫ ਇਕਜੁੱਟ ਹੋ ਕੇ ਲੜਨ ਦਾ ਸੱਦਾ




**ਨੰਗਲ (ਸੁਰਜੀਤ ਢੇਰ)**-ਇੰਡੀਅਨ ਗੈਸ ਦਾ ਇੰਡੇਨ ਬੋਟਲਿੰਗ ਪਲਾਂਟ ਰਾਏਪੁਰ ( ਸਹੋੜਾ) ਮਹਿਤਪੁਰ ਵੱਲੋਂ ਸਥਾਨਕ ਟਰੱਕ ਯੂਨੀਅਨ ਨੂੰ ਕੰਮ ਦੇਣ ਦੀ ਬਜਾਏ ਬਾਹਰਲੇ ਟਰਾਂਸਪੋਰਟਰਾਂ ਨੂੰ ਦਿੱਤਾ ਜਾ ਰਿਹਾ ਹੈ। ਜਿਸ ਦੇ ਖਿਲਾਫ ਇਲਾਕੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਮਹਿਤਪੁਰ ਟਰੱਕ ਯੂਨੀਅਨ ਦੇ ਮਾਲਕ ਇਸ ਧੱਕਸ਼ਾਹੀ ਖਿਲਾਫ ਲਹੂ ਵੀਟਵਾ ਸੰਘਰਸ਼ ਕਰ ਰਹੇ ਹਨ। ਫੈਕਟਰੀ ਵੱਲੋਂ ਘੱਟ ਰੇਟ 'ਤੇ ਬਾਹਰਲੇ ਟਰੱਕ ਮਾਲਕਾਂ ਨੂੰ ਕੰਮ ਦਿੱਤਾ ਜਾ ਰਿਹਾ ਹੈ। ਇਸ ਸਬੰਧੀ ਮਹਿਤਪੁਰ ਵਿਖੇ ਪੁੱਜੇ ਆਲ ਇੰਡਿਆ ਰੋਡ ਟਰਾਂਸਪੋਰਟ ਵਰਕਰਜ ਫੈਡਰੇਸ਼ਨ ਦੇ ਕੌਮੀ ਆਗੂ ਵਿਜੈ ਸ਼ਰਮਾ, ਕਾਮਰੇਡ ਸੁਰਜੀਤ ਸਿੰਘ ਢੇਰ ਨੇ ਕਿਹਾ ਕਿ ਗੈਸ ਪਲਾਂਟ ਦੀ ਧੱਕੇਸ਼ਾਹੀ ਕਿਸੇ ਵੀ ਹਾਲਤ ਵਿੱਚ ਨਹੀਂ ਚੱਲਣ ਦਿੱਤੀ ਜਾਵੇਗੀ। ਫੈਕਟਰੀ ਦਾ ਪ੍ਰਦੂਸ਼ਣ ਇਲਾਕੇ ਦੇ ਲੋਕ ਸਹਿਣ,ਕੰਮ ਬਾਹਰਲੇ ਲੋਕਾਂ ਦਿੱਤਾ ਜਾਵੇ। ਇਹ ਇਲਾਕੇ ਦੇ ਲੋਕਾਂ ਨਾਲ ਘੋਰ ਬੇਇਨਸਾਫੀ ਹੈ। ਆਗੂਆਂ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਦਾ ਇੱਕ ਵੱਡਾ ਇਕੱਠ 6 ਮਈ ਨੂੰ 11 ਵਜੇ ਕੀਤਾ ਜਾ ਰਿਹਾ ਹੈ। ਜਿਸ ਵਿੱਚ ਫੈਡਰੇਸ਼ਨ ਦੇ ਵਰਕਰ ਤੇ ਨੰਗਲ ਟਰੱਕ ਯੂਨੀਅਨ ਦੇ ਟਰੱਕ ਮਾਲਕ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ। ਆਗੂਆਂ ਨੇ ਹਿਮਾਚਲ ਪ੍ਰਦੇਸ਼ ਦੀ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਪਲਾਂਟ ਦੀ ਧੱਕੇਸ਼ਾਹੀ ਬੰਦ ਕਰਵਾਈ ਜਾਵੇ।

## ਆਪੀ ਚੈਰੀਟੇਬਲ ਨੇ 33ਵਾਂ ਸਥਾਪਨਾ ਦਿਵਸ ਮਨਾਇਆ



**ਕਰਤਾਰਪੁਰ (ਹਰਮੇਸ ਦੱਤ)** ਆਪੀ ਚੈਰੀਟੇਬਲ ਹਸਪਤਾਲ ਕਰਤਾਰਪੁਰ ਦੁਆਰਾ 33ਵਾਂ ਸਥਾਪਨਾ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ। ਰਾਗੀ ਜਥਿਆਂ ਨੇ ਗੁਰੂ ਜੀ ਦੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਭੋਗ ਉਪਰੰਤ ਪ੍ਰਸ਼ਾਦ ਵੰਡਿਆ ਗਿਆ। ਹਸਪਤਾਲ ਪ੍ਰਬੰਧਕ ਕਮੇਟੀ ਵੱਲੋਂ ਸਟਾਫ ਅਤੇ ਡਾਕਟਰਾਂ ਨੂੰ ਗਿਫਟ ਵੀ ਦਿੱਤੇ ਗਏ। ਇਸ ਮੌਕੇ 'ਤੇ ਮੈਡਮ ਸੁਮਨ ਲਤਾ ਕਲਹਣ ਨੂੰ ਪ੍ਰਧਾਨ ਸੁਰਿੰਦਰ ਅਗਰਵਾਲ ਨੇ ਵਧਾਈ ਦਿੱਤੀ ਤੇ ਹਸਪਤਾਲ ਨੂੰ ਸਹਿਯੋਗ ਦੇਣ ਵਾਲੇ ਸਾਰੇ ਐਨ.ਆਰ.ਆਈ ਟਰੱਸਟੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਸੁਰਿੰਦਰ ਅਗਰਵਾਲ ਬਰਗੇੜੀਅਰ ਮਨਜੀਤ ਸਿੰਘ, ਬ੍ਰਗੇਡੀਅਰ ਜਗਤ ਸਿੰਘ, ਸਤੀਸ਼ ਗੁਪਤਾ,ਵਿਮਲ ਜੈਨ,ਡਾਕਟਰ ਪੰਕਜ ਪਾਲ, ਡਾ. ਰੋਹੀ ਅਰੋੜਾ, ਡਾਕਟਰ ਪਕਜ ਮਲਹਮ, ਡਾ. ਮੋਹਿਤ, ਡਾ. ਸਵਿਤਾ, ਡਾ. ਆਰਿਫ ਇਕਬਾਲ, ਪ੍ਰਿੰਸੀਪਲ ਰਜਨੀ ਲਾਂਬਾ ਮਲਹੋਤਰਾ, ਸੋਢੀ ਸਿੰਘ, ਮੈਡਮ ਸਰਬਜੀਤ ਆਦਿ ਹਾਜਰ ਸਨ।

## ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਅਨੁਰਾਗ ਠਾਕੁਰ ਨਾਲ ਨੌਜਵਾਨਾਂ ਦੀ ਗੱਲਬਾਤ

**ਜਲੰਧਰ (ਸ਼ੈਲੀ ਐਲਬਰਟ)**- ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਸਾਊਥ ਕੈਂਪਸ ਸ਼ਾਹਪੁਰ ਵਿਖੇ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਅਤੇ ਯੁਵਾ ਮਾਮਲੇ ਅਤੇ ਖੇਡ ਮੰਤਰੀ ਅਨੁਰਾਗ ਸਿੰਘ ਠਾਕੁਰ ਦੇ ਨਾਲ ਯੁਵਾਓ ਕੀ ਬਾਤ ਅਨੁਰਾਗ ਦੇ ਨਾਲ ਦਾ ਆਯੋਜਨ ਕੀਤਾ ਗਿਆ।ਇਸ ਗੱਲਬਾਤ ਦੌਰਾਨ ਨੌਜਵਾਨ ਮੰਤਰੀ ਅਨੁਰਾਗ ਨੇ ਨੌਜਵਾਨਾਂ ਨੂੰ ਭਵਿੱਖ ਵਿੱਚ ਆਉਣ ਵਾਲੀਆਂ ਤਬਦੀਲੀਆਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਡਿਗਰੀਆਂ ਹਾਸਲ ਕਰਨ ਦੇ ਨਾਲ-ਨਾਲ ਹੁਨਰ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ। ਇਹ ਉਹ ਚੀਜ਼ ਹੈ ਜੋ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਜ਼ਰੂਰੀ ਹੈ। ਪਹਿਲਾਂ ਗੱਲਾਂ ਵੱਖਰੀਆਂ ਸਨ। ਪਹਿਲਾਂ ਬੱਚਿਆਂ ਨੂੰ ਕਿਹਾ ਜਾਂਦਾ ਸੀ ਕਿ ਪੜ੍ਹ-ਲਿਖੋਗੇ ਤਾਂ ਲੀਡਰ ਬਣੋਗੇ ਤੇ ਖੇਡੋਗੇ ਤਾਂ ਖਰਾਬ ਹੋ ਜਾਵੋਗੇ। ਪਰ ਹੁਣ ਸਮਾਂ ਬਦਲ ਗਿਆ ਹੈ, ਹੁਣ ਬਹੁਤੇ ਲੋਕ ਕਹਿੰਦੇ ਹਨ ਕਿ ਪੜ੍ਹ-ਲਿਖੋਗੇ ਤਾਂ ਬਾਦਸ਼ਾਹ ਬਣੋਗੇ ਤੇ ਖੇਡੋਗੇ ਤਾਂ ਕਮਾਲ ਬਣੋਗੇ। ਇਸ ਲਈ ਲੋੜ ਹੈ ਕਿ ਪੜ੍ਹਨ ਦੇ ਨਾਲ-ਨਾਲ ਹੋਰ ਖੇਡਾਂ ਵੱਲ ਵੀ ਧਿਆਨ ਦਿੱਤਾ ਜਾਵੇ। ਅੱਜ ਦੇ ਸਮੇਂ ਵਿੱਚ ਬਹੁਤ ਸਾਰੇ ਨੌਜਵਾਨ ਅਜਿਹੇ ਹਨ ਜੋ ਆਪਣੇ ਹੁਨਰ ਦਾ ਵਿਕਾਸ ਕਰਕੇ ਦੇਸ਼-ਵਿਦੇਸ਼ ਵਿੱਚ ਆਪਣਾ ਨਾਮ ਕਮਾ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜ਼ਿੰਦਗੀ ਚ ਕਾਮਯਾਬ ਹੋਣ ਲਈ ਜ਼ਰੂਰੀ ਹੈ ਕਿ ਤੁਹਾਡਾ ਕੋਈ ਟੀਚਾ ਹੋਵੇ। ਜੇਕਰ ਤੁਸੀਂ ਜਾਣਦੇ ਹੋ ਕਿ ਤੁਸੀਂ ਕਿੱਥੇ ਜਾਣਾ ਹੈ, ਤਾਂ ਤੁਸੀਂ ਉੱਥੇ ਜ਼ਰੂਰ ਪਹੁੰਚੋਗੇ, ਤੁਹਾਨੂੰ ਸਿਰਫ਼ ਸਖ਼ਤ ਮਿਹਨਤ ਕਰਨ ਅਤੇ ਨਿਰੰਤਰ ਯਤਨ ਕਰਨ ਦੀ ਲੋੜ ਹੈ। ਇਸ ਦੌਰਾਨ ਆਡੀਟੋਰੀਅਮ ਵਿੱਚ ਮੌਜੂਦ ਕਈ ਵਿਦਿਆਰਥੀਆਂ ਨੇ ਆਏ ਹੋਏ ਮਹਿਮਾਨ ਨੂੰ ਸਵਾਲ ਵੀ ਪੁੱਛੇ। ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸੀਟੀ ਗਰੁੱਪ ਆਪਣੀ ਸਮਾਜਿਕ ਜ਼ਿੰਮੇਵਾਰੀ ਨੂੰ ਸਮਝਦਾ ਹੈ। ਇਹ ਵਿਦਿਆਰਥੀਆਂ ਦੀ ਸਫਲਤਾ ਦਰ ਨੂੰ ਵਧਾਉਣ ਅਤੇ ਉਤਸ਼ਾਹ ਨਾਲ ਯੋਗਦਾਨ ਪਾਉਣ ਲਈ ਤਿਆਰ ਹੈ। ਉਨ੍ਹਾਂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਨੌਜਵਾਨਾਂ ਦੀ ਭਲਾਈ ਲਈ ਉਨ੍ਹਾਂ ਦੀ ਵਚਨਬੱਧਤਾ ਦੀ ਪ੍ਰਸ਼ੰਸਾ ਕੀਤੀ। ਸੀਟੀ ਗਰੁੱਪ ਦੇ ਵਾਇਸ ਚੇਅਰਮੈਨ ਹਰਪ੍ਰੀਤ ਸਿੰਘ, ਜਲੰਧਰ ਦੇ ਸਾਬਕਾ ਮੇਅਰ ਰਾਕੇਸ਼ ਰਾਠੌਰ, ਡਾਇਰੈਕਟਰ ਕੈਂਪਸ ਡਾ. ਗੁਰਪ੍ਰੀਤ ਸਿੰਘ, ਖੋਜ ਅਤੇ ਇਨੋਵੇਸ਼ਨ ਦੇ ਡਾਇਰੈਕਟਰ ਡਾ. ਜਸਦੀਪ ਕੌਰ ਅਤੇ ਦਾਖਲਾ ਵਿਭਾਗ ਦੇ ਡਾਇਰੈਕਟਰ ਡਾ. ਵਿਨੀਤ ਠਾਕੁਰ ਹਾਜ਼ਰ ਸਨ।



## ਲਾਇਲਪੁਰ ਖ਼ਾਲਸਾ ਕਾਲਜ ਵਿਖੇ ਮਨਾਇਆ ਅੰਤਰਰਾਸ਼ਟਰੀ ਮਜ਼ਦੂਰ ਦਿਵਸ



**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਗਿਆ।ਇਸ ਮੌਕੇ ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਸਮੂਹ ਅਧਿਆਪਨ ਵਿਭਾਗਾਂ ਦੇ ਮੁਖੀ ਸਾਹਿਬਾਨ ਅਤੇ ਕਾਲਜ ਦੇ ਸੀਨੀਅਰ ਨਾਨ-ਟੀਚਿੰਗ ਵਿਭਾਗ ਦੇ ਕਰਮਚਾਰੀਆਂ ਵਲੋਂ ਮਾਲੀਆਂ, ਸੇਵਾਦਾਰਾਂ ਅਤੇ ਸਫਾਈ ਕਰਮਚਾਰੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਕਿਹਾ ਕਿ ਮਜ਼ਦੂਰ ਦਿਵਸ ਮਿਹਨਤਕਸ਼ ਕਾਮਿਆਂ ਨੂੰ ਸਮਰਪਿਤ ਹੈ, ਉਨ੍ਹਾਂ ਕਿਹਾ ਕਿ ਅੱਜ ਕਾਮੇ ਵਰਗ ਦੁਆਰਾ ਦੇਸ਼ ਦੇ ਨਿਰਮਾਣ ਵਿਚ ਪਾਏ ਗਏ ਅਮੁੱਲ ਯੋਗਦਾਨ ਨੂੰ ਸਲਾਮ ਕਰਨ ਦਾ ਦਿਨ ਹੈ। ਇਸ ਦਿਨ ਦਾ ਮੁੱਖ ਮਕਸਦ ਮਜ਼ਦੂਰ ਦੀਆਂ ਉਪਲਬਧੀਆਂ ਦਾ ਸਨਮਾਨ ਕਰਨਾ ਅਤੇ ਉਨ੍ਹਾਂ ਨੂੰ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਦਾ ਦਿਨ ਹੈ। ਉਨ੍ਹਾਂ ਦੱਸਿਆ ਕਿ ਸਰਕਾਰਾਂ ਅਤੇ ਹੋਰ ਜਥੇਬੰਦੀਆਂ ਦੁਆਰਾ ਅੱਜ ਦੇ ਦਿਨ ਮਜ਼ਦੂਰ ਦੀਆਂ ਸਮੱਸਿਆਵਾਂ ਦੇ ਸਮਾਧਾਨ ਕਰਨ ਲਈ ਮੰਥਨ ਵੀ ਕੀਤਾ ਜਾਂਦਾ ਹੈ।ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਮੁਖੀ ਸਾਹਿਬਾਨ, ਹੋਰ ਅਧਿਆਪਕ ਸਾਹਿਬਾਨ ਤੇ ਨਾਨ-ਟੀਚਿੰਗ ਸਟਾਫ ਮੈਂਬਰ ਵੀ ਹਾਜ਼ਰ ਸਨ।

## ਖੇਤ ਮਜ਼ਦੂਰ ਜਥੇਬੰਦੀ ਵੱਲੋਂ ਮਹਿਲਾ ਪਹਿਲਵਾਨਾਂ ਦੇ ਧਰਨੇ 'ਤੇ ਪੁਲਸ ਜਬਰ ਦੀ ਨਿੰਦਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਜਿਨਸ਼ੀ ਸ਼ੋਸਣ ਦਾ ਸ਼ਿਕਾਰ ਹੋਈਆਂ ਮਹਿਲਾ ਪਹਿਲਵਾਨਾਂ ਵੱਲੋਂ ਇਨਸਾਫ਼ ਲੈਣ ਲਈ ਜੰਤਰ ਮੰਤਰ 'ਤੇ ਦਿੱਤੇ ਜਾ ਰਹੇ ਧਰਨੇ ਉੱਪਰ ਦੇਰ ਰਾਤ ਪੁਲਸ ਵੱਲੋਂ ਸਖਤੀ ਵਰਤਣ ਅਤੇ ਕੁੱਝ ਪਹਿਲਵਾਨਾਂ ਤੇ ਉਹਨਾਂ ਦੇ ਹਮਾਇਤੀਆਂ ਦੇ ਸੱਟਾਂ ਮਾਰਨ ਦੀ ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ ਸਖਤ ਨਿਖੇਧੀ ਕਰਦਿਆਂ ਜਿਨਸ਼ੀ ਸੋਸ਼ਣ ਦੇ ਦੋਸ਼ੀ ਬ੍ਰਿਜ਼ ਭੂਸ਼ਣ ਨੂੰ ਗ੍ਰਿਫਤਾਰ ਕਰਕੇ ਸਖ਼ਤ ਸਜ਼ਾਵਾਂ ਦੇਣ ਅਤੇ ਉਸਨੂੰ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਅਹੁਦੇ ਤੋਂ ਬਰਖ਼ਾਸਤ ਕਰਨ ਦੀ ਮੰਗ ਕੀਤੀ ਹੈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਤੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਕਿਹਾ ਕਿ ਮਹਿਲਾ ਪਹਿਲਵਾਨ ਆਪਣੇ ਨਾਲ ਹੋਏ ਜਿਨਸ਼ੀ ਸ਼ੋਸਣ ਦਾ ਇਨਸਾਫ਼ ਲੈਣ ਲਈ ਜੰਤਰ-ਮੰਤਰ 'ਤੇ ਸੰਘਰਸ਼ ਕਰ ਰਹੇ ਹਨ ਪਰ ਭਾਜਪਾ ਸਰਕਾਰ ਦੋਸ਼ੀਆਂ ਉੱਪਰ ਬਨਦੀ ਕਾਰਵਾਈ ਕਰਨ ਦੀ ਥਾਂ ਸੰਘਰਸ਼ ਕਰ ਰਹੇ ਖਿਡਾਰੀਆਂ ਨੂੰ ਡਰਾਉਣ ਧਮਕਾਉਣ ਤੇ ਜਬਰ ਢਾਹੁਣ ਦਾ ਕੁਕਰਮ ਕਰਨ ਦੇ ਰਾਹ ਪੈ ਗਈ ਹੈ। ਉਹਨਾਂ ਕਿਹਾ ਕਿ ਭਾਜਪਾ ਸਰਕਾਰ ਸ਼ੁਰੂ ਤੋਂ ਹੀ ਪੀੜਤਾਂ ਨੂੰ ਇਨਸਾਫ ਦੇਣ ਦੀ ਥਾਂ ਦੋਸ਼ੀ ਦੇ ਹੱਕ ਵਿੱਚ ਭੁਗਤ ਰਹੀ ਹੈ ਅਤੇ ਦੋਸ਼ੀ ਉੱਪਰ ਐਫ.ਆਈ.ਆਰ ਵੀ ਖਿਡਾਰੀਆਂ ਦੇ ਸੰਘਰਸ਼ ਤੇ ਸੁਪਰੀਮ ਕੋਰਟ ਦੇ ਦਖ਼ਲ ਤੋਂ ਬਾਅਦ ਹੀ ਦਰਜ ਕੀਤੀ ਗਈ ਪਰ ਦੋਸ਼ੀ ਨੂੰ ਅਜੇ ਤੱਕ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ ।ਉਹਨਾਂ ਕਿਹਾ ਕਿ ਜਿਨਸੀ ਸੋਸ਼ਣ ਦਾ ਸ਼ਿਕਾਰ ਮਹਿਲਾ ਪਹਿਲਵਾਨਾਂ ਵਿੱਚ ਇੱਕ ਨਾਬਾਲਗ ਵੀ ਸ਼ਾਮਿਲ ਹੋਣ ਕਰਕੇ ਗੈਰ-ਜ਼ਮਾਨਤੀ ਪੋਕਸੋ ਐਕਟ ਲੱਗਣ ਦੇ ਬਾਵਜੂਦ ਮੋਦੀ ਸਰਕਾਰ ਦੋਸ਼ੀ ਦਾ ਬੇਸ਼ਰਮੀ ਨਾਲ ਪੱਖ ਪੂਰ ਰਹੀ ਹੈ।

ਉਹਨਾਂ ਕਿਹਾ ਕਿ ਭਾਜਪਾ ਹਕੂਮਤ ਦਾ ਪਹਿਲਾਂ ਵੀ ਕਈ ਕੇਸਾਂ ਵਿੱਚ ਔਰਤ ਵਿਰੋਧੀ ਚਿਹਰਾ ਨੰਗਾ ਹੋਇਆ ਹੈ।

ਬਿਲਕੀਸ ਬਾਨੋ ਕੇਸ ਵਿੱਚ ਸਮੂਹਿਕ ਰੇਪ ਤੇ ਕਤਲ ਦੇ ਦੋਸ਼ੀਆਂ ਨੂੰ ਸਜ਼ਾ ਮੁਆਫ਼ ਕਰਕੇ ਰਿਹਾਅ ਕਰਨਾ ਭਾਜਪਾ ਦਾ ਔਰਤ ਵਿਰੋਧੀ ਹੋਣ ਦੀ ਹਕੀਕਤ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਸਾਰੇ ਇਨਸਾਫ਼ ਪਸੰਦ ਤੇ ਜਮਹੂਰੀਅਤ ਪਸੰਦ, ਜੱਥੇਬੰਦਕ ਲੋਕਾਂ ਤੇ ਜੱਥੇਬੰਦੀਆਂ ਨੂੰ ਮਹਿਲਾ ਪਹਿਲਵਾਨਾਂ ਦੇ ਸ਼ੰਘਰਸ ਦੀ ਹਿਮਾਇਤ ਕਰਨੀ ਚਾਹੀਦੀ ਹੈ ਤੇ ਦੋਸ਼ੀ ਬ੍ਰਿਜ਼ ਭੂਸ਼ਣ ਨੂੰ ਗ੍ਰਿਫ਼ਤਾਰ ਕਰਨ ਤੇ ਪ੍ਰਧਾਨਗੀ ਦੇ ਅਹੁਦੇ ਤੋਂ ਬਰਖ਼ਾਸਤ ਕਰਨ ਦੀ ਮੰਗ ਜੋਰ ਨਾਲ ਉਠਾਉਣੀ ਚਾਹੀਦੀ ਹੈ।

## ਪੰਜਾਬ ਪੁਲਸ ਵਲੰਟੀਅਰ ਨੇ ਸਿਹਤ ਮੰਤਰੀ ਨਾਲ ਕੀਤੀ ਮੀਟਿੰਗ

**ਖਰੜ (ਹਰਨਾਮ ਸਿੰਘ ਡੱਲਾ )** ਬੀਤੇ ਦਿਨੀ ਪੰਜਾਬ ਪੁਲਸ ਨਾਲ ਕਰੋਨਾ ਸਮੇਂ ਤੋਂ ਬਿਨਾਂ ਕਿਸੇ ਤਨਖਾਹ ਤੋਂ ਕੰਮ ਕਰਨ ਵਾਲੇ ਪੰਜਾਬ ਪੁਲਸ ਵਾਲੰਟੀਅਰ ਦੇ ਸਬੰਧ ਵਿੱਚ ਮੁੱਖ ਮੰਤਰੀ ਦੀ ਸਬ ਕਮੇਟੀ ਨਾਲ ਚੰਡੀਗੜ੍ਹ ਪੰਜਾਬ ਭਵਨ ਵਿਖੇ ਸਮਾਂ ਨਿਸਚਿਤ ਕੀਤਾ ਗਿਆ ਸੀ। ਮੀਟਿੰਗ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨਾਲ ਹੋਈ ਹੈ, ਜਿਸ ਦੌਰਾਨ ਵਾਲੰਟੀਅਰ ਨੇ ਦੱਸਿਆ ਕਿ ਲਗਾਤਾਰ ਦੋ ਸਾਲ ਤੋ ਅਸੀਂ ਪੰਜਾਬ ਪੁਲਸ ਨਾਲ ਮੋਢੇ ਨਾਲ ਮੋਢਾ ਜੋੜ ਕੇ ਉਸ ਸਮੇਂ ਦੇਸ਼ ਦੀ ਸੇਵਾ ਕੀਤੀ. ਜਦੋਂ ਡਰ ਦਾ ਮਾਰਿਆ ਕੋਈ ਬਾਹਰ ਵੀ ਨਹੀਂ ਨਿਕਲਦਾ ਸੀ। ਲੋਕ ਆਪਣਿਆਂ ਦੀ ਪਛਾਣ ਕਰਨਾ ਭੁੱਲ ਗਏ ਸੀ, ਉਸ ਸਮੇਂ ਅਸੀਂ ਸਾਰੇ ਹੀ ਪੰਜਾਬ ਪੁਲਸ ਵਾਲੰਟੀਅਰ ਨੇ ਮੌਤ ਦੀ ਪ੍ਰਵਾਹ ਨਾ ਕਰਦਿਆਂ ਬਿਨਾ ਕਿਸੇ ਭੱਤੇ ਦੇ ਆਪਣੀਆਂ ਸੇਵਾਵਾਂ ਨੂੰ ਬਹੁਤ ਮਿਹਨਤ ਅਤੇ ਤਨਦੇਹੀ ਨਾਲ ਨਿਭਾਇਆ ਹੈ। ਕਈ ਵਾਲੰਟੀਅਰ ਕਰੋਨਾ ਪਾਜੀਟਿਵ ਵੀ ਪਾਏ ਗਏ ਸੀ,ਪਰ ਫਿਰ ਵੀ ਅਸੀਂ ਆਪਣੀ ਡਿਊਟੀ ਠੀਕ ਹੋਣ ਉਪਰੰਤ ਜਾਰੀ ਰੱਖੀ। ਵਾਲੰਟੀਅਰ ਨੇ ਦੱਸਿਆ ਕਿ ਅਸੀਂ ਸਾਰੇ ਪੰਜਾਬ ਵਿੱਚ 180 ਦੇ ਕਰੀਬ ਰਹਿ ਗਏ ਹਾਂ ਅਤੇ ਐਮ. ਐਲ. ਏ ਕੁਲਦੀਪ ਸਿੰਘ ਧਾਲੀਵਾਲ, ਐਮ. ਐਲ. ਏ ਲਾਲਜੀਤ ਸਿੰਘ ਭੁੱਲਰ ਟਰਾਂਸਪੋਰਟ ਮੰਤਰੀ,ਐਮ. ਐਲ. ਏ ਲਾਭ ਸਿੰਘ ਉਗੋਕੇ ਅਤੇ ਹੋਰ ਵੀ ਕਈ ਐਮ.ਐਲ.ਏ ਨੂੰ ਮਿਲ ਚੁੱਕੇ ਹਾਂ, ਜਿੰਨਾਂ ਨੇ ਸਾਨੂੰ ਵਿਸ਼ਵਾਸ ਦਿਵਾਇਆ ਕਿ ਜਰੂਰ ਤੁਹਾਨੂੰ ਸਰਕਾਰੀ ਅਦਾਰੇ ਵਿੱਚ ਕੰਮ ਕਰਨ ਦਾ ਮੌਕਾ ਦਿੱਤਾ ਜਾਵੇਗਾ। ਸਪੀਕਰ ਸਾਹਿਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾ ਵੀ ਸਾਡੀ ਮੰਗ ਨੂੰ ਮੁੱਖ ਮੰਤਰੀ ਤੱਕ ਪਹੁੰਚਾ ਚੁੱਕੇ ਹਨ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਕਰੋਨਾ ਵਰਕਰ ਪੱਕੇ ਕਰਨ ਦਾ ਐਲਾਨ ਕਰ ਚੁੱਕੇ ਹਨ। ਸਿਹਤ ਮੰਤਰੀ ਨੇ ਵਿਸ਼ਵਾਸ ਦਿਵਾਇਆ ਕਿ ਮੈਂ ਤੁਹਾਡਾ ਮਸਲੇ ਨੂੰ ਮੁੱਖ ਮੰਤਰੀ ਦੇ ਦਫਤਰ ਤੱਕ ਭੇਜਾਂਗਾ। ਇਸ ਮੌਕੇ ਪੰਜਾਬ ਪੁਲਸ ਵਾਲੰਟੀਅਰ ਟੀਮ ਵੱਲੋਂ ਪ੍ਰਧਾਨ ਗੁਰਸੇਵਕ ਸਿੰਘ ਨਾਭਾ ਦੀ ਅਗਵਾਈ ਵਿੱਚ ਮੰਗ ਪੱਤਰ ਸੌਂਪਿਆ ਗਿਆ। ਵਾਲੰਟੀਅਰਾਂ ਨੇ ਦੱਸਿਆ ਕਿ ਸਰਕਾਰ 'ਤੇ ਸਾਨੂੰ ਮਾਣ ਹੈ ਤੇ ਇਹ ਜਰੂਰ ਜਲਦ ਸਾਨੂੰ ਪੱਕਿਆ ਕਰੇਗੀ। ਇਸ ਮੌਕੇ ਅਮਰਿੰਦਰ ਸਿੰਘ ਮੌੜ ਜ਼ਿਲ੍ਹਾ ਬਠਿੰਡਾ, ਫਿਲਿਪ ਜ਼ਿਲ੍ਹਾ ਅੰਮ੍ਰਿਤਸਰ, ਗੁਰਸੇਵਕ ਸਿੰਘ ਤਰਨ ਤਾਰਨ, ਕਿਰਨ ਕੌਰ ਤਰਨ ਤਾਰਨ, ਮਨਪ੍ਰੀਤ ਸਿੰਘ ਸ਼ਾਮਲ ਸਨ।



## ਧਾਮੀ ਵੱਲੋਂ ਅਕਾਲੀ ਦਲ ਦੇ ਉਮੀਦਵਾਰ ਦੇ ਹੱਕ 'ਚ ਚੋਣ ਪ੍ਰਚਾਰ



**ਭੋਗਪੁਰ:-(ਗੁਰਪ੍ਰੀਤ ਸਿੰਘ ਭੋਗਲ)** - ਜਲੰਧਰ ਦੀ ਲੋਕ ਸਭਾ ਜ਼ਿਮਨੀ ਚੋਣ 'ਚ ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਸੁਖਵਿੰਦਰ ਸਿੰਘ ਸੁੱਖੀ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ, ਕਿਉਂਕਿ ਸੁਖਜਿੰਦਰ ਸਿੰਘ ਸੁੱਖੀ ਬਹੁਤ ਹੀ ਸੁਲਝੇ ਹੋਏ ਇਮਾਨਦਾਰ ਲੀਡਰ ਹਨ, ਜਿਨ੍ਹਾਂ ਪਹਿਲਾਂ ਬੰਗਾ ਹਲਕੇ ਦੇ ਵਿਕਾਸ ਲਈ ਬਹੁਤ ਕੰਮ ਕੀਤੇ ਹਨ ਤੇ ਆਪਣੇ ਵਾਕਾਰ ਦੇ ਆਧਾਰ 'ਤੇ ਸੁਖਵਿੰਦਰ ਸੁੱਖੀ ਸ਼ਾਨਦਾਰ ਜਿੱਤ ਪ੍ਰਾਪਤ ਕਰਨਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਨੇ ਸੁਖਵਿੰਦਰ ਸਿੰਘ ਸੁੱਖੀ ਦੇ ਹੱਕ 'ਚ ਚੋਣ ਪ੍ਰਚਾਰ ਕਰਦਿਆਂ ਕੀਤਾ। ਹਲਕਾ ਆਦਮਪੁਰ ਦੇ ਪਿੰਡ ਮਾਣਕਰਾਏ ਅਤੇ ਹੋਰ ਵੱਖ ਵੱਖ ਪਿੰਡਾਂ 'ਚ ਚੋਣ ਪ੍ਰਚਾਰ ਕੀਤਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਇਕ ਸਾਲ ਦੇ ਕਾਰਜਕਾਲ ਦੌਰਾਨ ਹੀ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਮੁੱਕਰ ਕੇ ਲੋਕਾਂ 'ਚ ਆਪਣਾ ਰੁਤਬਾ ਗੁਆ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਸ ਲੋਕ ਸਭਾ ਚੋਣ ਵਿਚ ਜਲੰਧਰ ਦੇ ਲੋਕ ਆਮ ਆਦਮੀ ਪਾਰਟੀ, ਕਾਂਗਰਸ ਤੇ ਭਾਜਪਾ ਨੂੰ ਸਬਕ ਸਿਖਾਉਣ ਲਈ ਚੋਣਾਂ ਦੇ ਦਿਨ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ।

## ਮਾਨ ਹੀ ਪੰਜਾਬ ਦੀ ਰਾਖੀ ਕਰ ਸਕਦੇ : ਨਿੱਝਰ

**ਮਹਿਤਪੁਰ (ਰਾਜਾ)**-ਜਲੰਧਰ ਲੋਕ ਸਭਾ ਜ਼ਿਮਨੀ ਚੋਣ ਦੇ ਸੰਬੰਧ 'ਚ ਬਲਜੀਤ ਸਿੰਘ ਨਿੱਝਰ ਤੇ ਬਖਤੌਰ ਸਿੰਘ ਨਿੱਝਰ ਨੇ ਸਾਂਝੇ ਬਿਆਨ 'ਚ ਕਿਹਾ ਕਿ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਹੀ ਪੰਜਾਬ ਦੇ ਲੋਕਾਂ ਦੀ ਰਾਖੀ ਕਰ ਸਕਦੀ ਹੈ। ਕਿਉਂਕਿ ਹੁਣ ਸਾਰੀਆਂ ਪਾਰਟੀਆਂ ਨੂੰ ਮੌਕਾ ਮਿਲ ਚੁੱਕਾ ਹੈ। ਕੋਈ ਵੀ ਪਾਰਟੀ ਪੰਜਾਬ ਦੇ ਭਲੇ ਲਈ ਕੰਮ ਨਹੀਂ ਕਰ ਸਕੀ। ਉਨ੍ਹਾਂ ਸਿਮਰਨਜੀਤ ਸਿੰਘ ਮਾਨ ਨੂੰ ਸਮਰਥਨ ਕਰਦੇ ਕਿਹਾ ਕਿ ਸਾਡਾ ਪਰਵਾਰ ਕਾਫੀ ਲੰਬੇ ਸਮੇਂ ਤੋਂ ਸਿਮਰਨਜੀਤ ਸਿੰਘ ਮਾਨ ਨਾਲ ਜੁੜਿਆ ਹੋਇਆ ਹੈ। ਕਿਉਂਕਿ ਉਹ ਗਰੀਬਾਂ ਤੇ ਕਿਸਾਨਾਂ ਦੇ ਹੱਕਾਂ ਲਈ ਹਮੇਸ਼ਾਂ ਅਵਾਜ਼ ਬੁਲੰਦ ਕਰਦੇ ਰਹਿੰਦੇ ਹਨ। ਇਸ ਲਈ ਇਸ ਵਾਰ ਲੋਕਾਂ ਨੂੰ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਨੂੰ ਵੋਟ ਪਾ ਕੇ ਕਾਮਯਾਬ ਕਰਨਾ ਚਾਹੀਦਾ ਹੈ। ਤਾਂ ਜੋ ਆਉਣ ਵਾਲੇ ਸਮੇਂ 'ਚ ਪੰਜਾਬ ਦਾ ਭਲਾ ਹੋ ਸਕੇ।

## ਐੱਲ ਪੀ ਯੂ ਵੱਲੋਂ ਕੈਂਪਸ 'ਚ ਟਰਾਂਸ-ਪਰਸਨਜ਼ ਦੇ ਪਹਿਲੇ ਰਾਸ਼ਟਰੀ ਕ੍ਰਿਕਟ ਟੂਰਨਾਮੈਂਟ



**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਕੈਂਪਸ ਤੇ ਸਥਿਤ ਆਪਣੇ ਕ੍ਰਿਕਟ ਸਟੇਡੀਅਮ ਵਿੱਚ ਛੇ ਦਿਨਾਂ ਦੇ ਟਰਾਂਸ-ਪਰਸਨਜ਼ ਦੇ ਪਹਿਲੇ ਰਾਸ਼ਟਰੀ ਕ੍ਰਿਕਟ ਟੂਰਨਾਮੈਂਟ ਦਾ ਆਯੋਜਨ ਕਰ ਰਹੀ ਹੈ। ਇਸ ਦੇ ਲਈ, ਦੇਸ਼ ਦੇ ਛੇ ਰਾਜਾਂ ਦੇ 100 ਤੋਂ ਵੱਧ ਕ੍ਰਿਕਟਰ ਆਪਣੀ ਕ੍ਰਿਕੇਟਿੰਗ ਹੁਨਰ ਨੂੰ ਹੋਰਾਂ ਸਮਾਨ ਪ੍ਰਗਟ ਕਰਨ ਲਈ ਹਿੱਸਾ ਲੈ ਰਹੇ ਹਨ। ਭਾਗ ਲੈਣ ਵਾਲੇ ਰਾਜ ਪੱਛਮੀ ਬੰਗਾਲ, ਕੇਰਲ, ਉੱਤਰ ਪ੍ਰਦੇਸ਼, ਦਿੱਲੀ, ਪੰਜਾਬ ਅਤੇ ਹਰਿਆਣਾ ਹਨ । ਐਲ.ਪੀ.ਯੂ ਦੀ ਪ੍ਰੋ ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ ਨੇ ਟੂਰਨਾਮੈਂਟ ਦਾ ਉਦਘਾਟਨ ਕੀਤਾ । ਜਿੱਥੇ ਟਰਾਂਸਜੈਂਡਰ ਅਧਿਕਾਰ ਕਾਰਕੁਨ ਅਤੇ ਬਾਲੀਵੁੱਡ ਅਦਾਕਾਰਾ, ਲਕਸ਼ਮੀ ਨਰਾਇਣ ਤ੍ਰਿਪਾਠੀ ਅਤੇ ਏਸ਼ੀਆ ਦੇ ਪਹਿਲੇ ਟ੍ਰਾਂਸ-ਬਾਡੀ ਬਿਲਡਰ ਆਰੀਅਨ ਪਾਸ਼ਾ ਉਨ੍ਹਾਂ ਦੇ ਨਾਲ ਸਨ। ਖੇਡਾਂ ਦਾ ਝੰਡਾ ਲਹਿਰਾਉਂਦੇ ਹੋਏ, ਸ਼੍ਰੀਮਤੀ ਮਿੱਤਲ ਨੇ ਸਮਾਜ ਦੇ ਬੇਮਿਸਾਲ ਵਰਗ ਲਈ ਅੰਤਰਰਾਸ਼ਟਰੀ ਪੱਧਰ ਤੇ ਇੱਕ ਨੇਕ ਕਾਰਜ ਦੀ ਅਗਵਾਈ ਕਰਨ ਲਈ ਐਲਪੀਯੂ ਦੀ ਪ੍ਰਬੰਧਕੀ ਟੀਮ ਨੂੰ ਵਧਾਈ ਦਿੱਤੀ। ਇੰਨਾਂ ਮੈਚਾਂ ਦੇ ਦੌਰਾਨ ਦਿੱਲੀ ਅਤੇ ਪੱਛਮੀ ਬੰਗਾਲ ਦੇ ਵਿਚਕਾਰ ਹੋਏ ਮੈਚ ਵਿੱਚ, ਦਿੱਲੀ ਨੇ ਪੱਛਮੀ ਬੰਗਾਲ ਨੂੰ 20-20 ਓਵਰਾਂ ਦੇ ਪੈਟਰਨ ਦੇ ਸਿਰਫ 5.4 ਓਵਰਾਂ ਵਿੱਚ ਹੀ ਹਰਾਇਆ। ਨਿਵੇਦਿਤਾ ਘੋਸ਼ (ਵਿਕਟ-ਕੀਪਰ) ਅਤੇ ਦਿੱਲੀ ਦੇ ਕਪਤਾਨ ਨਕਸ਼ਤਰ ਰਾਜਪੂਤ ਨੇ ਵਿਅਕਤੀਗਤ ਅਤੇ ਕ੍ਰਮਵਾਰ 17 ਅਤੇ 37 ਦੌੜਾਂ ਬਣਾਈਆਂ। ਪੱਛਮੀ ਬੰਗਾਲ ਲਈ ਸੰਚਯਨ ਮਜੂਮਦਾਰ 34 ਸਕੋਰ ਬਣਾ ਸਕੇ।

## 37ਵਾਂ ਫੁੱਟਬਾਲ ਟੂਰਨਾਮੈਂਟ 18 ਤੋਂ



**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)** ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿ ਕੇ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਪਿਛਲੇ ਲਬੇ ਸਮੇਂ ਤੋਂ ਟੂਰਨਾਮੈਂਟ ਦੀ ਲੜੀ ਤਹਿਤ ਧੰਨ ਧੰਨ ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲਿਆ ਦੀ ਯਾਦ 'ਚ ਪਿੰਡ ਨੌਸ਼ਹਿਰਾ ਮੱਝਾ ਸਿੰਘ ਵਿਖੇ ਐਨ. ਆਰ. ਆਈ () ਵੀਰਾ ਦੇ ਸਹਿਯੋਗ ਨਾਲ 37 ਵਾਂ ਚਾਰ ਦਿਨਾਂ ਫੁੱਟਬਾਲ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ।ਟੀਮ ਮੈਂਬਰਾਂ ਨੇ ਦੱਸਿਆ ਕਿ ਟੂਰਨਾਮੈਂਟ 18 ਮਈ ਤੋਂ 21 ਮਈ ਤਕ ਹੋਵੇਗਾ ਅਤੇ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀ ਟੀਮ ਇਕ ਪੰਚਾਇਤ ਦੀ ਹੋਣੀ ਚਾਹੀਦੀ ਹੈ ਅਤੇ ਟੀਮ ਪੂਰੀ ਕਿਟ ਵਿੱਚ ਹੋਣੀ ਲਾਜਮੀ ਹੈ ੳਬਜੈਕਸਬ ਫੀਸ 500 ਰੁਪਏ ਹੋਵੇਗੀ। ਓਹਨਾਂ ਨੇ ਦੱਸਿਆ ਕਿ ਮੈਚ ਵਿੱਚ ਜੇਤੂ ਪਹਿਲੇ ਨੰਬਰ ਦੀ ਟੀਮ ਨੂੰ 31000 ਰੁਪਏ ਤੇ ਦੂਸਰੇ ਨੰਬਰ ਦੀ ਟੀਮ ਨੂੰ 25000 ਰੁਪਏ ਇਨਾਮ ਦਿੱਤਾ ਜਾਵੇਗਾ।ਟੂਰਨਾਮੈਂਟ ਵਿੱਚ ਹਿਸਾ ਲੈਣ ਲਈ ਟੀਮ ਨੂੰ ਦੋ ਦਿਨ ਪਹਿਲਾਂ ਕਲੱਬ ਨਾਲ ਸਪੰਰਕ ਕਰਨਾ ਹੋਵੇਗਾ। ਇਸ ਮੌਕੇ ਚਰਨਦੀਪ ਸਿੰਘ, ਜਗਜੀਤ ਸਿੰਘ , ਗੁਰਪ੍ਰੀਤ ਸਿੰਘ ਮੱਲ੍ਹੀ ( ਕੋਚ), ਉਂਕਾਰ ਬਾਜਵਾ, ਸਿਮਰਨਜੀਤ ਸਿੰਘ, ਸੁਰਖਾਬ ਸਿੰਘ, ਪਵਨਪ੍ਰੀਤ ਸਿੰਘ, ਅਰਸਦੀਪ ਸਿੰਘ, ਪਲਵਿੰਦਰ ਬਾਜਵਾ, ਹੀਰਾ ਸਿੰਘ, ਕਵਲਦੀਪ ਸਿੰਘ, ਗੋਲੂ, ਜੀਤਾ ਆਦਿ ਖਿਡਾਰੀ ਮੌਜੂਦ ਸਨ।

## ਅੱਠਵੀਂ 'ਚੋਂ ਜ਼ਿਲ੍ਹੇ 'ਚ ਪਹਿਲੇ ਨੰਬਰ 'ਤੇ ਆਈ ਲੜਕੀ ਦਾ ਸਨਮਾਨ




**ਬਹਿਰਾਮ (ਅਵਤਾਰ ਕਲੇਰ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਦੇ ਨਤੀਜੇ ਵਿੱਚ ਜਿਲ੍ਹੇ ਵਿੱਚੋਂ ਪਹਿਲੇ ਨੰਬਰ 'ਤੇ ਆਈ ਲੜਕੀ ਨੂੰ ਜਿਲ੍ਹਾ ਸਿੱਖਿਆ ਅਫਸਰ ਜਰਨੈਲ ਸਿੰਘ ਵੱਲੋਂ ਸਨਮਾਨਤ ਕੀਤਾ ਗਿਆ। ਬਾਬਾ ਗੋਲਾ ਸਕੂਲ ਕੰਪਲੈਕਸ 'ਚ ਕਰਵਾਏ ਗਏ ਸਾਦੇ ਸਮਾਗਮ ਵਿੱਚ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਵਲੋਂ ਆਇਆ ਕਿਹਾ ਗਿਆ। ਇਸ ਮੌਕੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਜਿਲ੍ਹਾ ਸਿੱਖਿਆ ਅਫਸਰ ਸਹੀਦ ਭਗਤ ਸਿੰਘ ਨਗਰ ਜਰਨੈਲ ਸਿੰਘ ਨੇ ਕਿਹਾ ਕਿ ਬਬੀਤਾ ਲੜਕੀ ਨੇ ਪੰਜਾਬ ਦੀ ਅੱਠਵੀਂ ਜਮਾਤ ਦੀ ਮੈਰਿਟ ਵਿੱਚੋਂ 19ਵਾਂ ਸਥਾਨ ਪ੍ਰਾਪਤ ਕਰਕੇ ਜਿਲ੍ਹੇ ਦਾ ਨਾਂਅ ਚਮਕਾਇਆ ਹੈ ਜੋ ਕਿ ਜਿਲ੍ਹੇ ਲਈ ਮਾਣ ਵਾਲੀ ਗੱਲ ਹੈ। ਅੰਤ ਵਿੱਚ ਸਕੂਲ ਇੰਚਾਰਜ ਮੈਡਮ ਜਸਵਿੰਦਰ ਕੌਰ ਵਲੋਂ ਆਏ ਹੋਏ ਮਹਿਮਾਨਾ ਦਾ ਧੰਨਵਾਦ ਕੀਤਾ ਗਿਆ। ਸਟੇਜ ਦੀ ਕਾਰਵਾਈ ਲੈਕ ਨਵਨੀਤ ਕੌਰ ਵਲੋਂ ਬਾਖੂਬੀ ਨਿਭਾਈ ਗਈ । ਇਸ ਮੌਕੇ ਜਿਲ੍ਹਾ ਸਿੱਖਿਆ ਅਫਸਰ ਜਰਨੈਲ ਸਿੰਘ, ਉਪ ਜਿਲ੍ਹਾ ਸਿੱਖਿਆ ਅਫਸਰ ਰਜੇਸ ਕੁਮਾਰ, ਜਿਲ੍ਹਾ ਸਾਇੰਸ ਸੁਪਰਵਾਈਜਰ ਸਤਨਾਮ ਸਿੰਘ, ਜਿਲ੍ਹਾ ਖੇਡ ਕੋਆਰਡੀਨੇਟਰ ਦਵਿੰਦਰ ਕੌਰ, ਪ੍ਰਿੰਸੀਪਲ ਰਜਨੀਸ਼ ਕੁਮਾਰ, ਪ੍ਰਿੰਸੀਪਲ ਰਣਜੀਤ ਕੌਰ, ਜੋਤੀ ਗੁਲਾਟੀ, ਪਰਾਤਿਵਾ ਸੁਭਰਾ, ਰੈਨੂੰ, ਗੁਰਪ੍ਰੀਤ,ਦਲਜੀਤ, ਬਲਜੀਤ,ਸੰਜੀਵ, ਕਿਰਨਜੀਤ ਕੌਰ, ਪਰਦੀਪ ਕੁਮਾਰ, ਰਾਜਾ ਮਨਚੰਦਾ, ਪਰਦੀਪ ਸਿੰਘ, ਰਮੇਸ਼ ਕੁਮਾਰ ਪੀ ਟੀ ਆਈ ਭੂਤਾਂ ਆਦਿ ਹਾਜ਼ਰ ਸਨ।

## ਫਿਰਕੂ ਤੇ ਕਾਰਪੋਰੇਟ ਗੱਠਜੋੜ ਨੂੰ ਸੱਤਾ ਤੋਂ ਲਾਂਭੇ ਕਰਨਾ ਹੈ : ਸੇਖੋਂ



**ਸ਼ਾਹਕੋਟ (ਗਿਆਨ ਸੈਦਪੁਰੀ)**- ਸੀ. ਪੀ. ਆਈ (ਐਮ) ਦੀ ਕੇਂਦਰੀ ਕਮੇਟੀ ਦੇ ਉਸ ਫੈਸਲੇ, ਜਿਸ ਅਨੁਸਾਰ ਕੇਂਦਰੀ ਸਰਕਾਰ 'ਤੇ ਕਾਬਜ ਫਿਰਕੂ ਅਤੇ ਕਾਰਪੋਰੇਟ ਗੱਠਜੋੜ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਜਮਹੂਰੀ ਅਤੇ ਸੈਕੂਲਰ ਤਾਕਤਾਂ ਦੀ ਏਕਤਾ ਲਈ ਅੱਗੇ ਵੱਧਣਾ ਹੈ, ਦੀ ਰੌਸ਼ਨੀ ਵਿੱਚ ਸੀ. ਪੀ. ਐਮ. ਨੇ ਜਲੰਧਰ ਦੀ ਜ਼ਿਮਨੀ ਚੋਣ ਵਿੱਚ ਕਾਂਗਰਸੀ ਉਮੀਦਵਾਰ ਨੂੰ ਵੋਟਾਂ ਪਾਉਣ ਦਾ ਫੈਸਲਾ ਕੀਤਾ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸੀ. ਪੀ. ਆਈ(ਐਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕੀਤਾ। ਉਹ ਇੱਥੇ ਪਾਰਟੀ ਦੀ ਜਨਰਲ ਬਾਡੀ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਕਾਮਰੇਡ ਸੇਖੋਂ ਨੇ ਕਿਹਾ ਕਿ ਜਿਸ ਤਰਾਂ ਕੇਂਦਰ ਵਿੱਚ ਭਾਜਪਾ ਝੂਠ ਦੇ ਸਹਾਰੇ ਸੱਤਾ ਵਿੱਚ ਆਈ ਸੀ, ਇਸੇ ਤਰਾਂ ਲੋਕਾਂ ਨੂੰ ਸਬਜ-ਬਾਗ ਦਿਖਾ ਕੇ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਸੱਤਾ ਕਾਇਮ ਕੀਤੀ ਹੈ। ਪੰਜਾਬ ਵਿੱਚ ਨਸ਼ਿਆਂ ਦਾ ਨਾਜਾਇਜ ਧੰਦਾ, ਨਾਜਾਇਜ ਮਾਈਨਿੰਗ ਅਤੇ ਹਰ ਤਰ੍ਹਾਂ ਦਾ ਭ੍ਰਿਸ਼ਟਾਚਾਰ ਜੋਰਾਂ 'ਤੇ ਹੈ। ਕੰਮਾਂਕਾਰਾਂ ਦੇ ਸਬੰਧ ਵਿੱਚ ਲੋਕਾਂ ਦੀ ਖੱਜਲ ਖੁਆਰੀ ਪਹਿਲਾਂ ਤੋਂ ਵੀ ਵੱਧ ਗਈ ਹੈ। ਲੁੱਟ- ਖੋਹ ਅਤੇ ਕਤਲਾਂ ਦਾ ਸਿਲਸਿਲਾ ਜਾਰੀ ਹੈ। ਕਮਿਊਨਿਸਟ ਆਗੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਆਪਣੇ ਉਮੀਦਵਾਰ ਕਾਂਗਰਸ ਪਾਰਟੀ ਵਿੱਚੋਂ ਲਿਆ ਕੇ ਖੜਾ ਕੀਤਾ ਤੇ ਭਾਜਪਾ ਨੇ ਅਕਾਲੀ ਦਲ ਵਿੱਚੋਂ। ਜਿਨ੍ਹਾਂ ਪਾਰਟੀਆਂ ਨੂੰ ਆਪਣਾ ਉਮੀਦਵਾਰ ਹੀ ਨਹੀਂ ਲੱਭ ਸਕਿਆ, ਉਨ੍ਹਾਂ ਦੀ ਸਿਆਸੀ ਭਰੋਸੇਯੋਗਤਾ ਦੀ ਜਾਮਨੀ ਕੀ ਹੋਵੇਗੀ? ਅਜਿਹੀ ਹਾਲਤ ਵਿੱਚ ਪਾਰਟੀ ਦੇ ਹਰ ਵਰਕਰ ਦਾ ਫਰਜ ਬਣਦਾ ਹੈ ਕਿ ਉਹ ਕਾਂਗਰਸੀ ਉਮੀਦਵਾਰ ਨੂੰ ਜਿਤਾਉਣ ਲਈ ਤਨਦੇਹੀ ਨਾਲ ਕੰਮ ਕਰੇ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਪਾਰਟੀ ਚੋਣ ਮੁਹਿੰਮ ਆਪਣੇ ਪੱਧਰ 'ਤੇ ਹੀ ਚਲਾਵੇਗੀ। ਇਸ ਮੌਕੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਕਾਮਰੇਡ ਸੁਖਪ੍ਰੀਤ ਸਿੰਘ ਜੌਹਲ, ਤਹਿਸੀਲ ਸਕੱਤਰ ਕਾਮਰੇਡ ਵਰਿੰਦਰਪਾਲ ਸਿੰਘ ਕਾਲਾ, ਕਿਸਾਨ ਆਗੂ ਕਾਮਰੇਡ ਕੇਵਲ ਸਿੰਘ ਦਾਨੇਵਾਲ ਅਤੇ ਪਾਰਟੀ ਆਗੂ ਕਾਮਰੇਡ ਪ੍ਰਕਾਸ ਕਲੇਰ ਨੇ ਵੀ ਵਿਚਾਰ ਪੇਸ਼ ਕੀਤੇ। ਮੀਟਿੰਗ ਵਿੱਚ ਹੋਰਨਾਂ ਤੋ ਇਲਾਵਾ ਕਾਮਰੇਡ ਨਰਿੰਦਰ ਸਿੰਘ ਜੌਹਲ, ਕਾਮਰੇਡ ਸੁਰਿੰਦਰ ਸਿੰਘ ਗਿੱਲ ਸੈਦਪੁਰ, ਕਾਮਰੇਡ ਗੁਰਸੇਵਕ ਸੇਠ, ਮੱਖਣ ਸਿੰਘ, ਦਮਨ ਦਾਨੇਵਾਲ, ਹਰਪ੍ਰੀਤ ਹੈਪੀ, ਸੁਖਵਿੰਦਰ ਸਿੰਘ ਕਾਕੜ ਕਲਾਂ ਅਤੇ ਕਾਮਰੇਡ ਸੰਤੋਖ ਸਿੰਘ ਆਦਿ ਹਾਜਰ ਸਨ।

## ਸਮਾਰਟ ਸਿਟੀ ਘੁਟਾਲੇ ਦੇ ਦੋਸ਼ੀਆਂ ਦਾ ਪਰਦਾ ਫਾਸ਼ ਕਰਦੇ ਰਹਾਂਗੇ : ਅਟਵਾਲ

**ਜਲੰਧਰ (ਇਕਬਾਲ ਸਿੰਘ ਉਭੀ )**: ਜਲੰਧਰ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੇ ਭਾਜਪਾ ਦੇ ਮੰਡਲ ਨੰਬਰ 3 ਦੇ ਵਿਕਾਸਪੁਰੀ ਖੇਤਰ ਵਿੱਚ ਜਨ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਜਲੰਧਰ ਨੂੰ ਸਮਾਰਟ ਸਿਟੀ ਬਣਾਉਣ ਲਈ ਕਰੀਬ 900 ਕਰੋੜ ਰੁਪਏ ਤੋਂ ਵੀ ਵਧ ਜਾਰੀ ਕੀਤੇ ਹਨ, ਪਰ ਮੌਕੇ ਦੀਆਂ ਸਰਕਾਰਾਂ ਨੇ ਫੰਡਾਂ ਨੂੰ ਖੁਰਦ ਪੁਰਦ ਕੀਤਾ ਗਿਆ ਹੈ, ਉਸ ਦੇ ਇਕ-ਇਕ ਪੈਸੇ ਦਾ ਹਿਸਾਬ ਲਿਆ ਜਾਵੇਗਾ। ਦੋਸੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਅਟਵਾਲ ਨੇ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਕੀਮਤ 'ਤੇ ਬਰਦਾਸਤ ਨਹੀਂ ਕੀਤਾ ਜਾਵੇਗਾ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭ੍ਰਿਸ਼ਟਾਚਾਰ ਪ੍ਰਤੀ ਜੀਰੋ ਟਾਲਰੈਂਸ ਦੀ ਨੀਤੀ ਚੰਗੀ ਤਰ੍ਹਾਂ ਜਾਣੀ ਜਾਂਦੀ ਹੈ। ਅਜਿਹੇ 'ਚ ਸਮਾਰਟ ਸਿਟੀ ਦੇ 900 ਕਰੋੜ ਤੋਂ ਵਧ ਰੁਪਏ ਸਮਾਰਟ ਸਿਟੀ 'ਤੇ ਹੀ ਖਰਚ ਕੀਤੇ ਜਾਣੇ ਹਨ,ਜਲੰਧਰ ਦੇ ਵਿਕਾਸ ਲਈ ਭਾਜਪਾ ਦੇ ਸੰਸਦ ਮੈਂਬਰ ਬਣਾਉਣਾ ਪੈਵੇਗਾ।

ਇਸ ਮੌਕੇ ਸਾਬਕਾ ਮੁੱਖ ਸੰਸਦੀ ਸਕੱਤਰ ਕੇ.ਡੀ ਭੰਡਾਰੀ ਨੇ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਅਤੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਹਿਰਾਂ ਅਤੇ ਪੰਜਾਬ ਦਾ ਵਿਕਾਸ ਕਰਨ ਦੀ ਬਜਾਏ ਵਿਨਾਸ ਹੀ ਕੀਤਾ ਹੈ। ਸਿਰਫ ਵਿਕਾਸ ਦੀਆਂ ਗੱਲਾਂ ਕੀਤੀਆਂ ਗਈਆਂ ਹਨ। ਅੱਜ ਹਰ ਸ਼ਹਿਰ, ਹਰ ਵਿਧਾਨ ਸਭਾ ਹਲਕੇ ਦਾ ਬੁਰਾ ਹਾਲ ਹੈ। ਇਸ ਲਈ ਲੋਕਾਂ ਦੀਆਂ ਉਮੀਦਾਂ ਹੁਣ ਭਾਜਪਾ ਤੋਂ ਹੀ ਹਨ। ਕੇਡੀ ਭੰਡਾਰੀ ਨੇ ਕਿਹਾ ਕਿ ਦੇਸ ਵਿੱਚ ਜਿੱਥੇ ਵੀ ਭਾਜਪਾ ਦੀ ਸਰਕਾਰ ਹੈ, ਉੱਥੇ ਵਿਕਾਸ ਹੋ ਰਿਹਾ ਹੈ ਅਤੇ ਗੈਰ-ਭਾਜਪਾ ਸਾਸਿਤ ਸੂਬੇ ਲਗਾਤਾਰ ਪਛੜ ਰਹੇ ਹਨ। ਇਸ ਲਈ ਭਾਜਪਾ ਦੀ ਸਰਕਾਰ ਬਣਾਉਣ ਦਾ ਸਮਾਂ ਆ ਗਿਆ ਹੈ ਤਾਂ ਜੋ ਪੰਜਾਬ ਦਾ ਵਿਕਾਸ ਹੋ ਸਕੇ। ਇਸ ਮੌਕੇ ਵਰਕਰਾਂ ਨੇ ਭਾਜਪਾ ਉਮੀਦਵਾਰ ਨੂੰ ਜਿਤਾਉਣ ਦਾ ਪ੍ਰਣ ਲਿਆ।



## 7 ਦੇ ਝੰਡਾ ਮਾਰਚ 'ਚ ਕੀਤੀ ਜਾਵੇਗੀ ਭਰਵੀਂ ਸ਼ਮੂਲੀਅਤ : ਰਾਣਾ



**ਚੰਡੀਗੜ੍ਹ, ( ਗੁਰਜੀਤ ਬਿੱਲਾ)** ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ.ਸ.ਸ.ਫ਼.) ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ ਅਤੇ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਨੇ ਇੱਕ ਸਾਂਝੇ ਪ੍ਰੈਸ ਬਿਆਨ ਰਾਹੀਂ ਦੱਸਿਆ ਹੈ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵਿਰੁੱਧ ਬਾਕੀ ਕਿਰਤੀ ਵਰਗ ਵਾਂਗ ਸੂਬੇ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਅੰਦਰ ਵੀ ਭਾਰੀ ਰੋਸ ਹੈ, ਜਿਸਦਾ ਸਬੂਤ ਮਿਤੀ 23 ਅਤੇ 30 ਅਪ੍ਰੈਲ ਨੂੰ ਆਦਮਪੁਰ ਅਤੇ ਨਕੋਦਰ ਹਲਕਿਆਂ ਅੰਦਰ ਪੰਜਾਬ-ਯੂ.ਟੀ. ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਕੀਤੇ ਝੰਡਾ ਮਾਰਚਾਂ ਦੌਰਾਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਲੋਂ ਕੀਤੀ ਗਈ ਭਰਵੀਂ ਸ਼ਮੂਲੀਅਤ ਹੈ। ਪ.ਸ.ਸ.ਫ. ਦੇ ਸੂਬਾ ਪ੍ਰੈਸ ਸਕੱਤਰ ਇੰਦਰਜੀਤ ਵਿਰਦੀ ਨੇ ਦੱਸਿਆ ਕਿ ਜੱਥੇਬੰਦੀ ਵਲੋਂ ਪਿਛਲੇ ਐਕਸ਼ਨਾਂ ਦਾ ਰਿਵਿਊ ਅਤੇ ਅਗਲੇ ਸੰਘਰਸ਼ ਦੀ ਤਿਆਰੀ ਕਰਨ ਲਈ ਗੂਗਲ ਮੀਟ ਤੇ ਇੱਕ ਵਰਚੁਅਲ ਸੂਬਾ ਪੱਧਰੀ ਮੀਟਿੰਗ ਕੀਤੀ ਗਈ ਅਤੇ ਅਗਲੇ ਸੰਘਰਸ਼ ਸਬੰਧੀ ਪ੍ਰੋਗਰਾਮ ਉਲੀਕਦਿਆਂ ਮਿਤੀ 7 ਮਈ ਨੂੰ ਜਲੰਧਰ ਸ਼ਹਿਰ ਅੰਦਰ ਕੀਤੇ ਜਾਣ ਵਾਲੇ ਝੰਡਾ ਮਾਰਚ ਸਬੰਧੀ ਸਾਰੇ ਹੀ ਜ਼ਿਲਿਆਂ ਵਿੱਚੋਂ ਮੁਲਾਜ਼ਮਾਂ ਦੀ ਸ਼ਮੂਲੀਅਤ ਕਰਵਾਉਣ ਲਈ ਕੋਟੇ ਲਗਾਏ ਗਏ। ਮੀਟਿੰਗ ਵਿੱਚ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਸਬੰਧੀ ਵੀ ਚਰਚਾ ਕੀਤੀ ਗਈ ਅਤੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਸਾਂਝੇ ਫਰੰਟ ਨੂੰ ਮੀਟਿੰਗ ਦਾ ਸਮਾਂ ਦੇ ਕੇ ਫਿਰ ਮੀਟਿੰਗ ਨਾ ਕਰਨ 'ਤੇ ਵੀ ਰੋਸ ਦਾ ਪ੍ਰਗਟਾਵਾ ਕੀਤਾ ਗਿਆ। ਮੰਗ ਕੀਤੀ ਗਈ ਕਿ ਹਰ ਪ੍ਰਕਾਰ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ, ਮਿਡ ਡੇ ਮੀਲ, ਆਸ਼ਾ, ਆਗਣਵਾੜੀ ਵਰਕਰਾਂ ਦੀਆਂ ਉਜਰਤਾਂ ਵਿੱਚ ਵਾਧਾ ਕੀਤਾ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਜਜ਼ੀਆ ਟੈਕਸ ਕੱਟਣਾ ਬੰਦ ਕੀਤਾ ਜਾਵੇ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਅਤੇ ਬਕਾਏ ਦੀ ਅਦਾਇਗੀ ਤੁਰੰਤ ਕੀਤੀ ਜਾਵੇ, ਵਿਭਾਗਾਂ ਦੇ ਨਵੀਨੀਕਰਣ ਦੇ ਨਾਂਅ ਹੇਠ ਪੋਸਟਾਂ ਨੂੰ ਖਤਮ ਕਰਨਾ ਬੰਦ ਕੀਤਾ ਜਾਵੇ। ਮੀਟਿੰਗ ਦੇ ਅੰਤ ਵਿੱਚ ਸੂਬਾ ਪ੍ਰਧਾਨ ਵਲੋਂ 7 ਮਈ ਦੇ ਜਲੰਧਰ ਝੰਡਾ ਮਾਰਚ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਮੀਟਿੰਗ ਵਿੱਚ ਉਪਰੋਕਤ ਆਗੂਆਂ ਤੋਂ ਇਲਾਵਾ ਗੁਰਵਿੰਦਰ ਸਿੰਘ, ਸੁਖਵਿੰਦਰ ਚਾਹਲ, ਕੁਲਦੀਪ ਦੌੜਕਾ, ਕਰਮਜੀਤ ਬੀਹਲਾ, ਮਨੋਹਰ ਲਾਲ ਸ਼ਰਮਾ, ਕਿਸ਼ੋਰ ਚੰਦ ਗਾਜ, ਨਿਰਮੋਲਕ ਸਿੰਘ, ਪ੍ਰਿੰ. ਅਮਨਦੀਪ ਸ਼ਰਮ, ਲਖਵਿੰਦਰ ਸਿੰਘ, ਜਸਵਿੰਦਰਪਾਲ ਕਾਂਗੜ, ਗੁਰਦੀਸ਼ ਸਿੰਘ, ਕੁਲਦੀਪ ਪੂਰੇਵਾਲ, ਬਲਵਿੰਦਰ ਭੁੱਟੋ, ਜਤਿੰਦਰ ਕੁਮਾਰ, ਪੂਰਨ ਸਿੰਘ ਸੰਧੂ, ਕੁਲਦੀਪ ਵਾਲੀਆ ਆਦਿ ਆਗੂ ਵੀ ਹਾਜਰ ਸਨ।

## ਦਿੱਲੀ ਫਤਿਹ ਮਾਰਚ ਦਾ ਥਾਂ-ਥਾਂ 'ਤੇ ਫੁੱਲਾਂ ਦੀ ਵਰਖਾ ਨਾਲ ਸ਼ਾਨਦਾਰ ਸੁਆਗਤ

**ਜਲੰਧਰ ( ਇਕਬਾਲ ਸਿੰਘ ਉੱਭੀ )** ਸਿੱਖ ਕੌਮ ਦੇ 18ਵੀਂ ਸਦੀ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਦਿੱਲੀ ਤੋਂ ਆਰੰਭ ਹੋਏ ਦਿੱਲੀ ਫ਼ਤਿਹ ਮਾਰਚ ਦਾ ਜਲੰਧਰ ਪਹੁੰਚਣ 'ਤੇ ਵੱਖ-ਵੱਖ ਗੁਰਦੁਆਰਾ ਦੇ ਪ੍ਰਧਾਨਾਂ, ਸਿੱਖ ਸੁਸਾਇਟੀਆਂ ਅਤੇ ਸਿੰਘ ਸਭਾਵਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਐਸ.ਜੀ.ਪੀ.ਸੀ. ਮੈਂਬਰ ਕੁਲਵੰਤ ਸਿੰਘ ਮੰਨਣ ਦੀ ਅਗਵਾਈ ਵਿੱਚ ਗੁਰੂ ਤੇਗ ਬਹਾਦਰ ਨਗਰ ਗੁਰਦੁਆਰਾ ਸਾਹਿਬ ਤੋਂ ਚਾਲੇ ਪਾਉਣ ਉਪਰੰਤ ਇਹ ਖ਼ਾਲਸਾ ਮਾਰਚ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਚੌਕ , ਗੁਰਦੁਆਰਾ ਦੀਵਾਨ ਅਸਥਾਨ ਸੈਂਟਰਲ ਟਾਊਨ, ਗੁਰਦੁਆਰਾ ਤੇਗ ਬਹਾਦਰ ਸਾਹਿਬ ਸੈਂਟਰਲ ਟਾਊਨ ਪੁੱਜਾ। ਇਸ ਦੌਰਾਨ ਧਾਰਮਿਕ ਸੰਸਥਾਵਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ । ਇਸ ਉਪਰੰਤ ਖਾਲਸਾ ਮਾਰਚ ਜੱਸਾ ਸਿੰਘ ਰਾਮਗੜ੍ਹੀਆ ਚੌਂਕ ਨੇੜੇ ਤਹਿਸੀਲ ਕੰਪਲੈਕਸ ਲਾਡੋਵਾਲੀ ਵਿਖੇ ਪਹੁੰਚਣ 'ਤੇ ਪ੍ਰਧਾਨ ਅਮਰਜੀਤ ਸਿੰਘ ਕਿਸ਼ਨਪੁਰਾ, ਭਾਈ ਲਾਲੋ ਜੀ ਵੈਲਫ਼ੇਅਰ ਸੁਸਾਇਟੀ ਅਤੇ ਰਛਪਾਲ ਸਿੰਘ ਪਾਲ , ਰਜਿੰਦਰ ਸਿੰਘ ਰੀਹਲ, ਕੁਲਜੀਤ ਸਿੰਘ ਭ਼ੀਤਾ, ਗੁਰਜੀਤ ਸਿੰਘ ਰਾਣਾ , ਨਵਜੀਤ ਸਿੰਘ ਫੁੱਲ , ਜੋਗਿੰਦਰ ਜੋਗੀ , ਸਤਵਿੰਦਰ ਪੀਤਾ , ਸੋਹਨ ਸਿੰਘ ਭ਼ੀਤਾ , ਬਲਬੀਰ ਸਿੰਘ ਮਠਾੜੂ , ਰਵਿੰਦਰ ਪਾਲ ਸਵੀਟੀ, ਗਗਨਜੀਤ ਸਿੰਘ ਪਾਈਲਟ, ਤਜਿੰਦਰ ਸਿੰਘ ਉੱਭੀ , ਹਰਵਿੰਦਰ ਜੱਬਲ ਸਮੇਤ ਹੋਰ ਰਾਮਗੜ੍ਹੀਆ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਦਿੱਲੀ ਫਤਿਹ ਮਾਰਚ ਦਾ ਸਵਾਗਤ ਕੀਤਾ ਗਿਆ ਅਤੇ ਸੰਗਤ ਨੂੰ ਠੰਢੇ ਤੇ ਮਿੱਠੇ ਜਲ ਦਾ ਲੰਗਰ ਵਰਤਾਇਆ ਗਿਆ। ਡਾ. ਸੁਖਬੀਰ ਵਿਰਦੀ ਨੇ ਦੱਸਿਆ ਕਿ ਖਾਲਸਾ ਫ਼ਤਿਹ ਮਾਰਚ ਰਾਮਾ ਮੰਡੀ ਅਤੇ ਪੀ ਏ.ਪੀ. ਹੁੰਦਾ ਹੋਇਆ ਨਿਰਮਲ ਕੁਟੀਆ ਜੌਹਲਾਂ ਵਿਖੇ ਪਹੁੰਚਣ 'ਤੇ ਸੰਤ ਬਾਬਾ ਜੀਤ ਸਿੰਘ ਨਿਰਮਲ ਕੁਟੀਆ ਜੌਹਲਾਂ ਵਾਲਿਆਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਸਤਿਕਾਰ ਕੀਤਾ ਗਿਆ । ਇਸ ਖ਼ਾਲਸਾ ਫ਼ਤਹਿ ਮਾਰਚ ਦਾ ਪਿੰਡ ਆਦਮਪੁਰ , ਭੋਗਪੁਰ ਸਮੇਤ ਹੋਰ ਵੱਖ- ਵੱਖ ਥਾਵਾਂ ਤੇ ਰਾਮਗੜ੍ਹੀਆ ਸਿੰਘ ਸਭਾਵਾਂ ਵੱਲੋਂ ਭਰਵਾਂ ਸਵਾਗਤ ਕੀਤਾ। ਕਿਸ਼ਨਗੜ੍ਹ ਚੌਂਕ ਵਿੱਚ ਗੁਰਦੁਆਰਾ ਸਿੰਘ ਸਭਾ ਕਿਸ਼ਨਗੜ੍ਹ ਦੇ ਪ੍ਰਧਾਨ ਸਮੇਤ ਡਾ. ਗੁਰਬਖ਼ਸ਼ ਸਿੰਘ , ਰਛਪਾਲ ਸਿੰਘ ਫੁੱਲ , ਪਰਗਟ ਸਿੰਘ ਫੁੱਲ , ਪਰਮਜੀਤ ਸਿੰਘ , ਸੁਰਿੰਦਰ ਸਿੰਘ ਫੁੱਲ , ਸਤਵਿੰਦਰ ਸਿੰਘ ਸਮੇਤ ਹੋਰ ਰਾਮਗੜ੍ਹੀਆ ਪਰਵਾਰਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਫਤਿਹ ਮਾਰਚ ਦਾ ਸਵਾਗਤ ਕੀਤਾ ਅਤੇ ਠੰਢਾ ਜਲ ਛਕਾ ਕੇ ਸੇਵਾ ਕੀਤੀ । ਇਸ ਉਪਰੰਤ ਦਿੱਲੀ ਫਤਿਹ ਖਾਲਸਾ ਮਾਰਚ ਅੱਗੇ ਵਧਦਾ ਹੋਇਆ ਪਠਾਨਕੋਟ ਬਾਈਪਾਸ ਸਥਿਤ ਰਾਮਗੜ੍ਹੀਆ ਭਵਨ ਪਹੁੰਚਿਆ ਜਿਥੇ ਰਾਮਗੜ੍ਹੀਆ ਐਸੋਸੀਏਸ਼ਨ ਦੇ ਪ੍ਰਧਾਨ ਕਿਰਪਾਲ ਸਿੰਘ ਮਰਵਾਹਾ , ਸੈਕਟਰੀ ਜਸਵਿੰਦਰ ਸਿੰਘ ਨਾਗੀ , ਵਿਸ਼ਵਕਰਮਾ ਕਮੇਟੀ ਦੀ ਟੀਮ ਅਤੇ ਮੰਦਿਰ ਪ੍ਰਬੰਧਕ , ਰਾਜ ਕਿਰਨ ਸਿੰਘ ਮਰਵਾਹਾ , ਰਜਿੰਦਰ ਸਿੰਘ ਕਲਸੀ , ਕੁਲਬੀਰ ਸਿੰਘ ਮਰਵਾਹਾ , ਕੁਲਵੰਤ ਸਿੰਘ ਕਲਸੀ , ਪਰਮਜੀਤ ਸਿੰਘ ਵਿਲਖੂ , ਸਮੇਤ ਰਾਮਗੜ੍ਹੀਆਂ ਵੱਲੋਂ ਫੁੱਲਾਂ ਦੀ ਵਰਖਾ ਕਰਦਿਆਂ ਬੈਂਡ ਵਜਾ ਕੇ ਭਰਵਾਂ ਸਵਾਗਤ ਕੀਤਾ ਗਿਆ ਅਤੇ ਆਈ ਸੰਗਤ ਨੂੰ ਚਾਹ ਪਕੌੜਿਆ ਦਾ ਲੰਗਰ ਛਕਾਇਆ ਗਿਆ । ਇਸ ਮੌਕੇ ਬੀ ਸੀ ਸੈਲ ਦੇ ਪ੍ਰਧਾਨ ਹੀਰਾ ਸਿੰਘ ਗਾਬੜੀਆ , ਪ੍ਰਧਾਨ ਕ੍ਰਿਪਾਲ ਸਿੰਘ ਮਰਵਾਹਾ , ਕੁਲਵੰਤ ਸਿੰਘ ਮੰਨਣ ਅਤੇ ਭੁਪਿੰਦਰ ਸਿੰਘ ਉੱਭੀ ਵੱਲੋਂ ਪੰਜ ਪਿਆਰਿਆਂ ਸਮੇਤ ਸਿੰਘ ਸਾਹਿਬਾਨ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਉਪਰੰਤ ਦਿੱਲੀ ਫਤਿਹ ਮਾਰਚ ਨੇ ਕਰਤਾਰਪੁਰ ਰਾਹੀਂ ਸੁਲਤਾਨਪੁਰ ਲੋਧੀ ਪਹੁੰਚਣ ਲਈ ਚਾਲੇ ਪਾਏ।

